@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

Sunday, 25 February 2024

VISIT:
www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਐਤਵਾਰ 25 ਫਰਵਰੀ 2024, 10 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 86, qpatrika@gmail.com ਫੋਨ : 9971359517 www.qaumipatrika.org

## ਦਿਗਵਿਜੇ ਸਿੰਘ ਨੇ ਔਰਤ ਨੂੰ ਕਿਹਾ 'ਪਾਗਲ', ਭਾਜਪਾ ਨੇ ਵੀਡੀਓ ਸ਼ੇਅਰ ਕਰਦੇ ਹੋਏ ਕੱਸਿਆ ਤੰਜ

ਗਵਾਲੀਅਰ 24 ਫਰਵਰੀ। ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਗਵਾਲੀਅਰ ਦੇ ਦੌਰੇ 'ਤੇ ਸਨ। ਗਵਾਲੀਅਰ ਦੌਰੇ ਦੌਰਾਨ ਉਨ੍ਹਾਂ ਨੂੰ ਵੱਡੀ ਗਿਣਤੀ 'ਚ ਲੋਕ ਮਿਲਣ ਆਏ ਸਨ। ਉਹ ਇਕ ਨਿੱਜੀ ਹੋਟਲ 'ਚ ਵਰਕਰਾਂ ਨੂੰ ਮਿਲ ਰਹੇ ਸਨ। ਹੋਟਲ 'ਚ ਦਿਗਵਿਜੇ ਸਿੰਘ ਆਪਣੇ ਇਕ ਸਮਰਥਕ ਨਾਲ ਸਾਈਡ 'ਚ ਗੱਲ ਕਰ ਰਹੇ ਸਨ। ਥੋੜ੍ਹੀ ਦੂਰੀ 'ਤੇ ਉਨ੍ਹਾਂ ਦੇ ਗਾਰਡਜ ਖੜ੍ਹੇ ਸਨ। ਇਸ ਦੌਰਾਨ ਇਕ ਮਹਿਲਾ ਵਰਕਰ ਦਿਗਵਿਜੇ ਸਿੰਘ ਦੇ ਕਰੀਬ ਜਾਣ ਲੱਗੀ ਤਾਂ ਉਹ ਭੜਕ ਗਏ। ਨਾਲ ਹੀ ਬੁਰਾ ਭਲਾ ਕਹਿ ਦਿੱਤਾ। ਨਾਲ ਹੀ ਆਪਣੇ ਗਾਰਡ ਨੂੰ ਕਹਿ ਕੇ ਔਰਤ ਨੂੰ ਉੱਥੋਂ ਭੇਜ ਦਿੱਤਾ। ਇਸ 'ਤੇ



ਭਾਜਪਾ ਨੇ ਤੰਜ ਕੱਸਦੇ ਹੋਏ ਕਿਹਾ ਕਿ ਇਹ ਹੈ "ਕਾਂਗਰਸ ਦੀ ਮੁਹੱਬਤ ਦੀ ਦੁਕਾਨ।" ਦਰਅਸਲ ਇਕ ਘਟਨਾ ਬੁੱਧਵਾਰ ਸਵੇਰੇ ਉਸ ਸਮੇਂ ਹੋਈ, ਜਦੋਂ ਦਿਗਵਿਜੇ ਸਿੰਘ ਗਵਾਲੀਅਰ ਦੇ ਸਿਟੀ ਸੈਂਟਰ ਸਥਿਤ ਇਕ ਨਿੱਜੀ ਹੋਟਲ 'ਚ ਆਪਣੇ ਵਰਕਰਾਂ ਨਾਲ ਮੁਲਾਕਾਤ ਕਰ ਰਹੇ ਸਨ। ਉਸੇ ਸਮੇਂ ਇਕ ਔਰਤ ਆਪਣੇ ਨੇਤਾ ਦਿਗਵਿਜੇ ਨੂੰ ਮਿਲਣ ਲਈ ਅੱਗੇ ਵਧ ਗਈ। ਇਹ ਦੇਖ ਕੇ ਦਿਗਵਿਜੇ ਸਿੰਘ ਦੇ ਗਾਰਡ ਨੂੰ ਉਸ ਨੂੰ ਰੋਕ ਦਿੱਤਾ ਅਤੇ ਉਨ੍ਹਾਂ ਨੂੰ ਉੱਥੋਂ ਜਾਣ ਲਈ ਕਹਿ ਦਿੱਤਾ। ਔਰਤ ਨੂੰ ਨੇੜੇ ਆਉਂਦੇ ਦੇਖ ਦਿਗਵਿਜੇ ਸਿੰਘ ਵੀ ਭੜਕ ਗਏ। ਉਨ੍ਹਾਂ ਕਹਿ ਦਿੱਤਾ ਕਿ ਇਹ ਔਰਤ ਪਾਗਲ ਹੋ ਗਈ ਹੈ, ਇਸ ਨੂੰ ਬਾਹਰ ਕੱਢੋ। ਦਿਗਵਿਜੇ ਸਿੰਘ ਨੇ ਗਾਰਡ ਨੇ ਉਸ ਨੂੰ ਉੱਥੋਂ ਬਾਹਰ ਕਰ ਦਿੱਤਾ। ਭਾਜਪਾ ਬੁਲਾਰੇ ਨਰੇਂਦਰ ਸਲੂਜਾ ਨੇ ਐਕਸ 'ਤੇ ਵੀਡੀਓ ਸ਼ੇਅਰ ਕੀਤਾ ਹੈ, ਜਿਸ 'ਚ ਦਿਗਵਿਜੇ ਸਿੰਘ ਦੀ ਮੌਜੂਦਗੀ 'ਚ ਉਨ੍ਹਾਂ ਦੇ ਸੁਰੱਖਿਆ ਕਰਮੀ ਅਤੇ ਸਹਿਯੋਗੀ ਇਕ ਔਰਤ ਨੂੰ ਉਨ੍ਹਾਂ ਤੱਕ ਜਾਣ ਤੋਂ ਰੋਕ ਰਹੇ ਹਨ। ਵੀਡੀਓ ਨਾਲ ਨਰੇਂਦਰ ਸਲੂਜਾ ਨੇ ਲਿਖਿਆ,"ਇਹ ਹੈ ਕਾਂਗਰਸ ਦੀ ਮੁਹੱਬਤ ਦੀ ਦੁਕਾਨ। ਔਰਤਾਂ ਦਾ ਕਾਂਗਰਸ ਨੇਤਾ ਕਰਦੇ ਹਨ ਕਿੰਨਾ ਸਨਮਾਨ, ਇਹ ਹੈ ਉਸ ਦਾ ਉਦਾਹਰਣ।"

## ਜਨਸੈਨਾ-ਟੀ.ਡੀ.ਪੀ. ਨੇ ਜਾਰੀ ਕੀਤੀ 118 ਉਮੀਦਵਾਰਾਂ ਦੀ ਪਹਿਲੀ ਸੂਚੀ

ਨੈਸ਼ਨਲ ਡੈਸਕ 24 ਫਰਵਰੀ। ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਦੇ ਮੁੱਖੀ ਐੱਨ. ਚੰਦਰਬਾਬੂ ਨਾਇਡੂ ਅਤੇ 'ਜਨਸੈਨਾ' ਮੁਖੀ ਪਵਨ ਕਲਿਆਣ ਨੇ ਸ਼ਨੀਵਾਰ ਨੂੰ ਆਂਧਰਾ ਪ੍ਰਦੇਸ਼ 'ਚ ਆਉਣ ਵਾਲੀਆਂ ਚੋਣਾਂ ਲਈ 118 ਉਮੀਦਵਾਰਾਂ ਦੀ ਆਪਣੀ ਪਹਿਲੀ ਸਾਂਝੀ ਸੂਚੀ ਦਾ ਐਲਾਨ ਕੀਤਾ ਹੈ। ਦੋਵਾਂ ਨੇਤਾਵਾਂ ਨੇ ਕਿਹਾ ਕਿ ਜੇਕਰ ਭਾਰਤੀ ਜਨਤਾ ਪਾਰਟੀ ਗਠਜੋੜ 'ਚ ਸ਼ਾਮਲ ਹੋਣ ਦਾ ਫੈਸਲਾ ਕਰਦੀ ਹੈ ਤਾਂ ਉਸਨੂੰ ਸ਼ਾਮਲ ਕਰਨ ਦੀ ਲੋੜ ਨੂੰ ਧਿਆਨ 'ਚ ਰੱਖਦੇ ਹੋਏ ਸੀਟਾਂ ਦੀ ਵੰਡ



ਕੀਤੀ ਜਾਵੇਗੀ। ਪਹਿਲੀ ਸੂਚੀ ਦੇ ਅਨੁਸਾਰ, ਟੀ.ਡੀ.ਪੀ. ਉਮੀਦਵਾਰ 94 ਚੋਣ ਖੇਤਰਾਂ 'ਚ ਚੋਣ ਲੜਨਗੇ ਜਦੋਂਕਿ ਜਨਸੈਨਾ 24 ਸੀਟਾਂ 'ਤੇ ਚੋਣ ਲੜੇਗੀ। ਟੀ.ਡੀ.ਪੀ.-ਜਨਸੈਨਾ ਗਠਜੋੜ 'ਤੇ ਆਂਧਰਾ ਪ੍ਰਦੇਸ਼ ਦੇ ਉਂਦਾਵੱਲੀ 'ਚ ਆਪਣੀ ਰਿਹਾਇਸ਼ 'ਤੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਨਾਇਡੂ ਨੇ ਕਿਹਾ ਕਿ ਇਹ ਗਠਜੋੜ ਸੂਬੇ ਦੇ ਭਵਿੱਖ ਲਈ ਹੈ। ਇਹ ਇਕ ਮਹਾਨ ਕੋਸ਼ਿਸ਼ ਲਈ ਪਹਿਲਾ ਕਦਮ ਹੈ।

## 'ਨਿਆਏ ਯਾਤਰਾ' 'ਚ ਮੁਰਾਦਾਬਾਦ ਤੋਂ ਸ਼ਾਮਲ ਹੋਵੇਗੀ ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ, 24 ਫਰਵਰੀ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਆਉਣ ਵਾਲੇ ਐਤਵਾਰ ਨੂੰ ਉੱਤਰ ਪ੍ਰਦੇਸ ਦੇ ਮੁਰਾਦਾਬਾਦ ਤੋਂ 'ਭਾਰਤ ਜੋੜੋ ਨਿਆਏ ਯਾਤਰਾ' 'ਚ ਸਾਮਲ ਹੋਵੇਗੀ ਅਤੇ ਫਤਿਹਪੁਰ ਸੀਕਰੀ ਤੱਕ ਇਸ ਯਾਤਰਾ ਦੇ ਨਾਲ ਰਹੇਗੀ। ਪ੍ਰਿਯੰਕਾ ਨੇ ਚੰਦੌਲੀ ਤੋਂ ਹੀ ਇਸ ਯਾਤਰਾ 'ਚ ਹਿੱਸਾ ਲੈਣਾ ਸੀ ਪਰ ਸਿਹਤ ਖਰਾਬ ਹੋਣ ਕਾਰਨ ਉਹ ਇਸ 'ਚ ਸ਼ਾਮਲ ਨਹੀਂ ਹੋ ਸਕੀ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ ਯਾਦਵ ਵੀ ਆਗਰਾ 'ਚ ਰਾਹੁਲ ਗਾਂਧੀ ਦੇ ਨਾਲ ਇਸ ਯਾਤਰਾ 'ਚ ਸਾਮਲ ਹੋਣ ਜਾ ਰਹੇ ਹਨ।

# ਆਤਮਨਿਰਭਰ ਭਾਰਤ ਬਣਾਏ ਬਿਨਾਂ, ਵਿਕਸਿਤ ਭਾਰਤ ਬਣਾਉਣਾ ਸੰਭਵ ਨਹੀਂ: ਪ੍ਰਧਾਨ ਮੰਤਰੀ ਮੋਦੀ

**ਸਿਮੀ ਕੌਰ ਬੱਬਰ**

ਨਵੀਂ ਦਿੱਲੀ 24 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨੀਵਾਰ ਯਾਨੀ ਕਿ ਅੱਜ 11 ਸੂਬਿਆਂ 'ਚ ਪ੍ਰਾਇਮਰੀ ਐਗਰੀਕਲਚਰਲ ਕ੍ਰੈਡਿਟ ਸੋਸਾਇਟੀਆਂ () ਵਿਚ ਅਨਾਜ ਸਟੋਰ ਕਰਨ ਲਈ 11 ਗੋਦਾਮਾਂ ਦਾ ਉਦਘਾਟਨ ਕੀਤਾ। ਇਹ ਗੋਦਾਮ ਸਹਿਕਾਰੀ ਖੇਤਰ 'ਚ ਸਰਕਾਰ ਦੀ ਦੁਨੀਆ ਦੀ ਸਭ ਤੋਂ ਵੱਡੀ ਅਨਾਜ ਭੰਡਾਰਨ ਯੋਜਨਾ ਦਾ ਹਿੱਸਾ ਹਨ। ਪ੍ਰਧਾਨ ਮੰਤਰੀ ਨੇ ਗੋਦਾਮ ਅਤੇ ਹੋਰ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਦੇਸ ਭਰ 'ਚ ਵਾਧੂ 500 ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਨੇ ਦੇਸ ਭਰ ਵਿਚ 18,000 ਦੇ ਕੰਪਿਊਟਰੀਕਰਨ ਲਈ ਇਕ ਪ੍ਰੋਜੈਕਟ ਦਾ ਉਦਘਾਟਨ ਵੀ ਕੀਤਾ। ਇੱਥੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਹਿਕਾਰੀ ਖੇਤਰ ਇਕ ਲਚਕੀਲਾ ਅਰਥਚਾਰਾ ਬਣਾਉਣ ਅਤੇ ਪੇਂਡੂ ਖੇਤਰਾਂ ਦੇ ਵਿਕਾਸ ਨੂੰ ਤੇਜ ਕਰਨ 'ਚ ਮਦਦਗਾਰ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਅਸੀਂ ਆਪਣੇ ਕਿਸਾਨਾਂ ਲਈ ਦੁਨੀਆ ਦੀ ਸਭ ਤੋਂ ਵੱਡੀ ਸਟੋਰੇਜ ਸਕੀਮ ਲਾਂਚ ਕੀਤੀ ਹੈ। ਉਨ੍ਹਾਂ ਕਿਹਾ ਕਿ ਆਤਮਨਿਰਭਰ ਭਾਰਤ ਬਣਾਏ ਬਿਨਾਂ, ਵਿਕਸਿਤ ਭਾਰਤ ਬਣਾਉਣਾ ਸੰਭਵ



ਨਹੀਂ। ਅੱਜ ਦੇਸ਼ 'ਚ ਵੀ ਡੇਅਰੀ ਅਤੇ ਖੇਤੀ 'ਚ ਸਹਿਕਾਰਤਾ ਨਾਲ ਕਿਸਾਨ ਜੁੜੇ ਹਨ, ਜਿਨ੍ਹਾਂ 'ਚ ਕਰੋੜਾਂ ਔਰਤਾਂ ਵੀ ਸ਼ਾਮਲ ਹਨ। ਖੇਤੀ ਅਤੇ ਕਿਸਾਨੀ ਦੀ ਨੀਂਹ ਨੂੰ ਮਜਬੂਤ ਕਰਨ 'ਚ ਸਹਿਕਾਰਿਤਾ ਦੀ ਸ਼ਕਤੀ ਦੀ ਵੱਡੀ ਭੂਮਿਕਾ ਹੈ। ਇਸੇ ਸੋਚ ਨਾਲ ਅਸੀਂ ਵੱਖਰਾ ਸਹਿਕਾਰਤਾ ਮੰਤਰਾਲੇ ਦਾ ਗਠਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਅਸੀਂ ਆਪਣੇ ਕਿਸਾਨਾਂ ਲਈ ਦੁਨੀਆ ਦੀ ਸਭ ਤੋਂ ਵੱਡੀ ਸਟੋਰੇਜ ਸਕੀਮ ਯਾਨੀ ਕਿ ਭੰਡਾਰਣ ਸਕੀਮ ਸ਼ੁਰੂ ਕੀਤੀ ਹੈ। ਇਸ ਦੇ ਤਹਿਤ ਦੇਸ਼ ਦੇ ਕੋਨੇ-ਕੋਨੇ ਵਿਚ ਹਜਾਰਾਂ ਵੇਅਰ-ਹਾਊਸੈੱਸ ਬਣਾਏ ਜਾਣਗੇ, ਹਜਾਰਾਂ ਗੋਦਾਮ ਬਣਾਏ ਜਾਣਗੇ। ਅੱਜ 18 ਹਜਾਰ ਦੇ ਕੰਪਿਊਟਰੀਕਰਨ ਦਾ ਵੱਡਾ ਕੰਮ ਵੀ ਪੂਰਾ ਹੋਇਆ ਹੈ। ਸ਼ਹਿਦ ਖੇਤਰ ਤੋਂ ਸਾਡਾ ਕਿਸਾਨ ਵੱਡਾ ਮੁਨਾਫਾ ਕਮਾ ਰਿਹਾ ਹੈ। ਸਾਨੂੰ ਆਪਣੇ ਸ਼੍ਰੀ ਅੰਨ ਬਰਾਂਡ ਨੂੰ ਦੁਨੀਆ ਦੇ ਡਾਈਨਿੰਗ ਟੇਬਲ ਤੱਕ ਪਹੁੰਚਾਉਣਾ ਹੈ।

## ਸੁਪਰੀਮ ਕੋਰਟ ਵਲੋਂ ਬੰਗਾਲ 'ਚ ਦੀ ਜਾਂਚ ਵਿਰੁੱਧ ਤੁਰੰਤ ਸੁਣਵਾਈ ਤੋਂ ਇਨਕਾਰ

ਨਵੀਂ ਦਿੱਲੀ 24 ਫਰਵਰੀ। ਸੁਪਰੀਮ ਕੋਰਟ ਨੇ ਬੁੱਧਵਾਰ ਪੱਛਮੀ ਬੰਗਾਲ ਸਰਕਾਰ ਵੱਲੋਂ ਦਾਇਰ ਕੀਤੇ ਗਏ ਉਸ ਕੇਸ ਨੂੰ ਤੁਰੰਤ ਸੂਚੀਬੱਧ ਕਰਨ ਅਤੇ ਉਸ 'ਤੇ ਕੋਈ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ 'ਚ ਸੂਬੇ ਦੀ ਪੇਸ਼ਗੀ ਇਜਾਜਤ ਤੋਂ ਬਿਨਾਂ ਚੋਣਾਂ ਤੋਂ ਬਾਅਦ ਹੋਈ ਹਿੰਸਾ ਦੇ ਮਾਮਲਿਆਂ ਦੀ ਕੇਂਦਰੀ ਜਾਂਚ ਬਿਊਰੋ ਵਲੋਂ ਜਾਂਚ ਜਾਰੀ ਰੱਖਣ ਦਾ



ਦੋਸ ਹੈ। ਕੇਸ ਵਿੱਚ ਪੱਛਮੀ ਬੰਗਾਲ ਸਰਕਾਰ ਵੱਲੋਂ ਪੇਸ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ , ਜਸਟਿਸ ਜੇ. ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸਰਾ ਦੀ ਬੈਂਚ ਨੂੰ ਦੱਸਿਆ ਕਿ ਕੇਸ ਦੀ ਸੁਣਵਾਈ 9 ਵਾਰ ਮੁਲਤਵੀ ਕੀਤੀ ਜਾ ਚੁਕੀ ਹੈ। ਸਿੱਬਲ ਨੇ ਕਿਹਾ ਕਿ 'ਮਾਮਲਾ ਸੂਚੀਬੱਧ ਕੀਤਾ ਜਾ ਰਿਹਾ ਹੈ ਪਰ ਅਸੀਂ ਸੰਵਿਧਾਨਕ ਬੈਂਚ ਕੋਲ ਆਏ ਹਾਂ। ਕੀ ਇਹ ਬੁੱਧਵਾਰ ਜਾਂ ਵੀਰਵਾਰ ਨੂੰ ਸੁਣਿਆ ਜਾ ਸਕਦਾ ਹੈ? ਸੀ. ਜੇ. ਆਈ. ਨੇ ਇਸ 'ਤੇ ਕੋਈ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ।

# ਆਉਣ ਵਾਲੇ ਮਹੀਨਿਆਂ 'ਚ ਨੀਤੀਗਤ ਦਰਾਂ 'ਚ ਕਟੌਤੀ ਦੀ ਸੰਭਾਵਨਾ : ਗੋਇਲ

**ਏਜੰਸੀਆਂ**

ਨਵੀਂ ਦਿੱਲੀ 24 ਫਰਵਰੀ। ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸੋਮਵਾਰ ਨੂੰ ਭਰੋਸਾ ਜਤਾਇਆ ਕਿ ਰਿਜਰਵ ਬੈਂਕ ਆਫ ਇੰਡੀਆ (ਆਰਬੀਆਈ) ਨੀਤੀਗਤ ਦਰਾਂ ਵਿੱਚ ਕਟੌਤੀ ਕਰੇਗਾ, ਕਿਉਂਕਿ ਇਸ ਨਾਲ ਮਹਿੰਗਾਈ ਕੰਟਰੋਲ ਵਿੱਚ ਆਉਂਦੀ ਹੈ। ਨੀਤੀਗਤ ਦਰ ਰੈਪੋ ਫਰਵਰੀ 2023 ਤੋਂ 6.5 ਫੀਸਦੀ ਦੇ ਉੱਚ ਪੱਧਰ 'ਤੇ ਬਣੀ ਹੋਈ ਹੈ। ਰਿਜਰਵ ਬੈਂਕ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਰੈਪੋ ਰੇਟ ਦੀ ਵਰਤੋਂ ਕਰਦਾ ਹੈ। ਗੋਇਲ ਨੇ ਕਿਹਾ ਕਿ ਦੇਸ ਦੀ ਆਰਥਿਕ ਨੀਂਹ ਮਜਬੂਤ ਹੈ ਅਤੇ ਮਹਿੰਗਾਈ ਕਾਬੂ ਹੇਠ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਿੱਚ 10 ਸਾਲਾਂ ਦੀ ਔਸਤ ਮਹਿੰਗਾਈ ਦਰ ਕਰੀਬ 5 ਤੋਂ 5.5 ਫੀਸਦੀ ਰਹੀ ਹੈ। ਇਹ ਸਭ ਤੋਂ ਵਧੀਆ ਪ੍ਰਦਰਸਨ ਕਰਨ ਵਾਲਾ ਦਹਾਕਾ ਸੀ ਅਤੇ ਇਸ ਕਾਰ ਵਿਆਜ ਦਰਾਂ ਵਿੱਚ ਕਾਫੀ ਗਿਰਾਵਟ ਆਈ ਅਤੇ ਕੇਂਦਰੀ ਬੈਂਕ ਮਜਬੂਤ ਹੋ ਗਿਆ। ਹੁਣ ਵਿਆਜ ਦਰਾਂ ਨੂੰ ਹੇਠਾਂ ਲਿਆਉਣ ਦੀ ਸਮਰੱਥਾ ਰੱਖਦਾ ਹੈ। ਉਨ੍ਹਾਂ ਨੇ ਕਿਹਾ, "ਬੇਸ਼ੱਕ ਪਿਛਲੇ ਡੇਢ ਸਾਲ 'ਚ ਯੂਕਰੇਨ ਸੰਕਟ ਤੋਂ ਬਾਅਦ ਵਿਆਜ ਦਰ ਵਿਚ ਮੁੜ ਤੋਂ 2.50 ਫੀਸਦੀ ਦਾ ਵਾਧਾ ਹੋਇਆ ਹੈ ਪਰ ਹੁਣ ਜਦੋਂ ਮਹਿੰਗਾਈ ਕਾਫੀ ਹੱਦ ਤੱਕ ਕੰਟਰੋਲ ਵਿੱਚ ਹੈ, ਮੈਨੂੰ ਉਮੀਦ ਹੈ ਕਿ ਵਿਆਜ ਦਰਾਂ ਜਲਦੀ ਹੀ ਹੇਠਾਂ ਆਉਣਗੀਆਂ। ਭਾਵੇਂ ਵਿਆਜ



ਦਰ ਵਿੱਚ ਇਹ ਕਟੌਤੀ ਅਗਲੀ ਮੁਦਰਾ ਨੀਤੀ ਸਮੀਖਿਆ ਵਿੱਚ ਜਾਂ ਉਸ ਤੋਂ ਬਾਅਦ ਦੂਜੀ ਮੁਦਰਾ ਨੀਤੀ ਸਮੀਖਿਆ ਵਿੱਚ ਹੁੰਦੀ ਹੈ। ਜੇਕਰ ਰਿਜਰਵ ਬੈਂਕ ਰੇਪੋ ਦਰ ਵਿੱਚ ਕਟੌਤੀ ਕਰਦਾ ਹੈ, ਤਾਂ ਕੰਪਨੀਆਂ ਅਤੇ ਵਿਅਕਤੀਆਂ ਦੋਵਾਂ ਲਈ ਉਧਾਰ ਲੈਣ ਦੀ ਲਾਗਤ ਵਿੱਚ ਕਮੀ ਆਵੇਗੀ ਅਤੇ ਨਤੀਜਾ (ਕਰਜੇ ਦੀ ਮਾਸਿਕ ਕਿਸਤ) ਘੱਟ ਹੋਵੇਗੀ। ਕੇਂਦਰੀ ਬੈਂਕ ਨੇ 8 ਫਰਵਰੀ ਨੂੰ ਲਗਾਤਾਰ ਛੇਵੀਂ ਵਾਰ ਨੀਤੀਗਤ ਦਰ ਰੇਪੋ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਿਆ ਸੀ। ਆਰਬੀਆਈ ਦੀ ਅਗਲੀ ਮੁਦਰਾ ਨੀਤੀ ਸਮੀਖਿਆ 5 ਅਪ੍ਰੈਲ ਨੂੰ ਹੋਵੇਗੀ। ਖਪਤਕਾਰ ਮੁੱਲ ਸੂਚਕ ਅੰਕ ਆਧਾਰਿਤ ਮਹਿੰਗਾਈ ਇਸ ਸਾਲ ਜਨਵਰੀ 'ਚ 5.1 ਫੀਸਦੀ 'ਤੇ ਰਹੀ, ਜੋ ਇਕ ਸਾਲ ਪਹਿਲਾਂ ਇਸੇ ਮਹੀਨੇ 'ਚ 6.52 ਫੀਸਦੀ ਸੀ। ਥੋਕ ਮੁੱਲ ਸੂਚਕ ਅੰਕ 'ਤੇ ਆਧਾਰਿਤ ਮਹਿੰਗਾਈ ਜਨਵਰੀ 'ਚ 0.27 ਫੀਸਦੀ ਦੇ ਤਿੰਨ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਰਹੀ। ਥੋਕ ਮਹਿੰਗਾਈ ਦਰ ਮੁੱਖ ਤੌਰ 'ਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਕਾਰਨ ਆਈ ਹੈ। 19 ਲਾਤੀਨੀ ਅਤੇ ਕੈਰੇਬੀਅਨ ਦੇਸਾਂ ਦੇ 35 ਪੱਤਰਕਾਰਾਂ ਨੂੰ ਸੰਬੋਧਿਤ ਕਰਦੇ ਹੋਏ ਗੋਇਲ ਨੇ ਇਹ ਵੀ ਕਿਹਾ ਕਿ ਸਰਕਾਰ ਦਾ ਟੀਚਾ 2047 ਤੱਕ 30,000 ਅਰਬ ਡਾਲਰ ਤੋਂ 35,000 ਅਰਬ ਡਾਲਰ ਦੀ ਅਰਥਵਿਵਸਥਾ ਬਣਾਉਣ ਦਾ ਟੀਚਾ ਹੈ, ਜੋ ਹੁਣ 3700 ਅਰਬ ਡਾਲਰ ਹੈ।

## ਅਸੀਂ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ: ਅਨੁਰਾਗ ਠਾਕੁਰ

ਨਵੀਂ ਦਿੱਲੀ 24 ਫਰਵਰੀ। ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਬੁੱਧਵਾਰ ਨੂੰ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨ ਸਾਡੇ ਭਰਾ ਤੇ ਅੰਨਦਾਤਾ ਹਨ ਤੇ ਕੇਂਦਰ ਸਰਕਾਰ ਉਨ੍ਹਾਂ ਨਾਲ ਗੱਲਬਾਤਲਈ ਤਿਆਰ ਹੈ। ਠਾਕੁਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਈ ਕਦਮ ਚੁੱਕੇ ਹਨ। ਠਾਕੁਰ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਵਚਨਬੱਧ ਹੈ ਤੇ ਇਸ ਦਿਸ਼ਾ ਵਿਚ ਕਈ ਕਦਮ ਚੁੱਕੇ ਹਨ। ਇਹ ਪੁੱਛੇ ਜਾਣ 'ਤੇ ਕਿ ਕੀ ਕੈਬਨਿਟ ਮੀਟਿੰਗ ਦੌਰਾਨ ਪੰਜਾਬ-ਹਰਿਆਣਾ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਮੁੱਦੇ 'ਤੇ ਚਰਚਾ ਹੋਈ, ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਗੱਲਬਾਤ ਲਈ ਤਿਆਰ ਹੈ। ਕੈਬਨਿਟ ਮੀਟਿੰਗ ਮਗਰੋਂ ਕਿਸਾਨ ਅੰਦੋਲਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, "ਅਸੀਂ ਪਹਿਲਾਂ ਗੱਲਬਾਤ ਲਈ ਤਿਆਰ ਸੀ, ਅੱਜ ਵੀ ਤਿਆਰ ਹਾਂ ਤੇ ਭਵਿੱਖ ਵਿਚ ਵੀ ਉਨ੍ਹਾਂ ਦੇ ਮੁੱਦਿਆਂ 'ਤੇ ਚਰਚਾ ਲਈ ਤਿਆਰ ਰਹਾਂਗੇ। ਸਾਨੂੰ ਕੋਈ ਸਮੱਸਿਆ ਨਹੀਂ ਹੈ ਕਿਉਂਕਿ ਉਹ ਸਾਡੇ ਭਰਾ ਤੇ ਅੰਨਦਾਤਾ ਹਨ।" ਕੇਂਦਰੀ ਮੰਤਰੀ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਵਿਚ ਉੱਚ ਵਿਕਾਸ ਹਾਸਲ ਕਰਨ ਲਈ ਮੋਦੀ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦੀ ਰੂਪਰੇਖਾ ਵੀ ਪੇਸ਼ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ



(ਐੱਮ.ਐੱਸ.ਪੀ.) ਨੂੰ ਦੁੱਗਣਾ ਕਰ ਦਿੱਤਾ ਹੈ ਅਤੇ ਖਰੀਦ ਵੀ ਦੁੱਗਣੀ ਤੋਂ ਵੱਧ ਕੀਤੀ ਗਈ ਹੈ। ਠਾਕੁਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ 10 ਸਾਲਾਂ 'ਚ ਕਣਕ, ਝੋਨਾ, ਤੇਲ ਬੀਜਾਂ ਅਤੇ ਦਾਲਾਂ ਦੀ ਖਰੀਦ 'ਤੇ 18.39 ਲੱਖ ਕਰੋੜ ਰੁਪਏ ਖਰਚ ਕੀਤੇ ਹਨ ਜਦਕਿ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੇ 5.5 ਲੱਖ ਕਰੋੜ ਰੁਪਏ ਖਰਚ ਕੀਤੇ ਹਨ।

## ਸੰਪਰਕ ਕਰਨ ਤੇ ਰੂਸ-ਯੂਕ੍ਰੇਨ ਜੰਗ 'ਚ ਵਿਚੋਲਗੀ 'ਤੇ ਵਿਚਾਰ ਕਰਨ ਲਈ ਤਿਆਰ : ਜੈਸ਼ੰਕਰ

ਨਵੀਂ ਦਿੱਲੀ 24 ਫਰਵਰੀ। ਵਿਦੇਸ ਮੰਤਰੀ ਐੱਸ. ਜੈਸੰਕਰ ਨੇ ਸੰਕੇਤ ਦਿੱਤਾ ਕਿ ਜੇਕਰ ਭਾਰਤ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਉਹ ਰੂਸ-ਯੂਕ੍ਰੇਨ ਜੰਗ ਨੂੰ ਖਤਮ ਕਰਨ ਲਈ ਵਿਚੋਲੇ ਦੀ ਭੂਮਿਕਾ ਨਿਭਾਉਣ 'ਤੇ ਵਿਚਾਰ ਕਰਨ ਲਈ ਤਿਆਰ ਹੈ। ਜੈਸੰਕਰ ਨੇ ਜਰਮਨ ਦੇ ਆਰਥਿਕ ਅਖਬਾਰ 'ਹੈਂਡਲਸਬਲਾਟ' ਨਾਲ ਇੰਟਰਵਿਊ 'ਚ ਕਿਹਾ ਕਿ ਭਾਰਤ ਜੰਗ ਨੂੰ ਖਤਮ ਕਰਨ ਲਈ ਜਨਤਕ ਤੌਰ 'ਤੇ ਵਚਨਬੱਧ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਇਹੀ ਕਾਰਨ ਹੈ ਕਿ ਭਾਰਤ ਵਿਚੋਲਾ ਕਿਉਂ ਬਣ ਸਕਦਾ ਹੈ, ਜੈਸੰਕਰ ਨੇ ਕਿਹਾ, 'ਸਿਧਾਂਤਕ ਤੌਰ 'ਤੇ, ਹਾਂ। ਅਸੀਂ ਪਹਿਲਾਂ ਹੀ ਬਹੁਤ ਖਾਸ ਮੁੱਦਿਆਂ ਵਿੱਚ ਮਦਦ ਕੀਤੀ ਹੈ। ਜਿੱਥੇ ਵੀ ਅਸੀਂ ਮਦਦ ਕਰ ਸਕਦੇ ਹਾਂ, ਅਸੀਂ ਅਜਿਹਾ ਕਰਕੇ ਖੁਸ ਹਾਂ। ਜਦੋਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਂਦਾ ਹੈ, ਅਸੀਂ ਖੁੱਲ੍ਹੇ ਦਿਲ ਨਾਲ ਮਦਦ ਕਰਦੇ ਹਾਂ। ਹਾਲਾਂਕਿ, ਅਸੀਂ ਇਹ ਨਹੀਂ ਮੰਨਦੇ ਕਿ ਸਾਨੂੰ ਇਸ ਦਿਸਾ ਵਿਚ ਆਪਣੇ ਆਪ ਕੁਝ ਵੀ ਸ਼ੁਰੂ ਕਰਨਾ ਚਾਹੀਦਾ ਹੈ।'

## ਖਨੌਰੀ ਬਾਰਡਰ 'ਤੇ ਹੋਈ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਪਰਨੀਤ ਕੌਰ ਨੇ ਜਤਾਇਆ ਦੁੱਖ

**ਨਵਦੀਪ ਸਿੰਘ ਸਾਹਨੀ**

ਜਲੰਧਰ/ਪਟਿਆਲਾ 24 ਫਰਵਰੀ। ਖਨੌਰੀ ਬਾਰਡਰ 'ਤੇ ਬੁੱਧਵਾਰ ਨੂੰ ਹੋਈ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਸੰਸਦ ਮੈਂਬਰ ਪਰਨੀਤ ਕੌਰ ਨੇ ਦੁੱਖ ਜਤਾਇਆ ਹੈ। ਦੁੱਖ ਜਤਾਉਂਦੇ ਹੋਏ ਪਰਨੀਤ ਕੌਰ ਨੇ ਕਿਹਾ ਕਿ ਕੱਲ੍ਹ ਖਨੌਰੀ ਬਾਰਡਰ 'ਤੇ ਪ੍ਰਦਰਸਨ ਦੌਰਾਨ 21 ਸਾਲਾ ਸੁਭਕਰਨ ਸਿੰਘ ਦੀ ਮੌਤ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਇਸ ਦੁੱਖ ਦੀ ਘੜੀ ਵਿਚ ਉਨ੍ਹਾਂ ਦੇ ਪਰਿਵਾਰ ਨਾਲ ਮੇਰੀ ਦਿਲੀ ਹਮਦਰਦੀ ਹੈ। ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ੇ। ਵਾਹਿਗੁਰੂ ਸਾਡੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣ। ਉਨ੍ਹਾਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਦੇ ਜਲਦੀ ਹੱਲ ਦੀ ਵੀ ਉਮੀਦ ਜਤਾਈ ਗਈ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਦਿੱਲੀ ਦੀਆਂ ਬਰੂਹਾਂ 'ਤੇ ਐੱਮ. ਐੱਸ. ਪੀ. ਸਮੇਤ ਹੋਰ ਮੰਗਾਂ ਨੂੰ ਲੈ ਕੇ ਕਿਸਾਨ ਪਿਛਲੇ 9 ਦਿਨਾਂ ਤੋਂ ਦਿੱਲੀ ਕੂਚ ਲਏ ਡਟੇ ਹੋਏ ਹਨ। ਬੀਤੇ ਦਿਨ ਜਿਵੇਂ ਹੀ ਸਵੇਰੇ ਕਿਸਾਨਾਂ ਨੇ ਸ਼ੰਭੂ ਬਾਰਡਰ ਤੋਂ ਦਿੱਲੀ



ਵੱਲ ਕੂਚ ਕਰਨਾ ਸ਼ੁਰੂ ਕੀਤਾ ਤਾਂ ਹਰਿਆਣਾ ਪੁਲਸ ਵੱਲੋਂ ਕਿਸਾਨਾਂ 'ਤੇ ਹੰਝੂ ਗੈਸ ਦੇ ਗੋਲੇ ਛੱਡੇ ਗਏ ਸਨ, ਜਿਸ ਵਿਚ ਬਠਿੰਡਾ ਦੇ ਪਿੰਡ ਬੱਲੋ ਦੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਸੀ। ਸ਼ੁਭਕਰਨ ਦੀ ਮੌਤ ਤੋਂ ਬਾਅਦਈ ਫਲਹਾਲ ਕਿਸਾਨਾਂ ਨੇ ਦਿੱਲੀ ਕੂਚ ਦਾ ਪ੍ਰੋਗਰਾਮ ਦੋ ਦਿਨਾਂ ਲਈ ਰੱਦ ਕਰ ਦਿੱਤਾ ਹੈ। ਉਥੇ ਹੀ ਦੂਜੇ ਪਾਸੇ ਖੇਤਾਬਾੜੀ ਮੰਤਰੀ ਅਰਜੁਨ ਮੁੰਡਾ ਵੱਲੋਂ ਪੰਜਵੇਂ ਦੌਰ ਦੀ ਮੀਟਿੰਗ ਦਾ ਕਿਸਾਨਾਂ ਨੂੰ ਸੱਦਾ ਵੀ ਦਿੱਤਾ ਗਿਆ ਹੈ। ਕਿਸਾਨਾਂ ਦੇ ਦਿੱਲੀ ਕੂਚ ਨੂੰ ਲੈ ਕੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਹਰਿਆਣਾ ਦੇ ਸੁਰੱਖਿਆ ਕਰਮਚਾਰੀਆਂ ਨੇ ਹੰਝੂ ਗੈਸ ਦੇ ਗੋਲੇ ਅਤੇ ਜਲ ਤੋਪਾਂ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਦੌਰਾਨ ਕਈ ਕਿਸਾਨਾਂ ਦੇ ਜਖਮੀ ਹੋਣ ਦੀ ਵੀ ਖਬਰ ਹੈ। ਖਨੌਰੀ ਬਾਰਡਰ 'ਤੇ ਵੀ ਪੰਜਾਬ ਵਾਲੇ ਪਾਸੇ ਹਜਾਰਾਂ ਕਿਸਾਨ ਇਕੱਠੇ ਹੋਏ ਹਨ। ਉਹ ਦਿੱਲੀ ਵੱਲ ਮਾਰਚ ਕਰਨ 'ਤੇ ਅੜੇ ਹੋਏ ਹਨ। ਦੂਜੇ ਪਾਸੇ ਹਰਿਆਣਾ ਵੱਲ ਬਾਰਡਰ 'ਤੇ ਪੁਲਸ ਨੇ ਕਿਸਾਨਾਂ ਨੂੰ ਰੋਕਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ। ਉਥੇ ਹੀ ਪੰਜਾਬ-ਹਰਿਆਣਾ ਬਾਰਡਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

## ਗੰਨਾ ਕਾਸ਼ਤਕਾਰਾਂ ਲਈ ਮੋਦੀ ਸਰਕਾਰ ਦੀ ਵੱਡੀ ਸੌਗਾਤ !

ਨਵੀਂ ਦਿੱਲੀ 24 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੰਨਾ ਖਰੀਦ ਦੀ ਕੀਮਤ 'ਚ ਇਤਿਹਾਸਕ ਵਾਧੇ ਨੂੰ ਕੇਂਦਰੀ ਮੰਤਰੀਮੰਡਲ ਤੋਂ ਮਿਲੀ ਮਨਜ਼ੂਰੀ ਦਾ ਹਵਾਲਾ ਦਿੰਦੇ ਹੋਏ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਅਗਵਾਈ 'ਚ ਕੇਂਦਰ ਸਰਕਾਰ ਕਿਸਾਨਾਂ ਦੇ ਕਲਿਆਣ ਨਾਲ ਜੁੜੇ ਹਰ ਸੰਕਲਪ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ 'ਚ ਕਿਹਾ,"ਦੇਸ਼ਭਰ ਦੇ ਆਪਣੇ ਕਿਸਾਨ ਭਰਾ-ਭੈਣਾਂ ਦੇ ਕਲਿਆਣ ਨਾਲ ਜੁੜੇ ਹਰ ਸੰਕਲਪ ਨੂੰ ਪੂਰਾ ਕਰਨ ਲਈ ਸਾਡੀ ਸਰਕਾਰ ਵਚਨਬੱਧ ਹੈ। ਇਸੇ ਕੜੀ 'ਚ ਗੰਨਾ ਖਰੀਦ ਦੀ ਕੀਮਤ 'ਚ ਇਤਿਹਾਸਕ ਵਾਧੇ ਨੂੰ ਮਨਜੂਰੀ ਦਿੱਤੀ ਗਈ ਹੈ।" ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਕਰੋੜਾਂ ਗੰਨਾ ਉਤਪਾਦਕ ਕਿਸਾਨਾਂ ਨੂੰ ਲਾਭ ਹੋਵੇਗਾ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ 'ਚ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਚੀਨੀ ਮੌਸਮ 2024-25 ਲਈ ਚੀਨੀ ਦੀ 10.25 ਫੀਸਦੀ ਵਸੂਲੀ ਦਰ 'ਤੇ ਗੰਨੇ ਦਾ ਉੱਚਿਤ ਅਤੇ ਲਾਭਕਾਰੀ ਮੁੱਲ (ਐੱਫ.ਆਰ.ਪੀ.) 340 ਰੁਪਏ ਪ੍ਰਤੀ ਕੁਇੰਟਲ ਕਰਨ ਦੀ ਮਨਜੂਰੀ ਦੇ ਦਿੱਤੀ। ਸਰਕਾਰ ਅਨੁਸਾਰ ਇਹ ਗੰਨੇ ਦੀ ਇਤਿਹਾਸਕ ਕੀਮਤ ਹੈ ਜੋ ਚਾਲੂ ਮੌਸਮ 2023-24 ਲਈ ਗੰਨੇ ਦੇ ਐੱਫ.ਆਰ.ਪੀ. ਤੋਂ ਲਗਭਗ 8 ਫੀਸਦੀ ਵੱਧ ਹੈ।

# ਆਨਲਾਈਨ ਐਪਸ ਰਾਹੀਂ ਅਣਅਧਿਕਾਰਤ ਕਰਜੇ ਦੀ ਵੰਡ 'ਤੇ ਰੋਕ ਲਗਾਏ ਵਿੱਤੀ ਰੈਗੂਲੇਟਰ : ਸੀਤਾਰਮਨ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 24 ਫਰਵਰੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬੁੱਧਵਾਰ ਨੂੰ ਭਾਰਤੀ ਰਿਜਰਵ ਬੈਂਕ (ਆਰਬੀਆਈ) ਸਮੇਤ ਵਿੱਤੀ ਖੇਤਰ ਦੇ ਰੈਗੂਲੇਟਰਾਂ ਨੂੰ ਆਨਲਾਈਨ ਐਪਸ ਰਾਹੀਂ ਅਣਅਧਿਕਾਰਤ ਕਰਜੇ ਦੀ ਵੰਡ ਨੂੰ ਰੋਕਣ ਲਈ ਵਾਧੂ ਕਦਮ ਚੁੱਕਣ ਲਈ ਕਿਹਾ। ਸੀਤਾਰਮਨ ਨੇ ਇੱਥੇ 'ਵਿੱਤੀ ਸਥਿਰਤਾ ਅਤੇ ਵਿਕਾਸ ਕੌਂਸਲ' (ਐਫਐਸਡੀਸੀ) ਦੀ 28ਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ ਹੈ। ਉਸਨੇ ਵਿੱਤੀ ਰੈਗੂਲੇਟਰਾਂ ਨੂੰ ਲਗਾਤਾਰ ਚੌਕਸੀ ਬਣਾਈ ਰੱਖਣ ਅਤੇ ਘਰੇਲੂ ਅਤੇ ਗਲੋਬਲ ਮੈਕਰੋ ਵਿੱਤੀ ਸਥਿਤੀ ਦੇ ਮੱਦੇਨਜਰ ਉੱਭਰ ਰਹੇ ਵਿੱਤੀ ਸਥਿਰਤਾ ਜੋਖਮਾਂ ਦਾ ਪਤਾ ਲਗਾਉਣ ਲਈ ਕਿਰਿਆਸੀਲ ਰਹਿਣ ਲਈ ਵੀ ਕਿਹਾ। ਮੀਟਿੰਗ ਤੋਂ ਬਾਅਦ ਜਾਰੀ ਅਧਿਕਾਰਤ ਬਿਆਨ ਅਨੁਸਾਰ ਐੱਫਐੱਸਡੀਸੀ ਨੇ ਵਿਆਪਕ ਵਿੱਤੀ ਸਥਿਰਤਾ ਨਾਲ ਸਬੰਧਿਤ ਮੁੱਦਿਆਂ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਭਾਰਤ ਦੀਆਂ ਤਿਆਰੀਆਂ ਬਾਰੇ ਚਰਚਾ ਕੀਤੀ। ਬਿਆਨ



ਅਨੁਸਾਰ ਗਾਂਧੀਨਗਰ ਦੇ ਗਿਫਟ ਸਿਟੀ ਵਿਚ ਸਥਿਤ ਅੰਤਰਰਾਸ਼ਟਰੀ ਵਿੱਤੀ ਸੇਵਾ ਕੇਂਦਰ ਨੂੰ ਦੁਨੀਆ ਦੇ ਪ੍ਰਮੁੱਖ ਅੰਤਰਰਾਸ਼ਟਰੀ ਵਿੱਤੀ ਕੇਂਦਰਾਂ ਵਿਚ ਇਕ ਬਣਾਉਣ ਅਤੇ ਵਿਦੇਸ਼ੀ ਪੂੰਜੀ ਅਤੇ ਵਿੱਤੀ ਸੇਵਾਵਾਂ ਦੀ ਸਹੂਲਤ ਲਈ ਇਸਦੀ ਰਣਨੀਤਕ ਭੂਮਿਕਾ ਦਾ ਸਮਰਥਨ ਦੇਣ ਲਈ ਚੱਲ ਰਹੇ ਅੰਤਰ-ਨਿਯਮ ਸੰਬਧੀ ਮੁੱਦਿਆਂ 'ਤੇ ਵੀ ਚਰਚਾ ਕੀਤੀ। ਐੱਫਐੱਸਡੀਸੀ ਨੇ ਕੇਂਦਰੀ ਬਜਟ ਵਿੱਚ ਐੱਫਐੱਸਡੀਸੀ ਦੇ ਫੈਸਲਿਆਂ ਅਤੇ ਘੋਸਣਾਵਾਂ ਨੂੰ ਲਾਗੂ ਕਰਨ ਲਈ ਰਣਨੀਤੀਆਂ ਬਣਾਉਣ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵੀ ਚਰਚਾ ਕੀਤੀ। ਇਹਨਾਂ ਮੁੱਦਿਆਂ ਵਿੱਚ ਕੇਵਾਈਸੀ ਦੇ ਇੱਕਸਾਰ ਮਾਪਦੰਡ ਨਿਰਧਾਰਤ ਕਰਨਾ, ਵਿੱਤੀ ਖੇਤਰ ਵਿੱਚ ਕੇਵਾਈਸੀ ਰਿਕਾਰਡਾਂ ਦੀ ਅੰਤਰ-ਉਪਯੋਗਤਾ ਅਤੇ ਕੇਵਾਈਸੀ ਪ੍ਰਕਿਰਿਆ ਦਾ ਸਰਲੀਕਰਨ ਅਤੇ ਡਿਜੀਟਲੀਕਰਨ ਸਾਮਲ ਹੈ। ਇਸ ਤੋਂ ਇਲਾਵਾ ਸਮਾਜਿਕ ਸਟਾਕ ਐਕਸਚੇਂਜਾਂ ਰਾਹੀਂ ਸਮਾਜਿਕ ਉੱਦਮਾਂ ਲਈ ਫੰਡ ਇਕੱਠਾ ਕਰਨੀ ਸ਼ੁਰੂਆਤ ਅਤੇ ਆਨਲਾਈਨ ਐਪਸ ਰਾਹੀਂ ਅਣਅਧਿਕਾਰਤ ਕਰਜ ਦੇਣ ਦੇ ਨੁਕਸਾਨਦੇਹ ਪ੍ਰਭਾਵਾਂ ਨੂੰ ਰੋਕਣ ਦੇ ਕਦਮਾਂ 'ਤੇ ਚਰਚਾ ਕੀਤੀ। ਸਰਕਾਰ ਨੇ ਦਸੰਬਰ ਵਿੱਚ ਸੰਸਦ ਨੂੰ ਸੂਚਿਤ ਕੀਤਾ ਸੀ ਕਿ ਗੂਗਲ ਨੇ ਅਪ੍ਰੈਲ, 2021 ਅਤੇ ਜੁਲਾਈ, 2022 ਦੇ ਵਿਚਕਾਰ ਆਪਣੇ ਪਲੇ ਸਟੋਰ ਤੋਂ ਧੋਖਾਧੜੀ ਵਿੱਚ ਸਾਮਲ 2,500 ਤੋਂ ਵੱਧ ਲੋਨ ਵੰਡ ਐਪਸ ਨੂੰ ਮੁਅੱਤਲ ਜਾਂ ਹਟਾ ਦਿੱਤਾ ਹੈ। ਇਨ੍ਹਾਂ ਐਪਾਂ ਨੇ ਬਹੁਤ ਸਾਰੇ ਕਰਜਦਾਰਾਂ ਨੂੰ ਉਨ੍ਹਾਂ ਦੇ ਪੈਸੇ ਨਾਲ ਧੋਖਾ ਦਿੱਤਾ ਹੈ, ਜਿਸ ਨਾਲ ਕਈ ਮਾਮਲਿਆਂ ਵਿੱਚ ਪ੍ਰੇਸਾਨੀ ਹੋਈ ਹੈ। ਐੱਫਐੱਸਡੀਸੀ ਦੇ ਮੈਂਬਰਾਂ ਨੇ ਵਿੱਤੀ ਖੇਤਰ ਨੂੰ ਹੋਰ ਵਿਕਸਤ ਕਰਨ ਲਈ ਅੰਤਰ-ਨਿਯੰਤ੍ਰਕ ਤਾਲਮੇਲ ਨੂੰ ਮਜਬੂਤ ਕਰਨ ਦਾ ਵੀ ਫੈਸਲਾ ਕੀਤਾ ਤਾਂ ਜੋ ਇਹ ਸਮਾਵੇਸੀ ਆਰਥਿਕ ਵਿਕਾਸ ਲਈ ਲੋੜੀਂਦੇ ਵਿੱਤੀ ਸਰੋਤ ਪ੍ਰਦਾਨ ਕਰਨਾ ਜਾਰੀ ਰੱਖੇ। ਐੱਫਐੱਸਡੀਸੀ ਨੇ ਭਾਰਤੀ ਰਿਜਰਵ ਬੈਂਕ ਦੇ ਗਵਰਨਰ ਸਕਤੀਕਾਂਤ ਦਾਸ ਦੀ ਪ੍ਰਧਾਨਗੀ ਵਾਲੀ ਐੱਫਐੱਸਡੀਸੀ ਸਬ-ਕਮੇਟੀ ਦੁਆਰਾ ਕੀਤੀਆਂ ਗਤੀਵਿਧੀਆਂ ਅਤੇ ਐੱਫਐੱਸਡੀਸੀ ਦੇ ਪਿਛਲੇ ਫੈਸਲਿਆਂ 'ਤੇ ਮੈਂਬਰਾਂ ਦੁਆਰਾ ਕੀਤੀ ਗਈ ਕਾਰਵਾਈ ਦਾ ਵੀ ਨੋਟਿਸ ਲਿਆ।

## ਹਿਮਾਚਲ 'ਚ ਬਣੀ 14 ਸਮੇਤ ਦੇਸ਼ ਦੀਆਂ 46 ਦਵਾਈਆਂ ਦੇ ਸੈਂਪਲ ਫੇਲ

ਨਵੀਂ ਦਿੱਲੀ 24 ਫਰਵਰੀ। ਜਨਵਰੀ ਮਹੀਨੇ ਬਣੀ ਹਿਮਾਚਲ ਪ੍ਰਦੇਸ਼ ਦੀ 14 ਸਮੇਤ ਦੇਸ਼ ਭਰ ਦੀਆਂ 46 ਦਵਾਈਆਂ ਦੇ ਸੈਂਪਲ ਫੇਲ ਹੋ ਗਏ ਹਨ। ਸੂਬੇ ਦੀਆਂ ਜਿਹੜੀਆਂ 14 ਦਵਾਈਆਂ ਫੇਲ ਹੋਈਆਂ ਹਨ, ਉਨ੍ਹਾਂ 'ਚ ਸਿਰਮੌਰ ਦੀਆਂ ਤਿੰਨ , ਕਾਂਗੜਾ ਦੀ ਇਕ ਅਤੇ ਸੋਲਨ ਜਿ਼ਲ੍ਹੇ ਦੀਆਂ 10 ਦਵਾਈਆਂ ਦੇ ਸੈਂਪਲ ਹਨ। ਸੈਂਟਰਲ ਡਰੱਗਜ ਸਟੈਂਡਰਡ ਕੰਟਰੋਲ ਆਰਗੇਨਾਈਜੇਸਨ ਨੇ ਜਨਵਰੀ ਦੇ ਡਰੱਗ ਅਲਰਟ ਵਿਚ ਇਹ ਦਵਾਈਆਂ ਮਿਆਰਾਂ 'ਤੇ ਖਰੀਆਂ ਨਹੀਂ ਪਾਈਆਂ ਹਨ। ਇਨ੍ਹਾਂ ਦਵਾਈਆਂ ਦੇ ਕਾਰਨ ਚਮੜੀ ਦੀ ਲਾਗ, ਬੈਕਟੀਰੀਆ ਦੀ ਲਾਗ, ਐਸੀਡਿਟੀ ਐਲਰਜੀ, ਸੂਗਰ ਅਤੇ ਦਰਦ ਦੀਆਂ ਦਵਾਈਆਂ ਸਾਮਲ ਹਨ। ਜਨਵਰੀ ਵਿੱਚ ਦੇਸ ਵਿੱਚ ਕੁੱਲ 932 ਦਵਾਈਆਂ ਦੇ ਸੈਂਪਲ ਲਏ ਗਏ ਸਨ ਜਿਨ੍ਹਾਂ ਵਿੱਚੋਂ 886 ਪਾਸ ਹੋਏ ਅਤੇ 46 ਫੇਲ੍ਹ ਹੋਏ। ਜਿਨ੍ਹਾਂ ਦਵਾਈਆਂ ਦੇ ਨਮੂਨੇ ਫੇਲ ਹੋਏ ਹਨ, ਉਨ੍ਹਾਂ ਵਿੱਚ ਪਾਉਂਟਾ ਸਾਹਿਬ ਦੀ ਸਨਵੇਟ ਹੈਲਥਕੇਅਰ ਕੰਪਨੀ ਦੀ ਕਲਿੰਡਾਮਾਇਸਿਨ, ਚਮੜੀ ਦੀ ਲਾਗ ਦੀ ਦਵਾਈ ਐਮਿਕੇਸਿਨ ਸੇਲਵੇਮਟ, ਬੱਦੀ ਵਿੱਚ ਬਣੀ ਸਾਈਪ੍ਰੋਹੇਪਟਾਡੀਨ ਟ੍ਰਾਈਕੋਲੀਨ ਸਾਈਟਰੇਟ, ਪਾਉਂਟਾ ਦੀ ਐਲਰਜੀ ਦੀ ਦਵਾਈ ਮੋਕਸੀਫਲੋਕਸਾਸੀਨ, ਬੱਦੀ ਦੀ ਡੀਐਮ ਫਾਰਮਾ ਟ੍ਰੈਨੈਕਸਾਮਿਕ ਐਸਿਡ ਅਤੇ ਮੇਫੇਨੈਮਿਕ ਐਸਿਡ, ਮਲਕੂ ਮਾਜਰਾ ਦੀ ਐਂਜ ਫਾਰਮਾ ਕੰਪਨੀ ਦੀ ਅਨੀਮੀਆ ਦੀ ਦਵਾਈ ਫੋਲਿਕ ਐਸਿਡ, ਐਸੀਡਿਟੀ ਦੀ ਪੈਂਟਾਪ੍ਰਾਜੋਲ, ਹਿੱਲਰ ਲੈਬ ਦੀ ਲੇਵਾਸੀਟ੍ਰਾਜਿਨ, ਸ਼ੂਗਰ ਦੀ ਦਵਾਈ ਗਲਿਮੋਪਿਰਾਈਡ, ਮੇਟਫੋਰਮਿਨ ਪਿਓਗਲਿਟਾਲੋਨ, ਝਾੜਮਾਜਰੀ ਦੀ ਐਸਿਡਿਟੀ ਦੀ ਦਵਾਈ ਪੈਂਟਾਪ੍ਰਾਜੋਲ , ਬਰੋਟੀਵਾਲਾ



ਸਥਿਤ ਫੋਰਗੋ ਫਾਰਮਾਸਿਊਟਿਕਲ ਕੰਪਨੀ ਦੀ ਐਲਰਜੀ ਦੀ ਦਵਾਈ ਮੋਂਟੇਲੁਕਾਸਟ ਲਿਓਸਿਟ੍ਰਾਜਿਨ ਬੱਦੀ ਦੇ ਭਟੋਲੀ ਕਲਾਂ ਵਿਖੇ ਸਥਿਤ ਏ.ਐੱਸ.ਪੀ.ਓ ਕੰਪਨੀ ਦੀ ਚਮੜੀ ਦੀ ਐਲਰਜੀ ਦੀ ਦਵਾਈ ਮੋਂਟੇਲੁਕਾਸਟ, ਕਾਂਗੜਾ ਜਿ਼ਲ੍ਹੇ ਦੀ ਰਚਿਲ ਫਾਰਮਾ ਕੰਪਨੀ ਦੀ ਐਲਰਜੀ ਲਈ ਲਿਓਸੀਟਰਾਡੀਨ ਅਤੇ ਬੱਦੀ ਦੇ ਮਲਕੂ ਮਾਜਰਾ ਵਿਖੇ ਸਥਿਤ ਐਂਜ ਲਾਈਫ ਸਾਇੰਸ ਕੰਪਨੀ ਦੀ ਦਰਦ ਦੀ ਦਵਾਈ ਡਿਕਲੋਫੇਨਾਕ ਦਵਾਈ ਦੇ ਸੈਂਪਲ ਫੇਲ ਹੋ ਗਏ ਹਨ।

# ਮੋਹਾਲੀ 'ਚ ਅੱਧੀ ਰਾਤ ਨੂੰ ਵਾਪਰਿਆ ਵੱਡਾ ਹਾਦਸਾ, ਵਿਦਿਆਰਥੀ ਸਣੇ ਦੋ ਦੀ ਮੌਤ, ਤਸਵੀਰਾਂ 'ਚ ਦੇਖੋ ਖੌਫਨਾਕ ਮੰਜਰ

ਮੋਹਾਲੀ 24 ਫਰਵਰੀ। ਬੀਤੀ ਦੇਰ ਰਾਤ ਸੈਕਟਰ 78-79 ਦੇ ਲਾਈਟ ਪੁਆਇੰਟ ਤੋਂ 2 ਐਕਸ.ਯੂ.ਵੀ. ਗੱਡੀਆਂ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ। ਇਸ ਹਾਦਸੇ 'ਚ ਇਨੋਵਾ ਚਾਲਕ ਮੁਹੰਮਦ ਅਸਲਮ ਮੀਰ (40) ਕਾਰ ਡੀਲਰ ਵਾਸੀ ਜੰਮੂ ਕਸ਼ਮੀਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਸਕਾਰਪੀਓ 'ਚ ਸਵਾਰ ਵਿਅਕਤੀ ਚੰਡੀਗੜ੍ਹ ਸੈਕਟਰ-10 ਸਥਿਤ ਡੀ.ਏ.ਵੀ. ਕਾਲਜ ਦਾ ਵਿਦਿਆਰਥੀ ਆਰੀਆ ਸ਼ਰਮਾ (21) ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਇਸ ਹਾਦਸੇ ਵਿਚ ਸਕਾਰਪੀਓ ਚਾਲਕ ਅਰਜੁਨ ਅਤੇ ਉਸ ਦੇ ਦੋ ਹੋਰ ਸਾਥੀ ਵੀ ਜ਼ਖ਼ਮੀ ਹੋ ਗਏ। ਥਾਣਾ ਸੋਹਾਣਾ ਪੁਲਸ ਨੇ ਜਾਂਚ ਦੇ ਆਧਾਰ 'ਤੇ ਸਕਾਰਪੀਓ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਐਤਵਾਰ ਨੂੰ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀਆਂ। ਇਸ ਮਾਮਲੇ ਦੇ ਜਾਂਚ ਅਧਿਕਾਰੀ ਰਾਜ ਕੁਮਾਰ ਅਨੁਸਾਰ ਚੰਡੀਗੜ੍ਹ ਦੇ ਰਹਿਣ ਵਾਲੇ ਅਰਜੁਨ ਅਤੇ ਆਰੀਆ ਸ਼ਰਮਾ ਜੋ ਚੰਡੀਗੜ੍ਹ ਸੈਕਟਰ-10 ਸਥਿਤ ਡੀ. ਏ. ਵੀ. ਕਾਲਜ ਤੋਂ ਗ੍ਰੈਜੂਏਸ਼ਨ ਕਰ ਰਹੇ ਹਨ। ਹਾਦਸੇ ਸਮੇਂ ਉਹ ਲਾਂਡਰਾਂ ਦੇ ਇਕ ਢਾਬੇ 'ਤੇ ਰਾਤ ਦਾ ਖਾਣਾ ਖਾ ਕੇ ਘਰ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਦੀ ਰਫ਼ਤਾਰ ਥੋੜੀ ਤੇਜ਼ ਸੀ। ਇਸੇ ਦੌਰਾਨ ਲਾਈਟ ਪੁਆਇੰਟ 'ਤੇ ਦੂਜੇ ਪਾਸੇ ਤੋਂ ਜੰਮੂ-ਕਸ਼ਮੀਰ ਤੋਂ ਇਕ ਇਨੋਵਾ ਕਾਰ ਚਾਲਕ ਆ ਰਿਹਾ ਸੀ। ਜਿਵੇਂ ਹੀ ਦੋਵੇਂ ਸੈਕਟਰ 78-79 ਦੇ ਲਾਈਟ ਪੁਆਇੰਟ 'ਤੇ ਪੁੱਜੇ ਤਾਂ ਦੋਵਾਂ ਵਾਹਨਾਂ ਦੀ ਆਪਸ ਵਿਚ ਟੱਕਰ ਹੋ ਗਈ। ਹਾਦਸੇ ਵਿਚ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ। ਹਾਦਸੇ 'ਚ ਜ਼ਖ਼ਮੀ ਹੋਏ ਤਿੰਨਾਂ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਉਥੇ ਪਹੁੰਚ ਕੇ ਡਾਕਟਰ ਨੇ ਇਨੋਵਾ ਚਾਲਕ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਸਕਾਰਪੀਓ 'ਚ ਬੈਠੇ ਆਰੀਆ ਸ਼ਰਮਾ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਹਾਦਸੇ ਵਿਚ ਸਕਾਰਪੀਓ ਚਾਲਕ ਅਰਜੁਨ ਦੇ ਵੀ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸੋਹਾਣਾ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਕਰਨ 'ਤੇ ਪਤਾ ਲੱਗਾ ਕਿ ਅਰਜੁਨ ਦੀ ਕਾਰ ਤੇਜ਼ ਰਫਤਾਰ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਪੁਲਸ ਨੇ ਅਰਜੁਨ ਖ਼ਿਲਾਫ਼ ਸਬੰਧਤ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਸ ਜਾਂਚ ਦੌਰਾਨ ਬਿਆਨ ਦਿੰਦੇ ਹੋਏ ਮ੍ਰਿਤਕ ਦੇ ਸਾਥੀ ਅਸ਼ਰਫ ਦੇ ਡਰਾਈਵਰ ਨੇ ਦੱਸਿਆ ਕਿ ਉਸ ਦੀ ਕਾਰ ਮੁਹੰਮਦ ਅਸਲਮ ਦੀ ਇਨੋਵਾ ਦੇ ਪਿੱਛੇ ਸੀ। ਪੁਲਸ ਜਾਂਚ ਦੌਰਾਨ ਉਸ ਨੇ ਦੱਸਿਆ ਕਿ ਸਕਾਰਪੀਓ ਦੀ ਰਫ਼ਤਾਰ ਇੰਨੀ ਜ਼ਿਆਦਾ ਸੀ ਕਿ ਜਿਵੇਂ ਹੀ ਸਕਾਰਪੀਓ ਨੇ ਇਨੋਵਾ ਨੂੰ ਟੱਕਰ ਮਾਰੀ ਤਾਂ ਇਨੋਵਾ 50 ਫੁੱਟ ਦੇ ਕਰੀਬ ਛਾਲ ਮਾਰ ਕੇ ਸੜਕ 'ਤੇ ਜਾ ਡਿੱਗੀ ਅਤੇ ਪੂਰੀ ਤਰ੍ਹਾਂ ਨੁਕਸਾਨੀ ਗਈ। ਚਾਲਕ ਮੁਹੰਮਦ ਅਸਲਮ ਨੂੰ ਲਹੂ-ਲੁਹਾਨ ਹਾਲਤ 'ਚ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਨੋਵਾ ਚਾਲਕ ਮੁਹੰਮਦ ਅਸਲਮ ਮੀਰ ਮੂਲ ਰੂਪ ਵਿਚ ਜੰਮੂ-ਕਸ਼ਮੀਰ ਦਾ ਰਹਿਣ ਵਾਲਾ ਸੀ ਅਤੇ ਕਾਰ ਡੀਲਰ ਦਾ ਕੰਮ ਕਰਦਾ ਸੀ। ਉਹ ਗੁਜਰਾਤ ਤੋਂ ਸੈਕੰਡ ਹੈਂਡ ਕਾਰਾਂ ਲਿਆ ਕੇ ਜੰਮੂ-ਕਸ਼ਮੀਰ ਵਿਚ ਵੇਚਦਾ ਸੀ। 7 ਫਰਵਰੀ ਨੂੰ ਉਹ ਆਪਣੇ ਦੋਸਤ ਅਸ਼ਰਫ ਅਤੇ ਡਰਾਈਵਰ ਨਾਲ ਗੁਜਰਾਤ ਦੇ ਅਹਿਮਦਾਬਾਦ ਲਈ ਹਵਾਈ ਜਹਾਜ਼ ਰਾਹੀਂ ਗਿਆ ਸੀ। ਉਥੋਂ ਉਸ ਨੇ ਇਕ ਇਨੋਵਾ ਅਤੇ ਇਕ ਟਵੇਰਾ ਕਾਰ ਖਰੀਦੀ। ਹਾਦਸੇ ਦੇ ਸਮੇਂ ਮੁਹੰਮਦ ਅਸਲਮ ਮੀਰ ਇਨੋਵਾ ਕਾਰ ਚਲਾ ਰਿਹਾ ਸੀ ਜਦਕਿ ਉਸ ਦੇ ਪਿੱਛੇ ਉਸ ਦਾ ਦੋਸਤ ਅਸ਼ਰਫ ਟਵੇਰਾ ਕਾਰ ਵਿਚ ਆ ਰਿਹਾ ਸੀ। ਟਵੇਰਾ ਉਸ ਦਾ ਡਰਾਈਵਰ ਚਲਾ ਰਿਹਾ ਸੀ। ਜਿਨ੍ਹਾਂ ਦੇ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਸੀ।

## ਬੱਚਿਆਂ ਦੀ ਖੇਡ 'ਚ ਔਰਤ ਦੇ ਵੱਜੀ ਗੇਂਦ, ਔਰਤ ਦੇ ਪਰਿਵਾਰ ਨੇ ਬੱਚੇ ਦੇ ਪਰਿਵਾਰ 'ਤੇ ਕਰ ਦਿੱਤਾ ਹਮਲਾ

ਲੁਧਿਆਣਾ 24 ਫਰਵਰੀ। ਥਾਣਾ ਜੋਧੇਵਾਲ ਅਧੀਨ ਪੈਂਦੇ ਸ਼ਿਮਲਾਪੁਰੀ ਕਾਲੋਨੀ 'ਚ ਜਦੋਂ ਛੋਟੇ ਬੱਚੇ ਕ੍ਰਿਕਟ ਮੈਚ ਖੇਡ ਰਹੇ ਸਨ ਤਾਂ ਉਨ੍ਹਾਂ ਦੀ ਬਾਲ ਗਲੀ 'ਚ ਖੜ੍ਹੀ ਇਕ ਔਰਤ ਦੇ ਵੱਜ ਗਈ, ਜਿਸ ਤੋਂ ਬਾਅਦ ਔਰਤ ਦੇ ਪਰਿਵਾਰਕ ਮੈਂਬਰਾਂ ਨੇ ਬੱਚੇ ਦੇ ਪਰਿਵਾਰ 'ਤੇ ਹਮਲਾ ਕਰ ਦਿੱਤਾ, ਜਿਸ ਵਿਚ ਕਈ ਲੋਕ ਜਖਮੀ ਹੋ ਗਏ। ਉਕਤ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਜਖਮੀ ਵਿਅਕਤੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਉਹ ਇਕ ਪ੍ਰਾਈਵੇਟ ਬੈਂਕ ਦਾ ਮੈਨੇਜਰ ਹੈ, ਉਸ ਦਾ ਲੜਕਾ ਅਤੇ ਕੁਝ ਹੋਰ ਬੱਚੇ ਗਲੀ 'ਚ ਕ੍ਰਿਕਟ ਮੈਚ ਖੇਡ ਰਹੇ ਸਨ ਕਿ ਉਨ੍ਹਾਂ ਦੇ ਗੁਆਂਢ 'ਚ ਰਹਿਣ ਵਾਲੀ ਔਰਤ ਦੇ ਖੇਡਦੇ ਸਮੇਂ ਬਾਲ ਲੱਗ ਗਈ, ਜਿਸ ਤੋਂ ਬਾਅਦ ਉਕਤ ਔਰਤ ਦੇ ਪਰਿਵਾਰਕ ਮੈਂਬਰ ਡੰਡਿਆਂ ਨਾਲ ਉਸ ਦੇ ਘਰ ਦੇ ਬਾਹਰ ਆ ਗਏ ਅਤੇ ਉਸ 'ਤੇ ਹਮਲਾ ਕਰ ਦਿੱਤਾ। ਲੜਾਈ 'ਚ ਉਸ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਕੁੱਟਮਾਰ ਦੀ ਸਾਰੀ ਘਟਨਾ ਘਰ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ, ਜਿਸ 'ਚ ਸਾਫ ਦਿਖਾਈ ਦੇ ਰਿਹਾ ਸੀ ਕਿ ਹਮਲਾਵਰਾਂ ਨੇ ਉਸ ਨੂੰ ਕਿੰਨੀ ਬੁਰੀ ਤਰ੍ਹਾਂ ਨਾਲ ਕੁੱਟਿਆ ਹੈ। ਇਸ ਸਬੰਧੀ ਜਦੋਂ ਥਾਣਾ ਸਦਰ ਦੇ ਇੰਚਾਰਜ ਪਰਮਦੀਪ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲਸ ਨੂੰ ਸ਼ਿਕਾਇਤ ਮਿਲੀ ਹੈ ਅਤੇ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ।

## ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਇਆ 3 ਪੈਸੇ ਵਧ ਕੇ ਖੁੱਲ੍ਹਿਆ

ਮੁੰਬਈ 24 ਫਰਵਰੀ। ਘਰੇਲੂ ਸੇਅਰ ਬਾਜਾਰਾਂ ਵਿਚ ਸਕਾਰਾਤਮਕ ਰੁਖ ਦਰਮਿਆਨ ਵੀਰਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਤਿੰਨ ਪੈਸੇ ਵਧ ਕੇ 82.99 ਦੇ ਪੱਧਰ 'ਤੇ ਪਹੁੰਚ ਗਿਆ। ਫਾਰੇਕਸ ਵਪਾਰੀਆਂ ਨੇ ਕਿਹਾ ਕਿ ਰੁਪਿਆ ਸੀਮਤ ਦਾਇਰੇ 'ਚ ਕਾਰੋਬਾਰ ਕਰ ਰਿਹਾ ਹੈ। ਅਮਰੀਕੀ ਮੁਦਰਾ ਦੇ ਮਜਬੂਤ ਰੁਝਾਨ ਅਤੇ ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਘਰੇਲੂ ਬਾਜਾਰਾਂ ਵਿੱਚ ਸਕਾਰਾਤਮਕ ਰੁਝਾਨ ਨੇ ਸਥਾਨਕ ਮੁਦਰਾ ਲਈ ਸਮਰਥਨ ਸੀਮਤ ਕਰ ਦਿੱਤਾ। ਅੰਤਰਬੈਂਕ ਵਿਦੇਸੀ ਮੁਦਰਾ ਬਾਜਾਰ 'ਚ ਰੁਪਿਆ 83.00 ਪ੍ਰਤੀ ਡਾਲਰ 'ਤੇ ਖੁੱਲ੍ਹਿਆ। ਇਸ ਤੋਂ ਬਾਅਦ ਇਹ 82.99 ਪ੍ਰਤੀ ਡਾਲਰ 'ਤੇ ਪਹੁੰਚ ਗਿਆ, ਜੋ ਪਿਛਲੀ ਬੰਦ ਕੀਮਤ ਤੋਂ ਤਿੰਨ ਪੈਸੇ ਦਾ ਵਾਧਾ ਹੈ। ਬੁੱਧਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 83.02 ਦੇ ਪੱਧਰ 'ਤੇ ਬੰਦ ਹੋਇਆ ਸੀ। ਇਸ ਦੌਰਾਨ



ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਦਰਸਾਉਂਦਾ ਡਾਲਰ ਸੂਚਕਾਂਕ 0.02 ਪ੍ਰਤੀਸਤ ਹੇਠਾਂ 104.69 ਦੇ ਪੱਧਰ 'ਤੇ ਕਾਰੋਬਾਰ ਕਰਦਾ ਦੇਖਿਆ ਗਿਆ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ ਫਿਊਚਰਜ 0.49 ਫੀਸਦੀ ਡਿੱਗ ਕੇ 81.20 ਅਮਰੀਕੀ ਡਾਲਰ ਪ੍ਰਤੀ ਬੈਰਲ 'ਤੇ ਰਿਹਾ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਬੁੱਧਵਾਰ ਨੂੰ 3,929.60 ਕਰੋੜ ਰੁਪਏ ਦੇ ਸੇਅਰਾਂ ਦੀ ਸ਼ੁੱਧ ਵਿਕਰੀ ਕੀਤੀ।

## ਦੋਸਤ ਦੀ ਪਤਨੀ ਨੂੰ ਬਲੈਕਮੇਲ ਕਰਦੇ ਹੋਏ ਬਣਾਏ ਨਾਜਾਇਜ਼ ਸਬੰਧ, ਵੀਡੀਓ ਕੀਤੀ ਵਾਇਰਲ

ਤਰਨਤਾਰਨ 24 ਫਰਵਰੀ। ਵਿਆਹੁਤਾ ਨਾਲ ਜ਼ਬਰਦਸਤੀ ਬਲੈਕਮੇਲ ਕਰਦੇ ਹੋਏ ਸਬੰਧ ਬਣਾਉਣ ਤੇ ਉਸ ਦੀ ਅਸ਼ਲੀਲ ਵੀਡੀਓ ਵਾਇਰਲ ਕਰਨ ਦੇ ਮਾਮਲੇ 'ਚ ਥਾਣਾ ਸਿਟੀ ਪੱਟੀ ਦੀ ਪੁਲਸ ਨੇ ਇਕ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੱਟੀ ਨਿਵਾਸੀ 34 ਸਾਲਾ ਵਿਆਹੁਤਾ ਨੇ ਥਾਣਾ ਸਿਟੀ ਪੱਟੀ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸਦਾ ਪਤੀ ਵਿਦੇਸ਼ ਚਲਾ ਗਿਆ ਹੈ, ਜਿਸ ਦੇ ਦੋਸਤ ਮਨਦੀਪ ਸਿੰਘ ਵਲੋਂ ਉਸ ਨਾਲ ਜ਼ਬਰਦਸਤੀ ਸਬੰਧ ਬਣਾਉਣੇ ਸ਼ੁਰੂ ਕਰ ਦਿੱਤੇ ਗਏ। ਜੋ ਇਸ ਦੇ ਹੱਕ 'ਚ ਉਹ ਨਹੀਂ ਸੀ। ਕੁਝ ਸਮੇਂ ਬਾਅਦ ਮਨਦੀਪ ਸਿੰਘ ਨੇ ਉਸਦੀ ਇਤਰਾਜ਼ਯੋਗ ਹਾਲਤ 'ਚ ਵੀਡੀਓ ਬਣਾ ਕੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਹ ਇਸ ਸਬੰਧਾਂ ਨੂੰ ਬਣਾਉਣ ਤੋਂ ਇਨਕਾਰ ਕਰਦੀ ਤਾਂ ਉਸ ਨੂੰ ਸੋਸ਼ਲ ਮੀਡੀਆ ਉੱਪਰ ਇਤਰਾਜ਼ਯੋਗ ਵੀਡੀਓ ਵਾਇਰਲ ਕਰਨ ਦੀ ਧਮਕੀ ਦੇਣੀ ਸ਼ੁਰੂ ਕਰ ਦਿੰਦਾ, ਜਿਸ ਦੇ ਡਰ ਤੋਂ ਉਹ ਉਸ ਨਾਲ ਮਜ਼ਬੂਰੀ 'ਚ ਨਾਜਾਇਜ਼ ਸਬੰਧ ਬਣਾਉਂਦੀ ਰਹੀ। ਇਸ ਦੌਰਾਨ ਮਨਦੀਪ ਸਿੰਘ ਨੇ ਉਸ ਦੀ ਇਤਰਾਜ਼ਯੋਗ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਕੇ ਉਸ ਨੂੰ ਬਦਨਾਮ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੱਟੀ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਮਨਦੀਪ ਸਿੰਘ ਨਿਵਾਸੀ ਪੱਟੀ ਦੇ ਖ਼ਿਲਾਫ ਵੱਖ-ਵੱਖ ਧਰਾਵਾਂ ਹੇਠ ਮਾਮਲਾ ਦਰਜ ਕਰਦੇ ਹੋਏ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਅਣਪਛਾਤੇ ਚੋਰਾਂ ਨੇ ਘਰ ਨੂੰ ਬਣਾਇਆ ਨਿਸ਼ਾਨਾ

ਤਰਨਤਾਰਨ 24 ਫਰਵਰੀ। ਅਣਪਛਾਤੇ ਚੋਰਾਂ ਵਲੋਂ ਘਰ ਦੇ ਤਾਲੇ ਤੋੜ 2 ਲੱਖ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸਬੰਧੀ ਥਾਣਾ ਹਰੀਕੇ ਪੱਤਣ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦਿਲਬਾਗ ਸਿੰਘ ਪੁੱਤਰ ਮਹਿੰਦਰ ਸਿੰਘ ਨੂੰ ਗੁਰਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਮਾੜੀ ਜ਼ਿਲ੍ਹਾ ਮੋਗਾ ਦੇ ਆਸਟਰੇਲੀਆ ਜਾਣ ਕਰਕੇ ਆਪਣੇ ਘਰ ਨੂੰ ਤਾਲਾ ਲਗਾ ਕੇ ਉੱਥੇ ਚਲੇ ਗਏ ਸਨ ਜਦੋਂ 18 ਫਰਵਰੀ ਨੂੰ ਉਹ ਘਰ ਵਾਪਿਸ ਪਰਤੇ ਤਾਂ ਘਰ ਦੇ ਤਾਲੇ ਟੁੱਟੇ ਹੋਏ ਸਨ ਅਤੇ ਘਰ ਅੰਦਰ ਪਿਆ ਸਾਰਾ ਸਾਮਾਨ ਖਿਲਰਿਆ ਪਿਆ ਸੀ। ਇਸ ਦੌਰਾਨ ਚੋਰਾਂ ਵਲੋਂ ਘਰ ਦੀ ਅਲਮਾਰੀ ਵਿਚ ਪਏ ਸੋਣੇ ਦੇ ਗਹਿਣੇ ਅਤੇ 2 ਲੱਖ ਰੁਪਏ ਦੀ ਨਕਦੀ ਚੋਰੀ ਕਰ ਲਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਹਰੀਕੇ ਦੇ ਏ. ਐੱਸ. ਆਈ. ਤਰਸੇਮ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਅਣਪਛਾਤੇ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਉਸਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਆਟੋ ਸੈਕਟਰ 'ਚ ਤੇਜੀ ਦਾ ਸਿਲਸਿਲਾ ਜਾਰੀ, ਥੋਕ ਵਿਕਰੀ ਜਨਵਰੀ 'ਚ 14 ਫੀਸਦੀ ਵਧੀ

ਨਵੀਂ ਦਿੱਲੀ 24 ਫਰਵਰੀ। ਆਟੋ ਸੈਕਟਰ 'ਚ ਸ਼ਾਨਦਾਰ ਤੇਜੀ ਦਾ ਸਿਲਸਿਲਾ ਨਵੇਂ ਸਾਲ 'ਚ ਵੀ ਜਾਰੀ ਹੈ। ਭਾਰ ਢੋਣ ਵਾਲੇ ਵਾਹਨਾਂ ਦੀ ਮਜਬੂਤ ਮੰਗ ਦਰਮਿਆਨ ਘਰੇਲੂ ਯਾਤਰੀ ਵਾਹਨ ਦੀ ਥੋਕ ਵਿਕਰੀ ਜਨਵਰੀ ਵਿਚ ਸਾਲਾਨਾ ਆਧਾਰ 'ਤੇ 14 ਫੀਸਦੀ ਵਧ ਕੇ



3,93,074 ਇਕਾਈ ਹੋ ਗਈ। ਇਹ ਜਨਵਰੀ 'ਚ ਹੁਣ ਤੱਕ ਦਰਜ ਵਿਕਰੀ ਦਾ ਸਭ ਤੋਂ ਵੱਧ ਅੰਕੜਾ ਹੈ। ਜਨਵਰੀ 2023 ਵਿਚ ਥੋਕ ਵਿਕਰੀ 3,46,080 ਇਕਾਈ ਰਹੀ ਸੀ। ਵਾਹਨ ਕੰਪਨੀਆਂ ਦੇ ਸੰਗਠਨ ਸੋਸਾਇਟੀ ਆਫ ਇੰਡੀਅਨ ਆਟੋਮੋਬਾਇਲ ਮੈਨੂਫੈਕਚਰਰਸ (ਸਿਆਮ) ਵਲੋਂ ਜਾਰੀ ਅੰਕੜਿਆਂ ਮੁਤਾਬਕ ਦੋਪਹੀਆ ਵਾਹਨਾਂ ਦੀ ਥੋਕ ਵਿਕਰੀ ਜਨਵਰੀ 'ਚ ਸਾਲਾਨਾ ਆਧਾਰ 'ਤੇ 26 ਫੀਸਦੀ ਦੀ ਬੜ੍ਹਤ ਨਾਲ 14,95,183 ਇਕਾਈ ਰਹੀ। ਸਿਆਮ ਦੇ ਮੁਖੀ ਵਿਨੋਦ ਅੱਗਰਵਾਲ ਨੇ ਕਿਹਾ ਕਿ ਹਾਂਪੱਖੀ ਖਪਤਕਾਰ ਭਾਵਨਾਵਾਂ ਦਰਮਿਆਨ ਯਾਤਰੀ ਵਾਹਨ ਦੀ ਵਿਕਰੀ ਮਜਬੂਤ ਬਣੀ ਹੋਈ ਹੈ। ਦੋਪਹੀਆ ਵਾਹਨ ਸੈਗਮੈਂਟ ਵਿਚ ਜਨਵਰੀ ਵਿਚ ਚੰਗਾ ਵਾਧਾ ਦੇਖਿਆ ਗਿਆ ਅਤੇ ਗ੍ਰਾਮੀਣ ਬਾਜਾਰ ਵਿਚ ਸੁਧਾਰ ਜਾਰੀ ਹੈ। ਤਿੰਨ ਪਹੀਆ ਵਾਹਨਾਂ ਦੀ ਥੋਕ ਵਿਕਰੀ ਜਨਵਰੀ ਵਿਚ 9 ਫੀਸਦੀ ਦੇ ਵਾਧੇ ਨਾਲ 53,537 ਇਕਾਈ ਰਹੀ। ਸਿਆਮ ਮੁਤਾਬਕ ਮਾਰੂਤੀ ਸੁਜ਼ੂਕੀ ਇੰਡੀਆ ਨੇ ਜਨਵਰੀ 2024 ਵਿਚ 1,66,802 ਇਕਾਈਆਂ ਦੀ ਥੋਕ ਵਿਕਰੀ ਦਰਜ ਕੀਤੀ, ਜੋ ਜਨਵਰੀ 2023 ਵਿਚ 1,47,348 ਇਕਾਈਆਂ ਨਾਲੋਂ ਵੱਧ ਹੈ। ਹੁੰਡਈ ਮੋਟਰ ਇੰਡੀਆ ਨੇ 57,115 ਇਕਾਈਆਂ ਵੇਚੀਆਂ, ਜਦ ਕਿ 2023 ਵਿਚ ਇਸੇ ਮਹੀਨੇ ਵਿਚ ਇਹ ਗਿਣਤੀ 50,106 ਇਕਾਈ ਸੀ। ਮਹਿੰਦਰਾ ਐਂਡ ਮਹਿੰਦਰਾ ਦੀ ਥੋਕ ਵਿਕਰੀ ਜਨਵਰੀ 2023 ਦੀਆਂ 33,040 ਇਕਾਈਆਂ ਤੋਂ ਵਧ ਕੇ ਪਿਛਲੇ ਮਹੀਨੇ 43,068 ਇਕਾਈ ਰਹੀ। ਮੋਟਰਸਾਈਕਲ ਸੈਗਮੈਂਟ ਵਿਚ ਹੀਰੋ ਮੋਟੋਕਾਰਪ ਨੇ ਪਿਛਲੇ ਮਹੀਨੇ ਘਰੇਲੂ ਬਾਜਾਰ ਵਿਚ 3,89,752 ਇਕਾਈ ਦੀ ਵਿਕਰੀ ਕੀਤੀ। ਹੌਂਡਾ ਮੋਟਰਸਾਈਕਲ ਐਂਡ ਸਕੂਟਰ ਇੰਡੀਆ ਨੇ 1,27,912 ਇਕਾਈ ਦੀ ਤੁਲਨਾ ਵਿਚ ਪਿਛਲੇ ਮਹੀਨੇ 1,83,638 ਇਕਾਈਆਂ ਦੀ ਵਿਕਰੀ ਕੀਤੀ। ਸਿਆਮ ਨੇ ਕਿਹਾ ਕਿ ਬਜਾਜ ਆਟੋ ਲਿਮਟਿਡ ਨੇ ਪਿਛਲੇ ਮਹੀਨੇ 1,78,056 ਮੋਟਰਸਾਈਕਲਾਂ ਵੇਚੀਆਂ। ਸਕੂਟਰ ਦੀ ਵਿਕਰੀ 'ਚ ਵੀ ਜੋਰਦਾਰ ਤੇਜੀ ਦੇਖੀ ਗਈ। ਹੌਂਡਾ ਮੋਟਰਸਾਈਕਲ ਐਂਡ ਸਕੂਟਰ ਇੰਡੀਆ ਨੇ 1,98,674 ਇਕਾਈ ਦੀ ਵਿਕਰੀ ਕੀਤੀ। ਟੀ. ਵੀ.ਐੱਸ. ਮੋਟਰ ਕੰਪਨੀ ਨੇ ਵੀ ਜਨਵਰੀ 2023 ਵਿਚ 1,00,354 ਇਕਾਈਆਂ ਦੀ ਤੁਲਨਾ ਵਿਚ ਪਿਛਲੇ ਮਹੀਨੇ 1,24,664 ਇਕਾਈਆਂ ਦਾ ਮਜਬੂਤ ਵਾਧਾ ਦਰਜ ਕੀਤਾ। ਸੁਜ਼ੂਕੀ ਮੋਟਰਸਾਈਕਲ ਇੰਡੀਆ ਦੀ ਥੋਕ ਵਿਕਰੀ ਵੀ ਪਿਛਲੇ ਸਾਲ ਦੀਆਂ 65,991 ਇਕਾਈਆਂ ਤੋਂ ਵਧ ਕੇ 78,477 ਇਕਾਈ ਹੋ ਗਈ। ਅੱਗਰਵਾਲ ਨੇ ਕਿਹਾ ਕਿ ਵਿੱਤੀ ਸਾਲ 2024-25 ਦੇ ਬਜਟ ਵਿਚ ਟਰਾਂਸਪੋਰਟ ਵਿਵਸਥਾ 'ਤੇ ਸਰਕਾਰ ਦਾ ਧਿਆਨ ਹੈ, ਜਿਸ ਵਿਚ ਇਲੈਕਟ੍ਰਿਕ ਵਾਹਨ ਵਾਤਾਵਰਣ, ਖਾਸ ਕਰ ਕੇ ਚਾਰਜਿੰਗ ਇਨਫ੍ਰਾ ਅਤੇ ਜਨਤਕ ਟਰਾਂਸਪੋਰਟ ਨੂੰ ਮਜਬੂਤ ਕਰਨਾ ਸ਼ਾਮਲ ਹੈ। ਇਸ ਨਾਲ ਆਟੋਮੋਟਿਵ ਸੈਕਟਰ ਦੀ ਸਮੁੱਚੀ ਵਿਕਾਸ ਗਤੀ ਨੂੰ ਜਾਰੀ ਰੱਖਣ ਵਿਚ ਮਦਦ ਮਿਲੇਗੀ।

## ਬੱਸਾਂ 'ਚ ਸਫਰ ਕਰਨ ਵਾਲਿਆਂ ਲਈ ਬੇਹੱਦ ਅਹਿਮ ਖਬਰ, ਪੰਜਾਬ ਰੋਡਵੇਜ ਨੇ ਲਿਆ ਵੱਡਾ ਫੈਸਲਾ

ਲੁਧਿਆਣਾ 24 ਫਰਵਰੀ। ਕਿਸਾਨ ਸੰਘਰਸ਼ ਦੌਰਾਨ ਦਿੱਲੀ 'ਚ ਬੱਸਾਂ ਦੇ ਦਾਖਲੇ 'ਤੇ ਪਾਬੰਦੀ ਲਗਾਈ ਗਈ ਹੈ, ਜਿਸ ਕਾਰਨ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਬੱਸਾਂ ਦੀ ਆਨਲਾਈਨ ਬੁਕਿੰਗ ਵੀ ਬੰਦ ਕਰ ਦਿੱਤੀ ਗਈ ਹੈ, ਜਦੋਂਕਿ ਹਰ ਤਰ੍ਹਾਂ ਦੇ ਵਾਹਨਾਂ ਲਈ ਦਿੱਲੀ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ। ਇਸ ਸੰਘਰਸ਼ ਕਾਰਨ ਜਿੱਥੇ ਬੱਸਾਂ ਬੰਦ ਹੋ ਗਈਆਂ ਹਨ, ਉੱਥੇ ਯਾਤਰੀਆਂ ਨੂੰ ਵੀ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਉਨ੍ਹਾਂ ਲਈ ਆਪਣੀ



ਮੰਜ਼ਿਲ 'ਤੇ ਪੁੱਜਣਾ ਮੁਸ਼ਕਲ ਹੋ ਗਿਆ ਹੈ। ਹਾਲਾਤ ਨੂੰ ਦੇਖਦੇ ਹੋਏ ਪੰਜਾਬ ਰੋਡਵੇਜ਼ ਅਤੇ ਪੀ. ਆਰ. ਟੀ. ਸੀ. ਅਧਿਕਾਰੀਆਂ ਨੇ ਪੰਜਾਬ ਤੋਂ ਜਾਣ ਵਾਲੀਆਂ ਬੱਸਾਂ ਬੰਦ ਕਰ ਦਿੱਤੀਆਂ ਹਨ। ਪੰਜਾਬ ਜਾਣ ਵਾਲੀਆਂ ਬੱਸਾਂ ਨੂੰ ਹਟਾ ਕੇ ਚੰਡੀਗੜ੍ਹ ਰੂਟ 'ਤੇ ਰਵਾਨਾ ਕੀਤਾ ਪਰ ਰਸਤਾ ਡਾਇਵਰਟ ਕੀਤੇ ਜਾਣ ਕਾਰਨ ਵੀ ਭਾਰੀ ਜਾਮ 'ਚ ਕਈ ਬੱਸਾਂ ਫਸੀਆਂ ਰਹੀਆਂ। ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਰਣਜੀਤ ਸਿੰਘ ਬੱਗਾ ਨੇ ਦੱਸਿਆ ਕਿ ਕਿਸਾਨ ਸੰਘਰਸ਼ ਕਾਰਨ ਵਿਭਾਗ ਨੇ ਪਹਿਲਾਂ ਹੀ ਚੌਕਸੀ ਵਰਤਣੀ ਸ਼ੁਰੂ ਕਰ ਦਿੱਤੀ ਸੀ ਕਿਉਂਕਿ ਸਵਾਰੀਆਂ ਨਾਲ ਭਰੀਆਂ ਬੱਸਾਂ ਨੂੰ ਕੋਈ ਨੁਕਸਾਨ ਨਾ ਹੋਵੇ। ਉਨ੍ਹਾਂ ਕਿਹਾ ਕਿ ਬੱਸਾਂ ਦੀ ਆਨਲਾਈਨ ਬੁਕਿੰਗ ਵੀ ਬੰਦ ਕਰ ਦਿੱਤੀ ਗਈ ਹੈ ਅਤੇ ਦਿੱਲੀ, ਅੰਬਾਲਾ, ਜੈਪੁਰ ਅਤੇ ਲੰਬੇ ਰੂਟਾਂ 'ਤੇ ਜਾਣ ਵਾਲੀਆਂ ਸਾਰੀਆਂ ਬੱਸਾਂ ਨੂੰ ਬੰਦ ਕਰ ਦਿੱਤਾ ਗਿਆ ਹੈ।

# ਬਾਈਕ ਟੈਕਸੀ ਕਾਰੋਬਾਰੀਆਂ ਨੂੰ ਰਸਤਾ ਦੇਣ ਦੀ ਕੋਸ਼ਿਸ਼ 'ਚ ਕੇਂਦਰ ਸਰਕਾਰ

ਬਿਜਨੈੱਸ ਡੈਸਕ 24 ਫਰਵਰੀ। ਕੇਂਦਰ ਸਰਕਾਰ ਵਲੋਂ ਬਾਈਕ ਟੈਕਸੀ ਕਾਰੋਬਾਰ ਨੂੰ ਕਾਨੂੰਨੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਕੇਂਦਰ ਨੇ ਰਾਜ ਸਰਕਾਰਾਂ ਨੂੰ ਬਾਈਕ ਟੈਕਸੀ ਦੀ ਪਰਿਭਾਸ਼ਾ ਨੂੰ ਸਪੱਸ਼ਟ ਕਰਦੇ ਹੋਏ ਇੱਕ ਸਲਾਹਕਾਰੀ ਨੋਟੀਫਿਕੇਸਨ ਜਾਰੀ ਕੀਤਾ ਹੈ। ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ 22 ਜਨਵਰੀ ਨੂੰ ਇਹ ਨੋਟੀਫਿਕੇਸਨ ਜਾਰੀ ਕੀਤਾ ਸੀ, ਜਿਸਦਾ ਸਿਰਲੇਖ ਸੀ- 'ਮੋਟਰਸਾਈਕਲ ਮੋਟਰ ਵਹੀਕਲ ਐਕਟ, 1988 ਦੀ ਧਾਰਾ 2(7) ਦੇ ਤਹਿਤ 'ਠੇਕੇ 'ਤੇ ਚੱਲਣ ਵਾਲੇ ਵਾਹਨ' ਦੀ ਪਰਿਭਾਸ਼ਾ ਦੇ ਦਾਇਰੇ ਵਿਚ ਆਉਂਦੀ ਹੈ, ਨੋਟੀਫਿਕੇਸਨ ਜਾਰੀ ਕੀਤਾ ਗਿਆ ਸੀ। ਸੂਤਰਾਂ ਅਨੁਸਾਰ ਮੋਟਰ ਵਹੀਕਲ ਐਕਟ ਦੀ ਧਾਰਾ 2 (28) ਦੇ ਅਨੁਸਾਰ ਜਿਨ੍ਹਾਂ ਵਾਹਨਾਂ ਦੇ ਚਾਰ ਪਹੀਏ ਨਹੀਂ ਹਨ ਅਤੇ ਇੰਜਣ 25 ਸੀਸੀ ਤੋਂ ਵੱਧ ਹੈ, ਨੂੰ ਵੀ ਮੋਟਰ ਵਾਹਨਾਂ ਦੀ ਸ੍ਰੇਣੀ ਵਿੱਚ ਸਾਮਲ ਕੀਤਾ ਜਿਸਦਾ ਸਿਰਲੇਖ ਸੀ- 'ਮੋਟਰਸਾਈਕਲ ਮੋਟਰ ਵਹੀਕਲ ਐਕਟ, 1988 ਦੀ ਧਾਰਾ 2(7) ਦੇ ਤਹਿਤ 'ਠੇਕੇ 'ਤੇ ਚੱਲਣ ਵਾਲੇ ਵਾਹਨ' ਦੀ ਪਰਿਭਾਸ਼ਾ ਦੇ ਦਾਇਰੇ ਵਿਚ ਆਉਂਦੀ ਹੈ, ਨੋਟੀਫਿਕੇਸਨ



ਜਾਰੀ ਕੀਤਾ ਗਿਆ ਸੀ। ਸੂਤਰਾਂ ਅਨੁਸਾਰ ਮੋਟਰ ਵਹੀਕਲਗਿਆ ਹੈ। ਅਜਿਹੀ ਸਥਿਤੀ ਵਿੱਚ ਮੋਟਰਸਾਈਕਲ ਵੀ ਇਸ ਐਕਟ ਦੀ ਧਾਰਾ 2(7) ਦੇ ਦਾਇਰੇ ਵਿੱਚ ਆ ਜਾਵੇਗਾ। ਮੋਟਰ ਵਹੀਕਲ ਐਕਟ ਦੇ ਅਨੁਸਾਰ ਠੇਕੇ ਵਾਲੀ ਗੱਡੀ ਉਸ ਵਾਹਨ ਨੂੰ ਕਿਹਾ ਜਾਂਦਾ ਹੈ, ਜੋ ਪਹਿਲਾਂ ਤੋਂ ਨਿਰਧਾਰਤ ਸ਼ਰਤਾਂ ਨਾਲ ਯਾਤਰੀਆਂ ਦੀ ਆਵਾਜਾਈ ਲਈ ਕਿਰਾਏ 'ਤੇ ਲਿਆ ਜਾਂਦਾ ਹੈ। ਦੱਸ ਦੇਈਏ ਕਿ ਇਸ ਵਿੱਚ ਵਾਹਨ ਨੂੰ ਨਿਸਚਿਤ ਦੂਰੀ ਜਾਂ ਇੱਕ ਨਿਸਚਿਤ ਮਿਆਦ ਲਈ ਇੱਕ ਨਿਸਚਿਤ ਕਿਰਾਏ 'ਤੇ ਦਿੱਤਾ ਜਾਂਦਾ ਹੈ। ਇਸ ਵਿਚ ਪੱਕਾ ਰਸਤਾ ਹੋਣਾ ਜਰੂਰੀ ਨਹੀਂ ਹੈ। ਦੂਜੇ ਪਾਸੇ ਇਸ ਕਦਮ ਦਾ ਉਦੇਸ ਮੋਟਰਸਾਈਕਲਾਂ ਨੂੰ ਦੇਸ ਵਿੱਚ ਕਾਨੂੰਨੀ ਤੌਰ 'ਤੇ ਕੰਟਰੈਕਟ ਵਾਹਨਾਂ ਵਜੋਂ ਚਲਾਉਣ ਦੀ ਆਗਿਆ ਦੇਣਾ ਹੈ। ਇਸ ਨਾਲ ਆਵਾਜਾਈ ਦੇ ਨਵੇਂ ਵਿਕਲਪ ਅਤੇ ਲੋਕਾਂ ਲਈ ਆਮਦਨ ਦੇ ਮੌਕੇ ਵੱਧ ਤੋਂ ਵੱਧ ਪੈਦਾ ਹੋਣਗੇ। ਮਾਹਿਰਾਂ ਨੇ ਸਰਕਾਰ ਦੇ ਇਸ ਕਦਮ ਨੂੰ ਬਾਈਕ ਟੈਕਸੀ ਡਰਾਈਵਰਾਂ ਅਤੇ ਐਗਰੀਗੇਟਰ ਕੰਪਨੀਆਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਸਕਾਰਾਤਮਕ ਦੱਸਿਆ ਹੈ। ਪਰ ਬਾਈਕ ਚਲਾਉਣ ਦੀ ਇਜਾਜਤ ਮਿਲਣਾ ਅਜੇ ਵੀ ਇੱਕ ਚੁਣੌਤੀ ਹੈ, ਕਿਉਂਕਿ ਸੜਕੀ ਆਵਾਜਾਈ ਸੂਬੇ ਦੇ ਦਾਇਰੇ ਵਿੱਚ ਆਉਂਦੀ ਹੈ। ਨੋਟੀਫਿਕੇਸਨ ਤੋਂ ਸਪੱਸਟ ਹੈ ਕਿ ਦੋਪਹੀਆ ਵਾਹਨ ਵੀ ਮੋਟਰ ਵਾਹਨਾਂ ਦੇ ਦਾਇਰੇ ਵਿੱਚ ਆਉਂਦੇ ਹਨ।

## ਪੰਚਾਇਤੀ ਜਮੀਨ ਦੀ ਬੋਲੀ ਸਬੰਧੀ 5 ਲੱਖ ਦਾ ਕੀਤਾ ਗਬਨ, ਔਰਤ ਸਣੇ ਸਰਪੰਚ ਤੇ ਪੰਚਾਇਤ ਸਕੱਤਰ ਨਾਮਜਦ

ਤਰਨਤਾਰਨ 24 ਫਰਵਰੀ। ਪੰਚਾਇਤੀ ਜਮੀਨ ਦੀ ਦੋ ਪਿੰਡਾਂ ਬੋਲੀ ਦੌਰਾਨ ਪ੍ਰਾਪਤ ਹੋਈ ਰਕਮ ਨੂੰ ਬੈਂਕ ਖਾਤੇ 'ਚ ਜਮ੍ਹਾ ਕਰਵਾਉਣ ਦੀ ਬਜਾਏ ਗਬਨ ਕਰਨ ਦੇ ਇਲਜਾਮ ਹੇਠ ਔਰਤ ਸਮੇਤ 2 ਸਰਪੰਚਾਂ ਅਤੇ ਪੰਚਾਇਤ ਸਕੱਤਰ ਖ਼ਿਲਾਫ ਥਾਣਾ ਸਦਰ ਪੱਟੀ ਦੀ ਪੁਲਸ ਨੇ ਪਰਚਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਵਿਧਾਨ ਸਭਾ ਹਲਕਾ ਖੇਮਕਰਨ ਅਧੀਨ ਆਉਂਦੇ ਪਿੰਡ ਮਾਨ ਅਤੇ ਜੰਡ ਦੀ ਪੰਚਾਇਤੀ ਜਮੀਨ ਨੂੰ ਠੇਕੇ 'ਤੇ ਦੇਣ ਲਈ ਬੋਲੀ ਕਰਵਾਈ ਗਈ ਸੀ, ਇਨ੍ਹਾਂ ਦੋਵਾਂ ਪਿੰਡਾਂ ਦੀ ਬੋਲੀ ਉਸ ਵੇਲੇ ਦੇ ਪੰਚਾਇਤ ਸਕੱਤਰ ਲਖਬੀਰ ਸਿੰਘ ਦੀ ਮੌਜੂਦਗੀ ਵਿੱਚ ਕਰਵਾਈ ਗਈ, ਜਿਸ ਦੌਰਾਨ ਕੁੱਲ 4 ਲੱਖ 95000 ਰੁਪਏ ਦੀ ਰਾਸੀ ਪ੍ਰਾਪਤ ਹੋਣ ਤੋਂ ਬਾਅਦ ਇਸ ਨੂੰ ਪੰਚਾਇਤੀ ਬੈਂਕ ਖਾਤੇ 'ਚ ਜਮ੍ਹਾ ਕਰਵਾਉਣਾ ਬਣਦਾ ਸੀ ਪਰ ਪਿੰਡ ਮਾਨ ਦੀ ਸਰਪੰਚ ਸੁਖਵਿੰਦਰ ਕੌਰ ਅਤੇ ਪਿੰਡ ਜੰਡ ਦੇ ਸਰਪੰਚ




ਅਵਤਾਰ ਸਿੰਘ ਵੱਲੋਂ ਇਹ ਰਾਸੀ ਬੈਂਕ ਵਿੱਚ ਜਮ੍ਹਾ ਨਹੀਂ ਕਰਵਾਈ ਗਈ। ਇਸ ਕੀਤੇ ਗਏ ਗਬਨ ਦੀ ਭਣਕ ਲੱਗਣ ਤੋਂ ਬਾਅਦ ਮਾਮਲੇ ਦੀ ਜਾਂਚ ਕਰਵਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲਟੋਹਾ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ। ਜਿਸ ਦੀ ਜਾਂਚ ਹੋਣ ਉਪਰੰਤ ਡੀ.ਏ ਲੀਗਲ ਗੁਰਪ੍ਰੀਤ ਸਿੰਘ ਰਾਣਾ ਦੀ ਮਨਜੂਰੀ ਮਿਲਣ ਅਤੇ ਜ਼ਿਲ੍ਹੇ ਦੇ ਐੱਸਐੱਸਪੀ ਅਸਵਨੀ ਕਪੂਰ ਵੱਲੋਂ ਦਿੱਤੇ ਹੁਕਮਾਂ ਤੋਂ ਬਾਅਦ ਥਾਣਾ ਸਦਰ ਪੱਟੀ ਦੀ ਪੁਲਸ ਨੇ ਪਿੰਡ ਜੰਡ ਦੇ ਸਰਪੰਚ ਅਵਤਾਰ ਸਿੰਘ, ਪਿੰਡ ਮਾਨ ਦੇ ਸਰਪੰਚ ਸੁਖਵਿੰਦਰ ਕੌਰ ਅਤੇ ਪੰਚਾਇਤ ਸਕੱਤਰ ਲਖਵੀਰ ਸਿੰਘ ਖਿਲਾਫ ਧਾਰਾ 409, 120-ਬੀ ਆਈ.ਪੀ.ਸੀ ਤਹਿਤ ਮਾਮਲਾ ਦਰਜ ਕਰਦੇ ਹੋਏ ਗ੍ਰਿਫਤਾਰੀ ਦੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਮਾਂ ਨੂੰ ਮਿਲਾਉਣ ਦਾ ਬਹਾਨਾ ਬਣਾ ਕੇ ਭਾਣਜੀ ਨੂੰ ਨਾਲ ਲੈ ਗਿਆ ਮਾਸੜ

ਨਿਊ ਚੰਡੀਗੜ੍ਹ 24 ਫਰਵਰੀ। ਮਾਸੜ ਨੇ ਰਿਸ਼ਤੇ ਦੀ ਮਰਿਆਦਾ ਨੂੰ ਤਾਰ-ਤਾਰ ਕਰਦਿਆਂ ਆਪਣੀ ਭਾਣਜੀ ਨੂੰ ਹਵਸ ਦਾ ਸ਼ਿਕਾਰ ਬਣਾਇਆ। ਪੁਲਸ ਨੇ ਪੀੜਤਾ ਦੇ ਬਿਆਨਾਂ 'ਤੇ ਉਕਤ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਇਕ ਦਿਨ ਦੇ ਰਿਮਾਂਡ 'ਤੇ ਹੈ। ਮਿਲੀ ਜਾਣਕਾਰੀ ਮੁਤਾਬਕ ਮਾਸੜ ਨੇ ਘਰ ਆ ਕੇ ਭਾਣਜੀ ਨੂੰ ਕਿਹਾ ਕਿ ਤੇਰੀ ਮਾਂ ਬਹੁਤ ਬਿਮਾਰ ਹੈ, ਜੋ ਪੀ. ਜੀ. ਆਈ. 'ਚ ਦਾਖਲ ਹੈ ਅਤੇ ਤੈਨੂੰ ਬੁਲਾ ਰਹੀ ਹੈ, ਇਸ ਲਈ ਮੈਂ ਤੈਨੂੰ ਲੈਣ ਆਇਆ ਹਾਂ। ਉਹ ਉਸ ਨਾਲ ਮੋਟਰਸਾਈਕਲ 'ਬੈਠ ਕੇ ਪੀ. ਜੀ. ਆਈ. ਪਹੁੰਚੀ। ਪੀ. ਜੀ. ਆਈ. ਕੋਲ ਪਹੁੰਚਣ 'ਤੇ ਉਸ ਨੇ ਕਿਹਾ ਕਿ ਉਸ ਨੇ ਕਿਸੇ ਤੋਂ ਪੈਸੇ ਲੈਣੇ ਹਨ ਤੇ ਪੈਸੇ ਇੱਥੇ ਇਲਾਜ ਲਈ ਵੀ ਕੰਮ ਆਉਂਣਗੇ। ਇਸ ਤੋਂ ਬਾਅਦ ਉਹ ਭਾਣਜੀ ਨੂੰ ਆਟੋ 'ਚ ਬਿਠਾ ਕੇ ਚੰਡੀਗੜ੍ਹ ਸੈਕਟਰ 43 ਦੇ ਬੱਸ ਅੱਡੇ 'ਤੇ ਲੈ ਗਿਆ। ਮਾਸੜ ਆਪਣੀ ਭਾਣਜੀ ਨੂੰ ਬੱਸ 'ਚ ਬਿਠਾ ਕੇ ਗੁਰੂਗ੍ਰਾਮ ਲਈ ਰਵਾਨਾ ਹੋਇਆ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਉਹ ਗੁਰੂਗਾਮ ਗਈ ਅਤੇ ਕਈ ਦਿਨ ਕਿਰਾਏ ਦੇ ਮਕਾਨ 'ਚ ਰਹੀ। ਇੱਥੇ ਉਸ ਨੂੰ ਮਾਸੜ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਅਤੇ ਇਸ ਦਾ ਵਿਰੋਧ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਗੁਰੂਗ੍ਰਾਮ ਤੋਂ ਬਾਅਦ ਉਹ ਕੁੜੀ ਨੂੰ ਜੈਪੁਰ ਲੈ ਗਿਆ, ਜਿੱਥੇ ਉਸ ਨੇ ਇਕ ਹਫਤੇ ਤੱਕ ਕਿਰਾਏ ਦੇ ਮਕਾਨ 'ਚ ਰੱਖਿਆ। ਮੌਕਾ ਦੇਖ ਕੇ ਕੁੜੀ ਉੱਥੋਂ ਭੱਜ ਗਈ ਅਤੇ ਆਪਣੇ ਪਿਤਾ ਨੂੰ ਦਿੱਲੀ ਤੋਂ ਲੈ ਕੇ ਜਾਣ ਲਈ ਬੁਲਾਇਆ। ਇਸ ਤੋਂ ਬਾਅਦ ਉਹ ਦਿੱਲੀ ਪਹੁੰਚ ਗਈ ਅਤੇ ਉੱਥੋਂ ਉਸ ਦਾ ਪਰਿਵਾਰ ਉਸ ਨੂੰ ਲੈ ਗਿਆ। ਉਸ ਨੇ ਸਾਰੀ ਕਹਾਣੀ ਆਪਣੇ ਮਾਤਾ-ਪਿਤਾ ਨੂੰ ਦੱਸੀ, ਜਿਸ ਤੋਂ ਬਾਅਦ ਪੁਲਸ ਨੇ ਪੀੜਤਾ ਦੇ ਬਿਆਨ ਦਰਜ ਕੀਤੇ ਅਤੇ ਮਾਸੜ ਨੂੰ ਗ੍ਰਿਫਤਾਰ ਕਰ ਲਿਆ। ਐੱਸ.ਐੱਚ.ਓ ਸਿਮਰਜੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਬਿਆਨ ਦਰਜ ਕਰ ਕੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਸ ਨੂੰ ਅਦਾਲਤ 'ਚ ਪੇਸ਼ ਕਰ ਕੇ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕਰ ਲਿਆ ਹੈ।

# ਮੰਦੀ ਦੀ ਲਪੇਟ 'ਚ ਜਾਪਾਨ, ਜਰਮਨੀ ਨੇ ਖੋਹਿਆ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਦਾ ਤਾਜ

ਇੰਟਰਨੈਸ਼ਨਲ ਡੈਸਕ 24 ਫਰਵਰੀ। ਜਾਪਾਨ ਹੁਣ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਈ ਹੈ। ਜਰਮਨੀ ਨੇ ਜਾਪਾਨ ਨੂੰ ਪਛਾੜ ਕੇ ਤੀਜਾ ਸਥਾਨ ਹਾਸਲ ਕਰ ਲਿਆ ਹੈ। ਸਰਕਾਰੀ ਅੰਕੜਿਆਂ ਦੇ ਅਨੁਸਾਰ 2023 ਵਿੱਚ ਇਹ ਜਰਮਨੀ ਦੀ ਆਰਥਿਕਤਾ ਦੇ ਆਕਾਰ ਤੋਂ ਪਿੱਛੇ ਰਹਿ ਗਿਆ ਹੈ। ਵਿਸਲੇਸਕਾਂ ਦਾ ਕਹਿਣਾ ਹੈ ਕਿ ਅੰਕੜੇ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਕਿਵੇਂ ਜਾਪਾਨੀ ਅਰਥਵਿਵਸਥਾ ਹੌਲੀ-ਹੌਲੀ ਆਪਣੀ ਮੁਕਾਬਲੇਬਾਜੀ ਅਤੇ ਉਤਪਾਦਕਤਾ ਨੂੰ ਗੁਆ ਰਹੀ ਹੈ। ਜਾਪਾਨ ਦੀ ਉਮਰ ਵਧ ਰਹੀ ਆਬਾਦੀ ਅਤੇ ਬੱਚਿਆਂ ਦੇ ਘੱਟ ਜਨਮ ਦਰ ਕਾਰਨ ਜਨਸੰਖਿਆ ਵਿਚ ਨੌਜਵਾਨ ਆਬਾਦੀ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। 2010 ਵਿੱਚ ਚੀਨ ਨੇ ਜਾਪਾਨ ਤੋਂ ਅਮਰੀਕਾ ਤੋਂ ਬਾਅਦ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦਾ ਖਿਤਾਬ ਖੋਹ ਲਿਆ ਸੀ। ਫਿਰ ਜਾਪਾਨ ਤੀਜੇ ਸਥਾਨ 'ਤੇ ਖਿਸਕ ਗਿਆ। ਅੰਤਰਰਾਸਟਰੀ ਮੁਦਰਾ ਫੰਡ ਨੇ ਵੀ ਜਾਪਾਨ ਦੇ ਚੌਥੇ ਸਥਾਨ 'ਤੇ ਆਉਣ ਦੀ ਭਵਿੱਖਬਾਣੀ ਕੀਤੀ ਸੀ। ਪਿਛਲੇ ਸਾਲ ਜਾਪਾਨ ਦੀ ਅਸਲ ਕੁੱਲ 4500 ਅਰਬ ਅਮਰੀਕੀ ਡਾਲਰ ਜਾਂ ਲਗਭਗ 591000 ਅਰਬ ਯੇਨ ਸੀ। ਜਰਮਨੀ ਨੇ ਪਿਛਲੇ ਮਹੀਨੇ (ਮੁਦਰਾ ਪਰਿਵਰਤਨ ਦੇ ਆਧਾਰ 'ਤੇ) 4400 ਅਰਬ ਅਮਰੀਕੀ ਡਾਲਰ ਜਾਂ 45000 ਅਰਬ ਅਮਰੀਕੀ ਡਾਲਰ ਹੋਣ ਦਾ ਐਲਾਨ ਕੀਤਾ ਸੀ। ਅਸਲ ਜੀਡੀਪੀ ਬਾਰੇ ਕੈਬਨਿਟ



ਦਫਤਰ ਦੇ ਅੰਕੜਿਆਂ ਅਨੁਸਾਰ ਅਕਤੂਬਰ-ਦਸੰਬਰ ਤਿਮਾਹੀ ਵਿੱਚ ਜਾਪਾਨੀ ਅਰਥਵਿਵਸਥਾ 0.4 ਫੀਸਦੀ ਦੀ ਸਲਾਨਾ ਦਰ ਨਾਲ ਸੁੰਗੜ ਗਈ, ਜੋ ਪਿਛਲੀ ਤਿਮਾਹੀ ਤੋਂ ਘਟਾ ਕੇ 0.1 ਫੀਸਦੀ ਸੀ। 2023 ਲਈ ਅਸਲ ਜੀਡੀਪੀ ਪਿਛਲੇ ਸਾਲ ਦੇ ਮੁਕਾਬਲੇ 1.9 ਫੀਸਦੀ ਵਧੀ। ਜਾਪਾਨ ਅਤੇ ਜਰਮਨੀ ਦੋਵਾਂ ਨੇ ਛੋਟੇ ਅਤੇ ਮੱਧਮ ਆਕਾਰ ਦੇ ਕਾਰੋਬਾਰਾਂ ਰਾਹੀਂ ਆਪਣੀਆਂ ਆਰਥਿਕਤਾਵਾਂ ਦਾ ਨਿਰਮਾਣ ਕੀਤਾ। ਜਾਪਾਨ ਦੇ ਉਲਟ ਜਰਮਨੀ ਨੇ ਮਜਬੂਤ ਯੂਰੋ ਅਤੇ ਮਹਿੰਗਾਈ ਨਾਲ ਨਜਿੱਠਣ ਲਈ ਠੋਸ ਆਰਥਿਕ ਕਦਮ ਚੁੱਕੇ ਹਨ। ਕਮਜੋਰ ਯੇਨ ਨੇ ਜਾਪਾਨ ਨੂੰ ਵੀ ਨੁਕਸਾਨ ਪਹੁੰਚਾਇਆ। ਟੋਕੀਓ ਯੂਨੀਵਰਸਿਟੀ ਦੇ ਅਰਥ ਸਾਸਤਰ ਦੇ ਪ੍ਰੋਫੈਸਰ ਤੇਤਸੁਜੀ ਓਕਾਜਾਕੀ ਨੇ ਕਿਹਾ ਕਿ ਤਾਜਾ ਅੰਕੜੇ ਇੱਕ ਕਮਜੋਰ ਜਾਪਾਨ ਦੀ ਅਸਲੀਅਤ ਨੂੰ ਦਰਸਾਉਂਦੇ ਹਨ। ਨਤੀਜੇ ਵਜੋਂ ਸੰਸਾਰ ਵਿੱਚ ਜਾਪਾਨ ਦੀ ਮੌਜੂਦਗੀ ਘੱਟਣ ਦੀ ਸੰਭਾਵਨਾ ਹੈ। ਉਸ ਨੇ ਕਿਹਾ, "ਉਦਾਹਰਣ ਦੇ ਤੌਰ 'ਤੇ ਕਈ ਸਾਲ ਪਹਿਲਾਂ ਜਾਪਾਨ ਨੇ ਇੱਕ ਸਕਤੀਸਾਲੀ ਮੋਟਰ ਵਾਹਨ ਸੈਕਟਰ ਹੋਣ ਦਾ ਦਾਅਵਾ ਕੀਤਾ ਸੀ ਪਰ ਇਲੈਕਟ੍ਰਿਕ ਵਾਹਨਾਂ ਦੇ ਆਉਣ ਨਾਲ ਵੀ ਇਹ ਫਾਇਦਾ ਕਾਫੀ ਪ੍ਰਭਾਵਿਤ ਹੋਇਆ।" ਓਕਾਜਾਕੀ ਨੇ ਕਿਹਾ ਕਿ ਵਿਕਸਤ ਦੇਸਾਂ ਅਤੇ ਉਭਰਦੇ ਦੇਸਾਂ ਵਿਚਕਾਰ ਅੰਤਰ ਕਾਫੀ ਘੱਟ ਕਰ ਰਿਹਾ ਹੈ। ਕੁਝ ਸਾਲਾਂ ਵਿੱਚ ਭਾਰਤ ਦਾ ਅਸਲ ਜੀਡੀਪੀ ਜਾਪਾਨ ਨੂੰ ਪਛਾੜ ਦੇਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਦਿਨ-ਦਿਹਾੜੇ ਸੁਨਿਆਰੇ ਦੀ ਦੁਕਾਨ 'ਤੇ ਲੁੱਟ, 2 ਲੱਖ ਦੀ ਨਕਦੀ, ਕੀਮਤੀ ਗਹਿਣੇ ਲੈ ਕੇ ਲੁੱਟੇਰੇ ਹੋਏ ਫਰਾਰ

ਬਟਾਲਾ/ਡੇਰਾ ਬਾਬਾ ਨਾਨਕ/ਜੈਂਤੀਪੁਰ 24 ਫਰਵਰੀ। ਬੀਤੇ ਦਿਨ-ਦਿਹਾੜੇ ਹਥਿਆਰਬੰਦ ਨਕਾਬਪੋਸ਼ਾਂ ਵੱਲੋਂ ਸੁਨਿਆਰੇ ਦੀ ਦੁਕਾਨ ਨੂੰ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਨੂੰ ਜਾਣਕਾਰੀ ਦਿੰਦਿਆਂ ਐੱਸ. ਆਰ. ਜਿਊਲਰਜ਼ ਦੇ ਮਾਲਕ ਮਨਦੀਪ ਕੁਮਾਰ ਵਾਸੀ ਡੇਰਾ ਬਾਬਾ ਨਾਨਕ ਨੇ ਦੱਸਿਆ ਕਿ ਉਸ ਦੀ ਡੇਰਾ ਬਾਬਾ ਨਾਨਕ ਦੇ ਜੌੜੀਆਂ ਬਾਜ਼ਾਰ 'ਚ ਸੁਨਿਆਰੇ ਦੀ ਦੁਕਾਨ ਹੈ ਅਤੇ ਅੱਜ ਦੁਪਹਿਰ ਡੇਢ ਵਜੇ ਦੇ ਕਰੀਬ ਉਹ ਦੁਕਾਨ 'ਤੇ ਮੌਜੂਦ ਸੀ ਕਿ ਇਸੇ ਦੌਰਾਨ ਮੋਟਰਸਾਈਕਲ ਅਤੇ ਐਕਟਿਵਾ ਸਕੂਟਰੀ 'ਤੇ 4 ਨਕਾਬਪੋਸ਼ ਸਵਾਰ ਹੋ ਕੇ ਆਏ, ਜਿਨ੍ਹਾਂ 'ਚੋਂ 3 ਨਕਾਬਪੋਸ਼ ਨੌਜਵਾਨ ਉਸ ਦੀ ਦੁਕਾਨ ਅੰਦਰ ਆਣ ਵੜੇ, ਜਦੋਂਕਿ ਇਕ ਨੌਜਵਾਨ ਬਾਹਰ ਖੜ੍ਹਾ ਰਿਹਾ। ਮਨਦੀਪ ਕੁਮਾਰ ਨੇ ਅੱਗੇ ਦੱਸਿਆ ਕਿ ਨਕਾਬਪੋਸ਼ਾਂ ਨੇ ਉਸਦੇ ਪਿਸਤੌਲ ਤਾਣ ਦਿੱਤੀ, ਜਦਕਿ ਬਾਕੀ ਦੋ ਨੌਜਵਾਨਾਂ ਨੇ ਫਰੋਲਾ ਫਰਾਲੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਗੱਲੇ ਵਿਚੋਂ ਕਰੀਬ 2 ਲੱਖ ਰੁਪਏ ਨਕਦੀ ਸਮੇਤ ਸੋਨਾ ਅਤੇ ਚਾਂਦੀ ਲੁੱਟ ਕੇ ਫਰਾਰ ਹੋ ਗਏ। ਮਨਦੀਪ 3 ਨਕਾਬਪੋਸ਼ ਨੌਜਵਾਨ ਉਸ ਦੀ ਦੁਕਾਨ ਅੰਦਰ ਆਣ ਵੜੇ, ਜਦੋਂਕਿ ਇਕ ਨੌਜਵਾਨ ਬਾਹਰ ਖੜ੍ਹਾ ਰਿਹਾ। ਮਨਦੀਪ ਕੁਮਾਰ ਨੇ ਅੱਗੇ ਦੱਸਿਆ ਕਿ ਨਕਾਬਪੋਸ਼ਾਂ ਨੇ ਉਸਦੇ ਪਿਸਤੌਲ ਤਾਣ ਦਿੱਤੀ, ਜਦਕਿ ਬਾਕੀ ਦੋ ਨੌਜਵਾਨਾਂ ਕੁਮਾਰ ਨੇ ਮੰਗ ਕੀਤੀ ਕਿ ਪੁਲਸ ਜਲਦ ਲੁਟੇਰਿਆਂ ਨੂੰ ਫੜ ਕੇ ਉਸਦਾ ਲੁੱਟਿਆ ਗਿਆ ਕੈਸ਼ ਅਤੇ ਸੋਨਾ ਤੇ ਚਾਂਦੀ ਬਰਾਮਦ ਕਰਕੇ ਉਸ ਨੂੰ ਵਾਪਸ ਦਿਵਾਏ। ਉਧਰ ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ ਐੱਸ. ਐੱਚ. ਓ. ਬਿਕਰਮ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਜਲਦ ਹੀ ਲੁਟੇਰੇ ਪੁਲਸ ਗ੍ਰਿਫਤ 'ਚ ਹੋਣਗੇ।

# ਅੰਮ੍ਰਿਤਸਰ 'ਚ 65 ਸਾਲਾ ਬਜ਼ੁਰਗ ਦਾ ਦਰਦ, 4 ਸਾਲਾਂ 'ਚ 3 ਪੁੱਤਰ ਦਿੱਤੇ ਗੁਆ, ਵਜ੍ਹਾ ਜਾਣ ਹੋਵੋਗੇ ਹੈਰਾਨ

ਅੰਮ੍ਰਿਤਸਰ 24 ਫਰਵਰੀ। ਪੰਜਾਬ ਭਰ 'ਚ ਨੌਜਵਾਨ ਪੀੜੀ ਨਸ਼ੇ ਦੀ ਆਦੀ ਬਣਦੀ ਜਾ ਰਹੀ ਹੈ। ਜਿਥੇ ਆਏ ਦਿਨ ਨੌਜਵਾਨਾਂ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੁੰਦਾ ਹੈ। ਇਸੇ ਦਰਮਿਆਨ ਨਸੇ ਕਾਰਨ ਪਿੰਡ ਬਰਾੜ ਦੇ ਸਵਰਨ ਸਿੰਘ ਦੇ 3 ਪੁੱਤਰ ਜੋ 4 ਸਾਲ ਅੰਦਰ ਹੀ ਦੁਨੀਆ ਛੱਡ ਗਏ। ਹੁਣ 65 ਸਾਲ ਦੀ ਉਮਰ 'ਚ ਸਵਰਨ ਸਿੰਘ ਆਪਣੇ ਪੋਤੇ-ਪੋਤੀਆਂ ਦਾ ਪੇਟ ਪਾਲਣ ਲਈ ਦਿਹਾੜੀ ਲਗਾਉਣ ਲਈ ਮਜਬੂਰ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸਵਰਨ ਸਿੰਘ ਨੇ ਆਪਣੇ ਨਾਲ ਬੀਤੀਆਂ ਗੱਲ੍ਹਾਂ ਦੱਸਿਆ ਹਨ, ਜਿਸ 'ਚ ਉਸ ਨੇ ਦੱਸਿਆ ਹੈ ਕਿ ਜਦੋਂ ਉਸ ਦੇ ਘਰ ਤੀਜੇ ਪੁੱਤਰ ਨਿਰਮਲ ਨੇ ਜਨਮ ਲਿਆ ਤਾਂ ਸਭ ਨੇ ਮੈਨੂੰ ਕਿਹਾ ਕਿ ਤੇਰੇ ਤਿੰਨ ਪੁੱਤ ਹੋ ਗਏ ਹਨ। ਹੁਣ ਇਹ ਤਿੰਨੋਂ ਤੈਨੂੰ ਰਾਜ ਕਰਵਾਉਣ ਗਏ ਅਤੇ ਤੇਰੀ ਗਰੀਬੀ ਦੂਰ ਕਰ ਦੇਣਗੇ। ਉਸ ਨੇ ਕਿਹਾ ਕਿ ਮੈਂ ਤੇ ਮੇਰੀ ਪਤਨੀ ਸੁਖਵਿੰਦਰ ਸਿੰਘ ਨੇ ਮਿਹਨਤ-ਮਜਦੂਰੀ ਕਰ ਕੇ ਬੱਚਿਆ ਨੂੰ ਵੱਡਾ ਕੀਤਾ ਪਰ ਮੈਂ ਦੋਵੇਂ ਵੱਡੇ ਪੁੱਤਰ ਜਗਰੂਪ ਤੇ ਪਰਮਜੀਤ ਨੂੰ ਪੜ੍ਹਾ ਨਹੀਂ ਸਕਿਆ ਪਰ ਤੀਜੇ ਪੁੱਤ ਨਿਰਮਲ ਨੂੰ ਪੜ੍ਹਾਇਆ-ਲਿਖਾਇਆ ਹੈ। ਉਨ੍ਹਾਂ ਕਿਹਾ ਤਿੰਨੋਂ ਪੁੱਤਰ ਕੰਮ ਕਾਜ ਕਰਨ ਲੱਗ ਗਏ ਅਤੇ ਤਿੰਨਾਂ ਦਾ ਵਿਆਹ ਵੀ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਕਿਹਾ



ਕਿ ਹੁਣ ਤੁਹਾਨੂੰ ਕਮਾਉਣ ਦੀ ਲੋੜ ਨਹੀਂ, ਮੈਨੂੰ ਮਹਿਸੂਸ ਹੋਇਆ ਕਿ ਰੱਬ ਨੇ ਸਭ ਕੁੱਝ ਦਿੱਤਾ ਹੈ। ਇਹ ਸਭ ਤੋਂ ਬਾਅਦ ਵੱਡਾ ਪੁੱਤਰ ਜਗਰੂਪ ਸਿੰਘ ਮਾੜੀ ਸੰਗਤ ਵਿੱਚ ਫਸ ਕੇ ਚਿੱਟੇ ਦਾ ਆਦੀ ਹੋ ਗਿਆ।ਇਸ ਤਰ੍ਹਾਂ ਪਰਿਵਾਰ ਟੁੱਟਣ ਲੱਗਾ ਅਤੇ ਪਤਨੀ ਘਰੋਂ ਚਲੀ ਗਈ। ਫਿਰ ਉਸ ਨੇ ਹੋਰ ਨਸੇ ਕਰਨੇ ਸੁਰੂ ਕਰ ਦਿੱਤੇ। ਜਦੋਂ ਉਸ ਨੂੰ ਸਮਝਾਉਂਦੇ ਸੀ ਤਾਂ ਉਹ ਲੜਦਾ ਸੀ। 26 ਜੂਨ 2019 ਨੂੰ ਜਗਰੂਪ ਕਮਰੇ 'ਚ ਸੌਣ ਲਈ ਗਿਆ, ਪਰ ਸਵੇਰੇ ਨਾ ਉੱਠਿਆ ਜਦੋਂ ਉਸ ਦੇਖਿਆ ਤਾਂ ਕਮਰੇ 'ਚ ਉਸ ਦੀ ਲਾਸ ਪਈ ਸੀ ਅਤੇ ਨੇੜੇ ਹੀ ਇੱਕ ਸਰਿੰਜ ਵੀ ਪਈ ਮਿਲੀ। ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਦੱਸਿਆ ਕਿ ਤੁਹਾਡਾ ਵਿਚਕਾਰਲਾ ਪੁੱਤਰ ਪਰਮਜੀਤ ਵੀ ਨਸਾ ਕਰਦਾ ਹੈ। ਪਰਮਜੀਤ ਦੇ ਦੋ ਬੱਚੇ ਸਨ, ਜਦੋਂ ਉਸ ਨੂੰ ਬੱਚਿਆਂ ਦਾ ਵਾਸਤਾ ਦਿੱਤਾ ਤਾਂ ਉਸ ਨੇ ਕੁਝ ਮਹੀਨਿਆਂ ਤੋਂ ਦਿਖਾਇਆ ਕਿ ਉਹ ਨਸਾ ਨਹੀਂ ਕਰਦਾ। ਅਚਾਨਕ 23 ਸਤੰਬਰ 2020 ਨੂੰ ਲੋਕਾਂ ਨੇ ਦੱਸਿਆ ਕਿ ਪਰਮਜੀਤ ਦੀ ਲਾਸ ਚੌਗਾਵਾਂ ਅੱਡਾ ਨੇੜੇ ਪਈ ਹੈ। ਲਾਸ ਨੂੰ ਦੇਖ ਕੇ ਉਸ ਦੀ ਪਤਨੀ ਬੇਹੋਸ ਹੋ ਗਈ। ਇਹ ਸਭ ਤੋਂ ਬਾਅਦ ਛੋਟੇ ਪੁੱਤਰ ਦਾ ਸਹਾਰਾ ਬਾਕੀ ਸੀ। ਦੋ ਸਾਲ ਪਹਿਲਾਂ ਉਹ ਵੀ ਨਸੇ ਦਾ ਆਦੀ ਹੋ ਗਿਆ। ਉਸਦੀ ਪਤਨੀ ਵੀ ਚਲੀ ਗਈ। 30 ਜੂਨ 2023 ਨੂੰ ਵੱਡੇ ਬੇਟੇ ਵਾਂਗ ਨਿਰਮਲ ਕਮਰੇ 'ਚ ਮ੍ਰਿਤਕ ਪਾਇਆ ਮਿਲਿਆ। ਉਸ ਨੇ ਦੱਸਿਆ ਕਿ ਮੈਂ ਹੁਣ ਅੰਦਰੋਂ ਪੂਰੀ ਤਰ੍ਹਾਂ ਟੁੱਟ ਗਿਆ ਹਾਂ। ਛੋਟੀ ਧੀ ਦੇ ਵਿਆਹ ਦੀ ਚਿੰਤਾ ਹੈ। ਉਸ ਨੇ ਦੱਸਿਆ ਕਿ ਪਿੰਡ ਦੇ ਲੋਕ ਹੀ ਨਸਾ ਵੇਚਦੇ ਹਨ ਪਰ ਇਨ੍ਹਾਂ ਵਿਰੁੱਧ ਕੋਈ ਆਵਾਜ ਨਹੀਂ ਉਠਾਉਂਦਾ। 20 ਸਾਲਾਂ 'ਚ ਪਿੰਡ ਦੇ 10 ਤੋਂ ਵੱਧ ਨੌਜਵਾਨਾਂ ਦੀ ਨਸੇ ਕਾਰਨ ਮੌਤ ਹੋ ਗਈ। ਲੋਕ ਬਦਨਾਮੀ ਦੇ ਡਰੋਂ ਮਾਮਲਾ ਸਾਹਮਣੇ ਨਹੀਂ ਆਉਣ ਦਿੰਦੇ।

### ਮੋਹਾਲੀ ਤੋਂ ਅੰਮ੍ਰਿਤਸਰ ਪਹੁੰਚੇ ਨਵਦੀਪ ਨੂੰ ਦੋਸਤਾਂ ਨੇ ਦਿੱਤੀ ਨਸ਼ੇ ਦੀ ਓਵਰਡੋਜ

ਅੰਮ੍ਰਿਤਸਰ 24 ਫਰਵਰੀ। ਦੋ ਦਿਨ ਪਹਿਲਾਂ ਸੇਰਾਂ ਵਾਲਾ ਗੇਟ ਨੇੜੇ ਇੱਕ ਨਿੱਜੀ ਹੋਟਲ 'ਚ ਦੋ ਦੋਸਤਾਂ ਨੇ ਮੋਹਾਲੀ ਤੋਂ ਆਏ 23 ਸਾਲਾ ਦੋਸਤ ਨੂੰ ਨਸੇ ਦੀ ਓਵਰਡੋਜ ਦੇ ਦਿੱਤੀ, ਜਿਸ ਤੋਂ ਬਾਅਦ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਨਵਦੀਪ ਸਿੰਘ ਵਾਸੀ ਮਕਬੂਲਪੁਰਾ ਹਾਲ ਮੁਹਾਲੀ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਮੁਸਜਮਾਂ ਦੋਸਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜਮਾਂ ਦੀ ਪਛਾਣ ਸਤਨਾਮ ਸਿੰਘ ਅਤੇ ਵਿਸਾਲ ਵਾਸੀ ਜਵਾਹਰ ਨਗਰ ਵਜੋਂ ਹੋਈ ਹੈ। ਮ੍ਰਿਤਕ ਦੇ ਭਰਾ ਪ੍ਰੇਮ ਸਿੰਘ ਨੇ ਦੱਸਿਆ ਕਿ ਉਹ ਮੁਹਾਲੀ 'ਚ ਰਹਿੰਦੇ ਹਨ। ਭਾਈ ਨਵਦੀਪ ਸਿੰਘ 3 ਦਿਨ ਪਹਿਲਾਂ ਆਪਣੇ ਦੋਸਤਾਂ ਨੂੰ ਮਿਲਣ ਅੰਮ੍ਰਿਤਸਰ ਆਇਆ ਸੀ। ਨਵਦੀਪ ਦੋਸਤਾਂ ਨਾਲ ਸੇਰਾਂ ਵਾਲਾ ਗੇਟ ਨੇੜੇ ਇੱਕ ਨਿੱਜੀ ਹੋਟਲ 'ਚ ਸੀ। ਬੀਤੇ ਦਿਨੀਂ ਉਕਤ ਮੁਲਜਮਾਂ ਨੇ ਨਵਦੀਪ ਨੂੰ ਨਸੇ ਦੀ ਓਵਰਡੋਜ ਦੇ ਦਿੱਤੀ

# ਖੰਨਾ 'ਚ ਖਤਰਨਾਕ ਅੰਤਰਰਾਜੀ ਗਿਰੋਹ ਗ੍ਰਿਫਤਾਰ, 1 ਵਕੀਲ, 1 ਲਾਅ ਤੇ ਇਕ ਬੀ. ਬੀ. ਏ. ਦਾ ਵਿਦਿਆਰਥੀ

ਖੰਨਾ 24 ਫਰਵਰੀ। ਖੰਨਾ 'ਚ ਅੰਤਰਰਾਜੀ ਹਥਿਆਰ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕੀਤਾ ਹੈ। ਇਸ ਗਿਰੋਹ ਦੇ 4 ਮੈਂਬਰਾਂ ਨੂੰ ਨਜਾਇਜ ਹਥਿਆਰਾਂ ਸਮੇਤ ਕਾਬੂ ਕੀਤਾ ਗਿਆ ਹੈ। ਇਨ੍ਹਾਂ ਵਿਚ 1 ਵਕੀਲ, 1 ਲਾਅ ਵਿਦਿਆਰਥੀ, 1 ਬੀਬੀਏ ਵਿਦਿਆਰਥੀ ਸਾਮਲ ਹੈ। ਮੁੱਢਲੀ ਤਫਤੀਸ ਦੌਰਾਨ ਮੁਲਜਮਾਂ ਦੇ ਕਬਜੇ 'ਚੋਂ ਪੁਆਇੰਟ 32 ਬੋਰ ਦਾ 1 ਪਿਸਤੌਲ, 2 ਮੈਗਜੀਨ, 13 ਕਾਰਤੂਸ, ਪੁਆਇੰਟ 315 ਬੋਰ ਦਾ 1 ਦੇਸੀ ਕੱਟਾ, 6 ਕਾਰਤੂਸ ਤੋਂ ਇਲਾਵਾ 2 ਕਾਰਾਂ ਬਰਾਮਦ ਕੀਤੀਆਂ ਹਨ। ਮੁਲਜਮਾਂ ਦੀ ਪਛਾਣ ਮੇਰਠ ਦੇ ਹਾਪੜ ਨਗਰ ਦੇ ਰਹਿਣ ਵਾਲੇ 24 ਸਾਲਾ ਪ੍ਰਸਾਂਤ ਕੌਰਾ, 22 ਸਾਲਾ ਕ੍ਰਿਸ ਲਾਰੈਂਸ, ਸਦਰ ਬਾਜਾਰ ਮੇਰਠ ਕੈਂਟ ਦੇ ਰਹਿਣ ਵਾਲੇ ਆਰਜੇ ਰੂਪਕ ਜੋਸੀ (21) ਅਤੇ ਪੱਖੋਵਾਲ ਰੋਡ ਲੁਧਿਆਣਾ ਦੇ ਰਹਿਣ ਵਾਲੇ ਕਰਮਬੀਰ ਸਿੰਘ (32) ਵਜੋਂ ਹੋਈ ਹੈ। ਖੰਨਾ ਦੀ ਐੱਸਪੀ (ਇਨਵੈਸਟੀਗੇਸਨ) ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਐੱਸ. ਐੱਸ. ਪੀ ਅਮਨੀਤ ਕੌਂਡਲ ਦੀਆਂ ਹਦਾਇਤਾਂ ਅਨੁਸਾਰ ਸੀ. ਆਈ. ਏ. ਸਟਾਫ ਦੀ ਟੀਮ ਨੇ ਅਪਰਾਧਿਕ ਅਨਸਰਾਂ ਖ਼?ਲਾਫ ਵਿੱਢੀ ਗਈ ਵਿਸੇਸ ਮੁਹਿੰਮ ਤਹਿਤ ਜੀ. ਟੀ. ਰੋਡ ਦੋਰਾਹਾ ਸਥਿਤ ਪਨਸਪ ਗੋਦਾਮ ਨੇੜੇ ਨਾਕਾਬੰਦੀ ਕੀਤੀ ਸੀ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਪ੍ਰਸਾਂਤ ਕੌਰਾ ਅਤੇ ਕ੍ਰਿਸ ਲਾਰੈਂਸ ਜੋ ਕਿ ਮੇਰਠ ਦੇ ਰਹਿਣ ਵਾਲੇ ਹਨ, ਪੰਜਾਬ 'ਚ ਨਾਜਾਇਜ ਹਥਿਆਰਾਂ ਦੀ ਸਪਲਾਈ ਕਰਦੇ ਹਨ। ਇਨ੍ਹਾਂ ਦੋਵਾਂ ਨੇ ਕੁਝ ਦਿਨ ਪਹਿਲਾਂ 1 ਪਿਸਤੌਲ ਲੁਧਿਆਣਾ ਦੇ ਕਰਮਬੀਰ ਸਿੰਘ ਨੂੰ ਦਿੱਤਾ ਸੀ। ਦੋਵੇਂ ਮੈਗਜੀਨ ਅਤੇ ਕਾਰਤੂਸ ਦੇਣ ਲਈ ਲੁਧਿਆਣਾ ਕਰਮਬੀਰ ਕੋਲ ਜਾ ਰਹੇ ਸਨ। ਨਾਕਾਬੰਦੀ ਦੌਰਾਨ ਯੂਪੀ ਨੰਬਰ ਵਾਲੀ ਟਾਟਾ ਨੈਕਸਨ ਕਾਰ ਨੂੰ ਰੋਕਦੇ ਹੋਏ ਪ੍ਰਸਾਂਤ ਅਤੇ ਕ੍ਰਿਸ ਨੂੰ ਕਾਬੂ ਕੀਤਾ ਗਿਆ। ਦੋਵਾਂ ਕੋਲੋਂ 2 ਮੈਗਜੀਨ ਅਤੇ 13 ਕਾਰਤੂਸ ਬਰਾਮਦ ਹੋਏ। ਉਨ੍ਹਾਂ ਦੀ ਨਿਸ਼ਾਨਦੇਹੀ 'ਤੇ ਕਰਮਬੀਰ ਦੀ ਓਪਟਰਾ ਕਾਰ 'ਚੋਂ ਪਿਸਤੌਲ ਬਰਾਮਦ ਕਰਕੇ ਉਸਨੂੰ ਵੀ ਗ੍ਰਿਫਤਾਰ ਕੀਤਾ ਗਿਆ। ਤਿੰਨਾਂ ਮੁਲਜਮਾਂ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹ ਆਰ.ਕੇ ਰੂਪਕ ਜੋਸੀ ਤੋਂ ਹਥਿਆਰ ਲੈ ਕੇ ਆਏ ਸਨ। ਇਸ ਤੋਂ ਬਾਅਦ ਰੂਪਕ ਜੋਸੀ ਨੂੰ ਨਾਮਜਦ ਕਰਕੇ ਮੇਰਠ ਤੋਂ ਗ੍ਰਿਫਤਾਰ ਕੀਤਾ ਗਿਆ। ਜਿਸ ਕੋਲੋਂ 1 ਦੇਸੀ ਕੱਟਾ ਅਤੇ 6 ਕਾਰਤੂਸ ਬਰਾਮਦ ਹੋਏ। ਇਸ ਗਰੋਹ ਦੇ ਦੋ ਮੈਂਬਰ ਕਾਨੂੰਨ ਦੀ ਪੜ੍ਹਾਈ ਕਰਦਿਆਂ ਕ੍ਰਿਮੀਨਲ ਬਣ ਗਏ। ਤੀਜਾ ਸਾਥੀ ਬੀ. ਬੀ. ਏ. ਦਾ ਵਿਦਿਆਰਥੀ ਹੈ। ਤਿੰਨੇ ਯੂਨੀਵਰਸਿਟੀ ਵਿਚ ਪੜ੍ਹਾਈ ਕਰਕੇ ਸੰਪਰਕ ਵਿਚ ਆਏ ਸਨ। ਇਨ੍ਹਾਂ ਨੇ ਢਾਬੇ 'ਤੇ ਕੰਮ ਕਰਨ ਵਾਲੇ ਪ੍ਰਸਾਂਤ ਕੌਰਾ ਨੂੰ ਆਪਣਾ ਸਾਥੀ ਬਣਾ ਲਿਆ। ਕ੍ਰਿਸ ਮੇਰਠ 'ਚ ਲਾਅ ਦੀ ਪੜ੍ਹਾਈ ਕਰਦਾ ਹੈ। ਕਰਮਬੀਰ ਲੁਧਿਆਣਾ ਵਿਚ ਐਡਵੋਕੇਟ ਦੀ ਪ੍ਰੈਕਟਿਸ ਕਰਦਾ ਹੈ। ਕਰਮਬੀਰ ਖ਼?ਲਾਫ ਸਾਲ 2008 ਵਿਚ ਲੁਧਿਆਣਾ ਦੇ ਡਿਵੀਜਨ ਨੰਬਰ 5 ਥਾਣੇ ਵਿਚ ਇਰਾਦਾ ਕਤਲ ਦਾ ਕੇਸ ਦਰਜ ਹੈ।



# 6 ਸਾਲਾ ਬੱਚੀ ਦੀ ਮੌਤ ਤੋਂ ਬਾਅਦ ਮਾਪਿਆਂ ਨੇ ਹਸਪਤਾਲ ਮੂਹਰੇ ਕੀਤਾ ਰੋਸ ਪ੍ਰਦਰਸ਼ਨ

ਮੋਗਾ 24 ਫਰਵਰੀ। ਫਿਰੋਜ਼ਪੁਰ ਰੋਡ 'ਤੇ ਸਥਿਤ ਇਕ ਨਿੱਜੀ ਹਸਪਤਾਲ 'ਚ ਉਦੋਂ ਮਾਹੌਲ ਗਰਮਾ ਗਿਆ, ਜਦੋਂ ਫਰੀਦਕੋਟ ਨਿਵਾਸੀ ਇਕ 6 ਸਾਲਾ ਬੱਚੀ ਰਿਧੀ, ਜਿਸ ਦਾ ਪੀ. ਜੀ. ਆਈ. 'ਚ ਇਲਾਜ ਚੱਲ ਰਿਹਾ ਸੀ, ਦੀ ਰਸਤੇ 'ਚ ਅਚਾਨਕ ਤਬੀਅਤ ਵਿਗੜਨ ਕਾਰਨ ਉਸ ਨੂੰ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਬੱਚੀ ਦੀ ਮੌਤ ਤੋਂ ਬਾਅਦ ਮਾਪਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਮੂਹਰੇ ਰੋਸ ਪ੍ਰਦਰਸ਼ਨ ਕੀਤਾ। ਦਾਦਾ ਨਰਿੰਦਰ ਕੁਮਾਰ ਨੇ ਕਿਹਾ ਕਿ ਹਸਪਤਾਲ 'ਚ ਲਿਜਾਣ ਵੇਲੇ ਬੱਚੀ ਦੀ ਹਾਲਤ ਇੰਨੀ ਜ਼ਿਆਦਾ ਗੰਭੀਰ ਨਹੀਂ ਸੀ ਪਰ ਜਦੋਂ ਬੱਚੀ ਦੇ ਮੂੰਹ 'ਚ ਪਾਈਪ ਪਾਈ ਤਾਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਐਮਰਜੈਂਸੀ 'ਚੋਂ ਬਾਹਰ ਕੱਢ ਦਿੱਤਾ ਗਿਆ ਤੇ 10 ਮਿੰਟਾਂ ਮਗਰੋਂ ਡਾਕਟਰ ਨੇ ਆ ਕੇ ਸਪੱਸ਼ਟ ਕਰ ਦਿੱਤਾ ਕਿ ਬੱਚੀ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਹਸਪਤਾਲ ਦੇ ਡਾਕਟਰਾਂ 'ਤੇ ਕਥਿਤ ਤੌਰ 'ਤੇ ਅਣਗਹਿਲੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਲੜਕੀ ਦੇ ਮੂੰਹ ਅਤੇ ਨੱਕ 'ਚ ਪਾਈਪ ਪਾ ਕੇ ਇਲਾਜ ਕਰਨ ਨਾਲ ਲੜਕੀ ਦੀ ਸਿਹਤ ਖਰਾਬ ਹੋਈ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਨਾਲ ਗੱਲਾਂ ਕਰਦੀ ਰਿਧੀ ਨੂੰ ਇੰਨੀ ਜਲਦੀ ਕੁਝ ਨਹੀਂ ਹੋ ਸਕਦਾ। ਇਹ ਸਭ ਹਸਪਤਾਲ ਦੇ ਅਮਲੇ ਫੈਲੇ ਦੀ ਕਥਿਤ ਅਣਗਹਿਲੀ ਕਾਰਨ ਹੋਇਆ। ਉਨ੍ਹਾਂ ਮੰਗ ਕੀਤੀ ਕਿ ਸਿਹਤ ਵਿਭਾਗ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਜਾਂਚ ਕਰਕੇ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਦਾ ਲਾਇਸੈਂਸ ਵੀ ਰੱਦ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਨਾਲ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਹਸਪਤਾਲ ਦੇ ਡਾਕਟਰਾਂ ਦੋਸ਼ ਨਕਾਰੇ, ਕਿਹਾ-ਬੱਚੀ ਦੇ ਦਿਲ ਦੀ ਧੜਕਣ ਰੁਕਣ ਕਾਰਨ ਹੋਈ ਮੌਤ ਇਸੇ ਦੌਰਾਨ ਗੋਮਤੀ ਥਾਪਰ ਹਸਪਤਾਲ ਮੋਗਾ ਦੇ ਡਾ. ਨੀਲੂ ਕੌੜਾ ਦਾ ਕਹਿਣਾ ਸੀ ਕਿ ਬੱਚੀ ਦੀ ਇਲਾਜ ਦੌਰਾਨ ਕਿਸੇ ਲਾਪ੍ਰਵਾਹੀ ਕਾਰਨ ਮੌਤ ਨਹੀਂ ਹੋਈ ਅਤੇ ਲਾਏ ਜਾ ਰਹੇ ਸਾਰੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਜਦੋਂ ਲੜਕੀ ਨੂੰ ਹਸਪਤਾਲ ਲਿਆਂਦਾ ਗਿਆ, ਉਦੋਂ ਉਸ ਦੇ ਦਿਲ ਦੀ ਧੜਕਣ ਰੁਕੀ ਹੋਈ ਸੀ। ਉਨ੍ਹਾਂ ਕਿਹਾ ਕਿ ਡਾਕਟਰਾਂ ਵੱਲੋਂ ਲੜਕੀ ਨੂੰ ਬਚਾਉਣ ਲਈ ਯਤਨ ਕੀਤੇ ਗਏ



# ਮਾਨਸਾ 'ਚ ਵਾਪਰੀ ਰੂਹ ਕੰਬਾਊ ਘਟਨਾ, ਸਹੁਰਿਆਂ ਨੇ ਜਿੰਦਾ ਸਾੜੀ ਨੂੰਹ ਤੇ 10 ਮਹੀਨਿਆਂ ਦਾ ਮਾਸੂਮ ਪੁੱਤ

ਮਾਨਸਾ 24 ਫਰਵਰੀ। ਮਾਨਸਾ ਤੋਂ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਪਿੰਡ ਬੁਰਜ ਵਿਖੇ ਦਾਜ ਨਾ ਦੇਣ ਕਾਰਣ ਸਹੁਰਿਆਂ ਵੱਲੋਂ ਇਕ ਵਿਆਹੁਤਾ ਤੇ ਉਸਦੇ ਮਾਸੂਮ ਪੁੱਤ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ। ਇਸ ਮਾਮਲੇ 'ਚ ਥਾਣਾ ਝੁਨੀਰ ਪੁਲਸ ਨੇ ਸਹੁਰੇ ਪਰਿਵਾਰ 'ਚ ਮ੍ਰਿਤਕਾ ਦੇ ਪਤੀ, ਜੇਠ, ਸੱਸ ਅਤੇ ਦੋ ਨਨਾਣਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਮਾਨਸਾ ਦੇ ਸੀਨੀਅਰ ਕਪਤਾਨ ਪੁਲਸ ਡਾ. ਨਾਨਕ ਸਿੰਘ ਨੇ ਦੱਸਿਆ ਕਿ ਇਸ ਘਨੌਣੀ ਵਾਰਦਾਤ ਲਈ ਮ੍ਰਿਤਕਾ ਦੇ ਪਤੀ ਅਤੇ ਉਸਦੀ ਸੱਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਦਰਜ ਕੀਤੀ ਗਈ ਰਿਪੋਰਟ ਅਨੁਸਾਰ ਜ਼ਿਲ੍ਹਾ ਬਠਿੰਡਾ ਦੇ ਪਿੰਡ ਚੱਕ ਹੀਰਾ ਸਿੰਘ ਵਾਲਾ ਦੇ ਨਾਜ਼ਰ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਕੁੜੀ ਪਵਨਦੀਪ ਕੌਰ ਦਾ ਵਿਆਹ ਕਰੀਬ 6 ਸਾਲ ਪਹਿਲਾਂ ਹਰਪ੍ਰੀਤ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਪਿੰਡ ਬੁਰਜ, ਥਾਣਾ ਝੁਨੀਰ (ਮਾਨਸਾ) ਨਾਲ ਹੋਇਆ ਸੀ। ਉਸਦੀ ਕੁੱਖੋਂ ਇਕ ਮੁੰਡਾ ਪੈਦਾ ਹੋਇਆ, ਜਿਸ ਦੀ ਉਮਰ ਹੁਣ 10 ਮਹੀਨਿਆਂ ਦੀ ਸੀ। ਮ੍ਰਿਤਕਾ ਦੇ ਪਿਤਾ ਨੇ ਕਿਹਾ ਕਿ ਸਹੁਰਾ ਪਰਿਵਾਰ ਹਰ ਸਮੇਂ ਉਨ੍ਹਾਂ ਦੀ ਕੁੜੀ ਕੋਲੋਂ ਦਾਜ ਦੀ ਮੰਗ ਕਰਦੇ ਰਹਿੰਦੇ ਸਨ ਅਤੇ ਹੁਣ ਇੱਕ ਏ. ਸੀ. ਅਤੇ ਕਾਰ ਦੀ ਮੰਗ ਕੀਤੀ ਜਾ ਰਹੀ ਸੀ



ਜਦਕਿ ਉਨ੍ਹਾਂ ਨੇ ਵਿਆਹ ਵੇਲੇ ਆਪਣੇ ਵਿੱਤ ਤੋਂ ਜ਼ਿਆਦਾ ਪੈਸਾ ਖਰਚ ਕਰਕੇ ਬੱਚੀ ਦਾ ਧੂਮ-ਧਾਮ ਨਾਲ ਵਿਆਹ ਕੀਤਾ ਸੀ। ਉਨ੍ਹਾਂ ਆਖਿਆ ਕਿ ਹੋਰ ਦਾਜ ਨਾ ਦੇਣ ਦੇ ਕਾਰਨ ਕੁੜੀ ਦੇ ਸਹੁਰਿਆਂ ਵੱਲੋਂ ਉਸਦੀ ਧੀ ਪਵਨਦੀਪ ਕੌਰ ਅਤੇ ਦੋਹਤੇ ਗੁਰਕੀਰਤ ਸਿੰਘ ਨੂੰ ਤੇਲ ਪਾ ਕੇ ਜਿਉਂਦੇ ਸਾੜ ਦਿੱਤਾ ਗਿਆ। ਮਾਨਸਾ ਦੇ ਐੱਸ. ਐੱਸ. ਪੀ. ਡਾ. ਨਾਨਕ ਸਿੰਘ ਨੇ ਦੱਸਿਆ ਕਿ ਥਾਣਾ ਝੁਨੀਰ ਦੇ ਐੱਸ. ਐੱਚ. ਓ. ਗਨੇਸ਼ਵਰ ਕੁਮਾਰ ਨੇ ਮੁੱਦਈ ਦੇ ਬਿਆਨਾਂ 'ਤੇ ਵਿਆਹੁਤਾ ਦੇ ਪਤੀ, ਜੇਠ, ਸੱਸ ਅਤੇ ਦੋ ਨਨਾਣਾਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਰਿਕਾਰਡ ਅਨੁਸਾਰ ਮ੍ਰਿਤਕਾ ਦੇ ਪਤੀ ਹਰਪ੍ਰੀਤ ਸਿੰਘ ਪੁੱਤਰ ਅੰਗਰੇਜ਼ ਸਿੰਘ, ਸੱਸ ਸ਼ਿੰਦਰ ਕੌਰ ਪਤਨੀ ਅੰਗਰੇਜ਼ ਸਿੰਘ, ਜੇਠ ਬਿੰਦਰ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਬੁਰਜ ਭਲਾਈਕੇ, ਨਨਣ ਜਸਪਾਲ ਕੌਰ ਪਤਨੀ ਗੁਰਦੀਪ ਸਿੰਘ ਵਾਸੀ ਕਲੀਪੁਰ ਡੁੰਮ ਅਤੇ ਪਰਮਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਬਰਨ (ਮਾਨਸਾ) ਦੇ ਖ਼ਿਲਾਫ਼ ਮੁਕੱਦਮਾ ਨੰਬਰ. 44 ਮਿਤੀ 29 ਮਈ, 2023, ਅ/ਧ 304-ਬੀ ਆਈਪੀਸੀ ਤਹਿਤ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਅੱਗ ਲੱਗਣ ਦੀ ਇਹ ਘਟਨਾ ਕੱਲ੍ਹ ਸਵੇਰ ਦੀ ਹੈ। ਵੇਰਵਿਆਂ ਅਨੁਸਾਰ ਘਟਨਾ ਤੋਂ ਬਾਅਦ ਪਵਨਦੀਪ ਕੌਰ ਦਾ ਪਤੀ ਹਰਪ੍ਰੀਤ ਸਿੰਘ ਦੋਵੇਂ ਜਣਿਆਂ (ਮਾਂ-ਪੁੱਤ) ਨੂੰ ਜਖ਼ਮੀ ਹਾਲਤ 'ਚ ਮਾਨਸਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਲਿਆਇਆ, ਜਿੱਥੋਂ ਉਸ ਨੂੰ ਬਠਿੰਡਾ ਦੇ ਏਮਜ਼ ਹਸਪਤਾਲ ਲਈ ਰੈਫ਼ਰ ਕਰ ਦਿੱਤਾ ਗਿਆ। ਇਸ ਦੌਰਾਨ ਰਸਤੇ ਵਿੱਚ ਬੱਚੇ ਦੀ ਮੌਤ ਹੋ ਗਈ ਅਤੇ ਪਵਨਦੀਪ ਕੌਰ ਨੂੰ ਏਮਜ਼ ਵਿੱਚ ਦਾਖ਼ਲ ਕਰਵਾਇਆ ਗਿਆ ਜਿੱਥੇ ਜਖ਼ਮਾਂ ਦੀ ਤਾਬ ਨਾ ਝੱਲਦਿਆਂ ਪਵਨਦੀਪ ਕੌਰ ਨੇ ਕੁਝ ਸਮੇਂ ਬਾਅਦ ਦਮ ਤੋੜ ਦਿੱਤਾ।

ਦੋਵਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਰੱਖਿਆ ਗਿਆ। ਪੋਸਟਮਾਰਟਮ ਹੋਣ ਤੋਂ ਬਾਅਦ ਲਾਸ਼ਾਂ ਨੂੰ ਪਵਨਦੀਪ ਦੇ ਮਾਪਿਆਂ ਨੂੰ ਦਿੱਤੀਆਂ ਗਈਆਂ, ਜਿਨ੍ਹਾਂ ਦਾ ਸ਼ਾਮ ਨੂੰ ਪਿੰਡ ਚੱਕ ਹੀਰਾ ਸਿੰਘ ਵਾਲਾ ਵਿਖੇ ਅੰਤਿਮ ਸਸਕਾਰ ਕੀਤਾ ਗਿਆ। ਉਧਰ ਹੀ ਇਸ ਘਟਨਾ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਸੀਨੀਅਰ ਕਪਤਾਨ ਪੁਲਸ ਡਾ. ਨਾਨਕ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿੱਚ ਰਹਿੰਦੇ ਕਸੂਰਵਾਰਾਂ ਨੂੰ ਜਲਦ ਹੀ ਹਿਰਾਸਤ ਵਿੱਚ ਲਿਆ ਜਾਵੇਗਾ।

### ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗਾਇਕ ਤੇ ਅਦਾਕਾਰ ਰਣਜੀਤ ਬਾਵਾ ਨੇ ਟੇਕਿਆ ਮੱਥਾ

ਐਂਟਰਟੇਨਮੈਂਟ ਡੈਸਕ 24 ਫਰਵਰੀ। ਪੰਜਾਬੀ ਗਾਇਕ ਤੇ ਅਦਾਕਾਰ ਰਣਜੀਤ ਬਾਵਾ ਨੇ ਅੱਜ ਤੜਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਰਣਜੀਤ ਬਾਵਾ ਨੂੰ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਦੇਖਿਆ ਜਾ ਸਕਦਾ ਹੈ। ਦੱਸ ਦੇਈਏ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਣਜੀਤ ਬਾਵਾ ਦਾ ਨਵਾਂ ਗੀਤ 'ਦੇਗ ਤੇਗ ਫਤਿਹ' ਵੀ ਅੱਜ ਰਿਲੀਜ਼ ਹੋਣ ਜਾ ਰਿਹਾ ਹੈ। ਇਸ ਗੀਤ ਨੂੰ ਜਿਥੇ ਰਣਜੀਤ ਬਾਵਾ ਨੇ ਆਵਾਜ ਦਿੱਤੀ ਹੈ, ਉਥੇ ਇਸ ਦੇ ਬੋਲ ਲਵਲੀ ਨੂਰ ਵਲੋਂ ਲਿਖੇ ਗਏ ਹਨ ਤੇ ਸੰਗੀਤ ਬੀਟ ਮਨਿਸਟਰ ਨੇ ਦਿੱਤਾ ਹੈ।

### ਕਮਰੇ 'ਚ ਸੁੱਤਾ ਸੀ ਨਵਵਿਆਹਿਆ ਜੋੜਾ, ਘਰ 'ਚ ਹੋਈ ਘਟਨਾ ਨੇ ਉਡਾਏ ਸਭ ਦੇ ਹੋਸ਼

ਅੰਮ੍ਰਿਤਸਰ 24 ਫਰਵਰੀ। ਅੰਮ੍ਰਿਤਸਰ ਦਿਹਾਤੀ ਪੁਲਸ ਦੇ ਥਾਣਾ ਚਾਟੀਵਿੰਡ ਅਧੀਨ ਆਉਂਦੇ ਪਿੰਡ ਗਿਲਵਾਲੀ ਵਿਖੇ ਰਾਤ ਸਮੇਂ ਇਕ ਨਵਵਿਆਹਿਆ ਜੋੜਾ ਜਦੋਂ ਆਪਣੈ ਕਮਰੇ ਵਿਚ ਸੁੱਤਾ ਪਿਆ ਸੀ, ਉਦੋਂ ਰਾਤ ਡੇਢ ਵਜੇ ਦੇ ਕਰੀਬ ਇਕ ਚੋਰ ਵਲੋਂ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਚੋਰ ਨਵਵਿਆਹੇ ਜੋੜੇ ਅੰਮ੍ਰਿਤਪਾਲ ਅਤੇ ਗੁਰਪ੍ਰੀਤ ਕੌਰ ਦੀ ਚੈਨੀ, ਮੁੰਦਰੀਆਂ ਅਤੇ ਮੋਬਾਇਲ ਦੇ ਨਾਲ-ਨਾਲ 40 ਹਜਾਰ ਰੁਪਏ ਕੈਸ਼ ਚੋਰੀ ਕਰਕੇ ਫਰਾਰ ਹੋ ਗਿਆ। ਇਸ ਸੰਬਧੀ ਪੀੜਤ ਪਰਿਵਾਰ ਵਲੋਂ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਕੇ ਇਨਸਾਫ ਦੀ ਮੰਗ ਕੀਤੀ ਗਈ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਨਵਵਿਆਹੇ ਜੋੜੇ ਨੇ ਦੱਸਿਆ ਕਿ ਉਨ੍ਹਾਂ ਦੇ ਵਿਆਹ ਨੂੰ ਕੁਝ ਸਮਾਂ ਹੀ ਹੋਇਆ ਹੈ ਅਤੇ ਰਾਤ ਸਮੇਂ ਜਦੋਂ ਉਹ ਆਪਣੇ ਕਮਰੇ ਵਿਚ ਸੌਣ ਗਏ ਤਾਂ ਮਗਰੋਂ ਕੋਠੇ ਤੋਂ ਆਏ ਚੋਰ ਵਲੋਂ ਜਾਲੀ ਵਾਲਾ ਗੇਟ ਕੱਟ ਕੇ ਕਮਰੇ ਵਿਚੋਂ ਮੁੰਦਰੀਆਂ, ਚੈਨ ਅਤੇ ਮੋਬਾਇਲ ਦੇ ਨਾਲ-ਨਾਲ 40 ਹਜਾਰ ਦੀ ਨਕਦੀ ਚੋਰੀ ਕਰ ਲਈ ਗਈ। ਚੋਰੀ ਦੀ ਇਹ ਘਟਨਾ ਸੀ. ਸੀ. ਟੀ. ਵੀ. ਵਿਚ ਕੈਦ ਹੋਈ ਹੈ। ਇਸ ਸੰਬੰਧੀ ਪੁਲਸ ਜਾਂਚ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਚੋਰ ਵਲੋਂ ਮੋਬਾਇਲ ਬੰਦ ਨਹੀਂ ਕੀਤਾ ਗਿਆ ਜਲਦ ਲੋਕੇਸ਼ਨ ਟਰੇਸ ਕਰਕੇ ਚੋਰ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।


**ਪੂਰਵੋਤੱਰ ਰੇਲਵੇ**

**ਖੁਲੀ ਈ-ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ/ਪੂਰਵੋਤਰ ਰੇਲਵੇ/ ਲਖਨਊ ਵਲੋਂ ਹੇਠਲਿਖਿਤ ਕਾਰਜਾਂ ਹੇਤੁ ਆੱਨਲਾਈਨ 'ਖੁਲੀ' ਈ-ਨਿਵਿਦਾਵਾਂ ਆਮੰਤਰਿਤ ਕੀਤੀ ਜਾਂਦੀ ਹੈ ਜਿਸਦਾ ਵੇਰਵਾ ਹੇਠਾਂ ਲਿਖਿਆ ਹੈ- **ਈ-ਨਿਵਿਦਾ ਸੰਖਿਆ : NER-LJN-2024-12, ਕਾਰਜ ਦਾ ਨਾਮ :** ਪਰਸਾ ਸਟੇਸ਼ਨ ਤੇ ਗੁਡਸ ਪਲੇਟਫਾਰਮ ਸਤ੍ਹਾ ਅਤੇ ਵੈਧੁਤ ਵਯਵਸਥਾ ਦੇ ਨਾਲ ਏਪ੍ਰੋਚ ਰੋਡ ਦਾ ਸੁਧਾਰ ਕੰਮ। **ਅਨੁਮਾਨਿਤ ਲਾਗਤ** (ਰੁ): ਰੁ1,16,34,135.70, **ਅਗ੍ਰਿਮ ਧਨ** (ਰੁ): ਰੁ 2,08,200/-, **ਸਮਾਪਨ ਅਵਧਿ:** 12 ਮਹੀਨੇ।, **ਈ-ਨਿਵਿਦਾ ਸੰਖਿਆ: NER-LJN-2024-13, ਕਾਰਜ ਦਾ ਨਾਮ :** ਵਮਈ/ਮੁਖਆਲਆ/ਲਖਨਊ ਦੇ ਪਰਿਖੇਤਰ ਦੇ ਵੱਖਰੇ ਯਾਰਡ ਅਤੇ ਅਨੁਭਾਗ ਤੋ ਮੇਕ ਨੂੰ ਰੇਲਵੇ ਬਾਓਂਡ੍ਰੀ ਤੋ ਬਾਹਰ ਨਿਸ਼ਕਾਸਨ ਦਾ ਕੰਮ (ਕੁਲ-30000 ਘਨਮੀਟਰ)। **ਅਨੁਮਾਨਿਤ ਲਾਗਤ** (ਰੁ): ਰੁ2,37,80,563.19, **ਅਗ੍ਰਿਮ ਧਨ:** (ਰੁ): ਰੁ2.68.900/-, **ਸਮਾਪਨ ਅਵਧਿ:** 12 ਮਹੀਨੇ। 1. ਉਪਰੋਕਤ ਈ-ਨਿਵਿਦਾ ਸੰਖਿਆ **NER-LJN-2020-12,13** ਦੇ ਲਈ ਈ-ਨਿਵਿਦਾ ਮਿਤੀ 18.03.2024 ਨੂੰ 15.00 ਵਜੇ ਤੱਕ ਅਪਲੋਡ ਕੀਤੀ ਜਾ ਸਕਦੀ ਹੈ ਅਤੇ ਉਸੀ ਦਿਨ ਸਮੇਂ 15.00 ਵਜੇ ਦੇ ਬਾਦ ਈ-ਨਿਵਿਦਾ ਖੋਲੀ ਜਾਵੇਗੀ। 2. ਉਪਰੋਕਤ ਈ-ਨਿਵਿਦਾ ਤੋਂ ਸੰਬੰਧਿਤ ਸਾਰੀਆਂ ਸੂਚਨਾ, ਨਿਮਨਵਤ ਅਹਰਤਾ, ਨਿਯਮ ਅਤੇ ਸ਼ਰਤਾਂ ਦਾ ਪੂਰਾ ਵੇਰਵਾ ਪੂਰਵੋਤਰ ਰੇਲਵੇ ਦੇ ਵੇਬਸਾਈਟ **www.ireps.gov.in** ਤੇ ਉਪਲਬਧ ਹੈ। ਨਿਵਿਦਾਕਾਰ ਈ-ਨਿਵਿਦਾ ਪ੍ਰਪਤਰ ਨੂੰ ਅਪਲੋਡ ਕਰਨ ਤੋਂ ਪਹਿਲਾਂ ਇਸ ਈ-ਨਿਵਿਦਾ ਸੂਚਨਾ ਤੋਂ ਸੰਬੰਧਿਤ ਵੇਬਸਾਈਟ ਤੇ ਉਪਲਬਧ ਸ਼ੁਧੀ ਪੱਤਰ (ਅਗਰ, ਕੋਈ ਹੋਵੇ ਤਾਂ) ਨੂੰ ਵੀ ਸੰਗਿਆਨ 'ਚ ਲੇਣਾ ਸੁਨਿਸ਼ਚਿਤ ਕਰੇ।

**ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ**

**ਮੁਜਾਧਿ/ਡਬਲਿਊ**-553 **ਲਖਨਊ**

ਟ੍ਰੇਨਾਂ ਵਿੱਚ ਬੀੜੀ/ਸਿਗਰੇਟ ਨਾ ਪੀਵੋ


### ਵਿਆਹੁਤਾ ਨੂੰ ਦਾਜ ਲਈ ਪਰੇਸ਼ਾਨ ਕਰਨ 'ਤੇ ਪੁਲਸ ਵੱਲੋਂ ਪਤੀ 'ਤੇ ਕੇਸ ਦਰਜ

ਲੁਧਿਆਣਾ 24 ਫਰਵਰੀ। ਥਾਣਾ ਵੂਮੈਨ ਸੈੱਲ ਦੀ ਪੁਲਸ ਕੋਲ ਘਰੇਲੂ ਹਿੰਸਾ ਦੀ ਸ਼ਿਕਾਰ ਅਮਨਦੀਪ ਕੌਰ ਨਿਵਾਸੀ ਸੈਕਟਰ-3 ਗੁਰਗਿਆਨ ਵਿਹਾਰ ਨੇ ਆਪਣੇ ਸਹੁਰੇ ਵਾਲਿਆਂ ਖ਼?ਲਾਫ ਸ਼ਿਕਾਇਤ ਕੀਤੀ ਹੈ। ਉਸ




ਨੇ ਦੋਸ਼ ਲਾਇਆ ਕਿ ਉਸ ਨੂੰ ਦਾਜ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਪਰੇਸ਼ਾਨ ਕੀਤਾ ਗਿਆ ਅਤੇ ਘਰੋਂ ਬਾਹਰ ਕੱਢ ਦਿੱਤਾ ਗਿਆ। ਜਾਂਚ ਦੌਰਾਨ ਜਾਂਚ ਅਧਿਕਾਰੀ ਦਵਿੰਦਰ ਪਾਲ ਸਿੰਘ ਨੇ ਅਮਨਦੀਪ ਕੌਰ ਦੇ ਪਤੀ ਨਵਜਿੰਦਰ ਸਿੰਘ ਨਿਵਾਸੀ ਪਿੰਡ ਫੁੱਲਾਂਵਾਲ ਖ਼?ਲਾਫ ਦਾਜ ਖਾਤਰ ਜ਼ੁਲਮ ਕਰਨ ਦਾ ਕੇਸ ਦਰਜ ਕੀਤਾ ਹੈ। ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ 17 ਅਕਤੂਬਰ 2010 ਨੂੰ ਨਵਜਿੰਦਰ ਸਿੰਘ ਦੇ ਨਾਲ ਹੋਇਆ ਸੀ। ਵਿਆਹ ਤੋਂ ਕੁੱਝ ਸਮੇਂ ਬਾਅਦ ਮੇਰੇ ਸਹੁਰੇ ਵਾਲੇ ਮੈਨੂੰ ਦਾਜ ਲਈ ਪਰੇਸ਼ਾਨ ਕਰਨ ਲੱਗੇ। ਪੀੜਤਾ ਨੇ ਦੱਸਿਆ ਕਿ ਉਹ ਆਪਣੇ ਸਹੁਰੇ ਵਾਲਿਆਂ ਦੇ 12 ਸਾਲ ਤੱਕ ਹਰ ਜ਼ੁਲਮ ਨੂੰ ਇਸ ਲਈ ਸਹਿੰਦੀ ਰਹੀ ਕਿ ਸ਼ਾਇਦ ਉਹ ਆਪਣੀਆਂ ਹਰਕਤਾਂ ਤੋਂ ਬਾਜ ਆ ਜਾਣ। ਦਾਜ ਦੇ ਲੋਭੀ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਏ ਅਤੇ ਮੇਰਾ ਇਸਤਰੀ ਧੰਨ ਆਪਣੇ ਕੋਲ ਰੱਖ ਕੇ ਮੈਨੂੰ ਘਰੋਂ ਕੱਢ ਦਿੱਤਾ।

### ਪੁਲਸ ਨੇ 'ਓ. ਪੀ. ਐੱਸ. ਸੀਲ-3' ਅਭਿਆਨ ਤਹਿਤ 20 ਮੁਲਜਮਾਂ ਸਣੇ ਇਕ ਭਗੌੜੇ ਨੂੰ ਕੀਤਾ ਗ੍ਰਿਫਤਾਰ

ਪਠਾਨਕੋਟ 24 ਫਰਵਰੀ। ਪਠਾਨਕੋਟ ਪੁਲਸ ਨੇ 'ਓ. ਪੀ. ਐੱਸ. ਸੀਲ-3' ਵਿਸੇਸ ਅਭਿਆਨ ਤਹਿਤ ਹਿਮਾਚਲ ਪ੍ਰਦੇਸ ਅਤੇ ਜੰਮੂ ਅਤੇ ਕਸਮੀਰ ਦੀਆਂ ਸਰਹੱਦਾਂ 'ਤੇ ਸਵੇਰੇ 8 ਤੋਂ ਦੁਪਹਿਰ 2 ਵਜੇ ਤੱਕ ਨਾਕੇ ਲਾਏ ਗਏ। ਇਸ ਸਬੰਧੀ ਸੀਨੀਅਰ ਕਪਤਾਨ ਪੁਲਸ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਸ ਅਭਿਆਨ ਦੀ ਅਗਵਾਈ ਪਠਾਨਕੋਟ ਪੁਲਸ ਦੇ ਉੱਚ ਅਧਿਕਾਰੀਆਂ, ਸਾਰੇ ਸਬ-ਡਵੀਜਨ ਦੇ ਡੀ. ਐੱਸ. ਪੀ. ਅਤੇ 6 ਐੱਸ. ਐੱਚ.



ਓਜ ਨੇ ਭਾਗ ਲਿਆ ਅਤੇ ਐੱਸ. ਪੀ. (ਪੀ. ਬੀ. ਆਈ.) ਕਰ ਰਹੇ ਹਨ। ਇਸ ਕਾਰਵਾਈ ਦੌਰਾਨ ਨਾਕਾ ਪੁਆਇੰਟ ਜਿਵੇਂ ਚੱਕੀ ਪੁੱਲ, ਨੰਗਲ ਭੂਰ, ਪੁੱਲ ਦਰਬਨ, ਮਾਧੋਪੁਰ, ਅਤੇ ਜਨਿਆਲ ਸਾਮਲ ਹਨ। ਇਸ ਯੋਜਨਾਬੱਧ ਕਾਰਵਾਈ ਦੇ ਪ੍ਰਭਾਵਸਾਲੀ ਨਤੀਜੇ ਸਾਹਮਣੇ ਆਏ ਹਨ, ਇਸ ਕਾਰਵਾਈ ਦੌਰਾਨ ਕੁੱਲ 18 ਮੁਕੱਦਮੇ ਦਰਜ ਕਰ ਕੇ 20 ਮੁਲਜਮਾਂ ਨੂੰ ਕਾਬੂ ਕੀਤਾ ਹੈ ਅਤੇ ਪੁਲਸ ਨੇ ਕੁੱਲ 230 ਗ੍ਰਾਮ ਹੈਰੋਇਨ, 500 ਗ੍ਰਾਮ ਚਰਸ, 206250 ਮਿਲੀਲਿਟਰ ਨਾਜਾਇਜ ਸਰਾਬ, 49 ਗ੍ਰਾਮ ਪਾਊਡਰ ਅਤੇ 200 ਲਿਟਰ ਲਾਹਣ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਅਰੇਸਟ ਇਨਫਰਮੇਸਨ ਸਿਸਟਮ ਨਾਲ ਕੁੱਲ 156 ਸ਼ੱਕੀ ਵਿਅਕਤੀਆਂ ਦੀ ਜਾਂਚ ਅਤੇ ਵਾਹਨ ਐਪ ਦੀ ਮਦਦ ਨਾਲ ਕੁੱਲ 212 ਵਾਹਨਾਂ ਦੀ ਜਾਂਚ ਕੀਤੀ ਗਈ ਹੈ। ਇਸ ਕਾਰਵਾਈ ਦੌਰਾਨ ਇਕ ਚੋਰੀ ਦੇ ਕੇਸ ਦੇ ਸਬੰਧ 'ਚ ਇਕ ਭਗੌੜੇ ਨੂੰ ਵੀ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਪਠਾਨਕੋਟ ਪੁਲਸ ਖੇਤਰ 'ਚ ਸਾਂਤੀ, ਸੁਰੱਖਿਆ ਅਤੇ ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਲਈ ਭਵਿੱਖ 'ਚ ਵੀ ਇਸੇ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਜਾਰੀ ਰੱਖੇਗੀ।


**NAME CHANGE**
I, Samina Rahman W/O Riaz Ur Rahmaan residing at B-1, Second Floor, Nizamuddin West, New Delhi -110013 have changed my name to Samina Riaz for all future purpose.

**NAME CHANGE**
I, ALAUDDIN S/O JAMALUDDIN ANSARI residing at G2/18/380, SANGAM VIHAR, PYSHPA BHAWAN, DELHI-110062 have changed my name to ALAUDDIN ANSARI for all future purpose.

**NAME CHANGE**
I, SANJAY KUMAR S/O BALWANT RAI residing at 25 GUJARAT VIHAR VIKAS MARG DELHI-110092 have changed my name to SANJAY CHARADVA for all future purpose.

**NAME CHANGE**
I hitherto known as NARINDER KUMAR S/o VIJAY KUMAR employed as Assistant Divisional Electrical Engineer/General III/Delhi Division Northern Railway, and resident at 250/7B, Railway Officers Enclave Panchkuian Road, New Delhi-110001, have changed my name and shall hereafter be known as NARINDER KUMAR MEHTA.

**NAME CHANGE**
It is for general information that PRABHNOOR KAUR MALHOTRA D/O SURINDER SINGH EX. W/O BHRAM MALHOTRA residing at H-12, EAST CHANDER NAGAR, STREET NO-7, declare that I got divorce from my husband vide Court Decree HMA No.133 dated 23-2-2022 Further I have changed my name and shall hereafter be known as SILKY KAMBOJ

**PUBLIC NOTICE**
This is to inform general public at large that our client Mr. Mohd. Arif, Mrs. Rashida Begum &Mohd. Faisal who have approached Indo Star Home Finance P. Ltd. for LAP (Loan against property) of the Residential Plot area measuring 166 Sq. Yds, out of Khasra No.191min, Situated at Village Agraula, Pargana & Tehsil Loni, Distt. Ghaziabad, UP. Mohd. Arif acquired the said property from Mohd. Mehboob Chauhan vide Sale Deed dated 13.04.2017 and The land is not identified/ unspecified in nature, and Plot number is missing. All persons, if any, including bank, financial institutions, or an party/ies having claim, demand, right, interest in respect of or against the said property or any part thereof by way of inheritance, assignment, mortgage, possession, lien or otherwise, are hereby required to make the same known in writing within 7 days with the documentary evidence from the date of publication, falling which the said claim of the person/s, if any will be considered waived and settled.
**R Shilpee Advocate**
D-111 Dwarka Mor Nawada housing complex Delhi 110059

**NAME CHANGE**
I, Mohammed Ajmal Khan s/o Hasnain Khan R/o H-19/9A, Batla House, Jamia Nagar, New Delhi-110025, have changed my name to Ajmal Khan for all future purposes.

**NAME CHANGE**
I, KHUSBU KUMARI wife of No-6945079F NK/SHGD JITENDR KUMAR R/O VILL-NANDANI, PO- SHIWISHINGPUR, TEH&DISTT-SAMASTIPUR, BIHAR-848502 have changed my name from KHUSBU KUMARI to KHUSHBU KUMARY for all future purposes, in my husband's service records my date of birth wrongly mentioned as 18/10/1991 instead of my correct date of birth as 08/10/1992 vide Affidavit dated 06/12/2022 Before Notary Public, Delhi.

**NAME CHANGE**
I, Tusli W/O Vivek Kumar R/O A-39/2 V P Singh Camp Railway Colony Tughlakabad New Delhi 110044 have changed my name from Tusli to Tisha for all future purpose.

**PUBLIC NOTICE**
PUBLIC AT LARGE IS HEREBY INFORMED THAT MY CLIENT SH. SONU S/O LATE JAGVIR, R/O. H. NO. 53, AYA NAGAR, NEW DELHI-110047, HAS SEVERED ALL HIS RELATIONS WITH HIS BOTH SON NAMELY VISHAL AND SAHIL AND HAS DISOWNED THEM FOR ALL FUTURE PURPOSES.
(KAPIL KAUSHIK)
ADVOCATE

**NAME CHANGE**
It is for the general public information that I, ANITA GUPTA W/O SH. PREM NARAIN GUPTA R/O M-485, M-BLOCK, MANGOL PURI, MANGOLPURI-N BLOCK, NORTH WEST DELHI, DELHI-110083 declare that name of my husband and my son has been wrongly written as PREM GUPTA and ANIKET in my minor son ANIKET GUPTA aged 13 years his school records. The actual name of my husband and my son are PREM NARAIN GUPTA and ANIKET GUPTA which may be amended accordingly.

**PUBLIC NOTICE**
BE IT KNOW TO ALL CONCERNED THAT MY CLIENTS (1) POONAM SHARMA W/O SH. INDERJIT SHARMA AND (2) INDERJIT SHARMA S/O LATE SH. PARMANAND SHARMA BOTH R/O 821, OLD FOUR STOREY OPP. P. S. RAJOURI GARDEN, NEW DELHI-110027, HEREBY DECLARE THAT THEY HAVE EXPELLED, DISOWNED AND DIS-INHERITED THEIR SONS (1) DEEPAK SHARMA (HIS WIFE PARUL SHARMA & HIS SON SHIVANSH) AND (2) SACHIN SHARMA (HIS WIFE SIMPLE SHARMA & HIS SON YUGANSH) DUE TO THEIR MISBEHAVIOUR FROM THEIR ALL MOVABLE, IMMOVABLE PROPERTIES WHATSOEVER / WHEREEVER SITUATED & BANK DEPOSITS ETC, THEY HAVE ALSO RELEASED ALL THEIR RELATIONS WITH THEM FOR ALL INTENTS AND PURPOSES, AND MY SAID CLIENTS HEREBY DECLARE THAT THEY SHALL NOT BE RESPONSIBLE FOR ANY OF THEIR ACTS AND OMISSIONS FROM HERETO. ANYBODY DEALING WITH THEM SHALL DO SO AT HIS/HER/ THEIR OWN PERIL.
Gulshan Chanana Advocate
11/80, Ground Floor, Subhash Nagar, New Delhi-110027

# ਪੰਜਾਬ ਸਰਕਾਰ ਦੀ ਨੀਅਤ ਤੇ ਨੀਤੀ ਮਾਂ ਬੋਲੀ ਪੰਜਾਬੀ ਪੱਖੀ : ਡਾ. ਬਲਬੀਰ ਸਿੰਘ

## ਲੋਕ ਘਰਾਂ ਦੀਆਂ ਨਾਮ ਪੱਟੀਆਂ ਤੇ ਦੁਕਾਨਾਂ ਦੇ ਬੋਰਡਾਂ ਉੱਪਰ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਨੂੰ ਤਰਜੀਹ ਦੇਣ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਨੀਤੀ ਅਤੇ ਨੀਅਤ ਮਾਂ ਬੋਲੀ ਪੰਜਾਬੀ ਪੱਖੀ ਹੈ।ਸਿਹਤ ਮੰਤਰੀ ਅੱਜ ਕੌਮਾਂਤਰੀ ਮਾਤ ਭਾਸ਼ਾ ਦਿਵਸ ਮੌਕੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਸਮਾਗਮ ਦੀ ਅਗਵਾਈ ਕਰ ਰਹੇ ਸਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਨੂੰ ਹੋਰਨਾਂ ਭਾਸ਼ਾਵਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਪਰੰਤੂ ਸਾਡੀ ਮਾਂ ਬੋਲੀ ਉਤੇ ਵੀ ਪਕੜ ਲਾਜਮੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਵਿਸ਼ਵ ਵਿੱਚ ਭਾਵੇਂ ਕਿਤੇ ਵੀ ਗਏ, ਉਥੇ ਹੀ ਉਨ੍ਹਾਂ ਨੇ ਨਵਾਂ ਪੰਜਾਬ ਵਸਾ ਲਿਆ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਪੰਜਾਬੀ ਦੇ ਲੇਖਕਾਂ ਤੇ ਪੰਜਾਬੀ ਨੂੰ ਬਣਦਾ ਮਾਣ-ਸਨਮਾਨ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਸੰਜੀਦਾ ਹੈ। ਡਾ. ਬਲਬੀਰ ਸਿੰਘ ਨੇ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਦੀਆਂ ਨਾਮ ਪੱਟੀਆਂ ਅਤੇ ਦੁਕਾਨਾਂ ਦੇ ਬੋਰਡਾਂ ਉੱਪਰ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਨੂੰ ਤਰਜੀਹ ਦੇਣ। ਸਮਾਗਮ ਮੌਕੇ ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਡਾ.ਵਿਦਵਾਨ ਸਿੰਘ ਸੋਨੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਸਮਾਗਮ ਦੀ ਪ੍ਰਧਾਨਗੀ ਉੱਘੇ ਚਿੰਤਕ ਡਾ.ਅਮਰਜੀਤ ਸਿੰਘ ਗਰੇਵਾਲ ਤੇ ਉੱਘੇ ਕਵੀ ਡਾ. ਸਵਰਨਜੀਤ ਸਿੰਘ ਸਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਅਤੇ ਹੱਲ ਵਿਸ਼ੇ ਤੇ ਕੁੰਜੀਵਤ ਭਾਸ਼ਣ ਦਿੱਤਾ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਹਰਪ੍ਰੀਤ ਕੌਰ ਨੇ ਸਵਾਗਤ ਕਰਦਿਆਂ ਮਾਤ ਭਾਸ਼ਾ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਤੇ ਵਿਭਾਗ ਦੀਆਂ ਮਹੱਤਵਪੂਰਨ ਸਕੀਮਾਂ ਬਾਰੇ ਜਾਣੂ ਕਰਵਾਇਆ।ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਭਾਸ਼ਾ ਵਿਭਾਗ ਵਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਪਟਿਆਲਾ ਰਾਹੀਂ ਆਮ ਜਨਤਾ ਨੂੰ ਘਰਾਂ ਅਤੇ ਦੁਕਾਨਾਂ ਦੇ ਬੋਰਡ ਪੰਜਾਬੀ ਭਾਸ਼ਾ ਵਿਚ ਲਿਖਣ ਲਈ ਪੰਜਾਬੀ ਚੇਤਨਾ ਰੈਲੀ ਕੱਢੀ ਗਈ। ਇਸ ਰੈਲੀ ਵਿਚ ਸਕੂਲ, ਪੰਜਾਬੀ ਟਾਈਪ/ਸ਼ਾਰਟਹੈਂਡ ਅਤੇ ਸਰਕਾਰੀ ਆਈ.ਟੀ.ਆਈ ਲੜਕੀਆਂ ਦੇ ਵਿਦਿਆਰਥੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਸ ਰੈਲੀ ਨੂੰ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਵਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਸਮਾਗਮ ਦੇ ਦੂਜੇ ਦੌਰ ਵਿਚ ਪੰਜਾਬੀ ਥੀਏਟਰ ਮੰਚ ਦੇ ਡਾਇਰੈਕਟਰ, ਗੁਲਜਾਰ ਪਟਿਆਲਵੀ ਨੇ ਪੰਜਾਬੀ ਸੂਫ਼ੀ ਗਾਇਕੀ ਦੀ ਪੇਸ਼ਕਾਰੀ ਕੀਤੀ। ਸਮਾਗਮ ਵਿਚ ਕਰਨਲ ਜੇਵੀ ਸਿੰਘ, ਜਸਬੀਰ ਸਿੰਘ ਗਾਂਧੀ, ਲਾਲ ਸਿੰਘ ਤੇ ਮਨਦੀਪ ਸਿੰਘ ਵਿਰਦੀ ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਸੁਰਿੰਦਰ ਕੌਰ ਹਾਜਰ ਹੋਏ। ਮੰਚ ਸੰਚਾਲਨ ਦਾ ਕਾਰਜ ਵਿਭਾਗ ਦੇ ਅਧਿਕਾਰੀ ਗੁਰਮੇਲ ਸਿੰਘ ਵਿਰਕ ਨੇ ਕੀਤਾ।

# ਸਾਬਕਾ ਪ੍ਰਧਾਨ ਭਾਈ ਲੌਂਗੋਵਾਲ ਰਾਜਿੰਦਰਾ ਹਪਸਤਾਲ 'ਚ ਜ਼ਖ਼ਮੀਆਂ ਦਾ ਹਾਲ ਜਾਣਨ ਪੁੱਜੇ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਜਾਣ ਲਈ ਸ਼ੰਭੂ ਬਾਰਡਰ ਸਮੇਤ ਖਨੌਰੀ ਬਾਰਡਰ 'ਤੇ ਬੈਠੇ ਕਿਸਾਨ ਜਥੇਬੰਦੀਆਂ 'ਤੇ ਅੱਜ ਬਾਰਡਰ 'ਤੇ ਤਾਇਨਾਤ ਹਰਿਆਣਾ ਪੁਲਿਸ ਵੱਲੋਂ ਡਰੋਨ ਦੇ ਅੱਥਰੂ ਗੈਸ ਦੇ ਗੋਲਿਆਂ ਅਤੇ ਚਲਾਈ ਗੋਲੀ ਨਾਲ ਜ਼ਖਮੀਆਂ ਹੋਏ ਬਹੁਤ ਸਾਰੇ ਵਿਅਕਤੀਆਂ ਨੂੰ ਅੱਜ ਰਾਜਿੰਦਰਾ ਹਸਪਤਾਲ ਪਹੁੰਚਾਇਆ ਗਿਆ, ਜਿਥੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅੱਜ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਜ਼ਖ਼ਮੀਆਂ ਦਾ ਹਾਲ ਜਾਨਣ ਲਈ ਪੁੱਜੇ।

ਰਾਜਿੰਦਰਾ ਹਸਪਤਾਲ ਵਿਖੇ ਜ਼ਖਮੀ ਹੋਏ ਸਰਕਲ ਪ੍ਰਧਾਨ ਜਗਰਾਜ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਹਿਟਲਰਸ਼ਾਹੀ ਚਿਹਰਾ ਬੇਨਕਾਬ ਹੋ ਗਿਆ, ਜੋ ਦੇਸ਼ ਦੇ ਅੰਨਦਾਤਾ ਦੀਆਂ ਮੰਗਾਂ ਮੰਨਣ ਬਦਲੇ ਉਨ੍ਹਾਂ ਨੂੰ ਗੋਲੀਆਂ ਅਤੇ ਅੱਥਰੂ ਗੈਸ ਦੇ ਗੋਲੇ ਚਲਾ ਕੇ ਰੋਕਣਾ ਚਾਹੁੰਦਾ, ਜਿਸ ਨਾਲ ਲੋਕਤੰਤਰ ਦਾ ਘਾਣ ਹੁੰਦਾ ਵੇਖਿਆ ਜਾ ਸਕਦਾ ਅਤੇ ਗਲਤ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਅੱਜ ਵੱਖ ਵੱਖ ਬਾਰਡਰਾਂ 'ਤੇ ਜੋ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਉਸ ਲਈ ਸਿੱਧੇ ਤੌਰ 'ਤੇ ਕੇਂਦਰ ਵਿਚ ਬੈਠੀ ਮੋਦੀ ਸਰਕਾਰ ਹੈ, ਜੋ ਵਾਰ ਵਾਰ ਮੀਟਿੰਗਾਂ ਬੁਲਾ ਕੇ ਗੱਲਬਾਤ ਕਰਕੇ ਅਜੇ ਤੱਕ ਕਿਸਾਨਾਂ ਦੀਆਂ ਮੰਗਾਂ ਦਾ ਕੋਈ ਸਾਰਥਿਕ ਹੱਲ ਨਹੀਂ ਕੱਢ ਸਕੀ। ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਪ੍ਰਤੀ ਆਪਣਾ ਰਵੱਈਆ ਸਹੀ ਢੰਗ ਵਾਲਾ ਰੱਖਣਾ ਚਾਹੀਦਾ ਕਿਉਂਕਿ ਕਿਸਾਨ ਦੇਸ਼ ਲਈ ਰੀੜ ਦੀ ਹੱਡੀ ਹਨ, ਜੇ ਉਨ੍ਹਾਂ ਨਾਲ ਹੀ ਅਜਿਹਾ ਵਿਵਹਾਰ ਹੋਵੇਗਾ ਤਾਂ ਆਮ ਨਾਗਰਿਕ ਆਪਣੇ ਅਧਿਕਾਰਾਂ ਨੂੰ ਕਿਵੇਂ ਸੁਰੱਖਿਅਤ ਮਹਿਸੂਸ ਕਰੇ। ਭਾਈ ਲੌਂਗੋਵਾਲ ਨੇ ਕਿਹਾ ਕਿ ਜਬਰ ਦੇ ਨਾਲ ਕਿਸਾਨਾਂ ਨੂੰ ਇਸ ਤਰ੍ਹਾਂ ਕਮਜ਼ੋਰ ਨਹੀਂ ਕੀਤਾ ਜਾ ਸਕਦਾ ਅਤੇ ਅਜਿਹੇ ਜਬਰ ਅਤੇ ਜ਼ੁਲਮ ਦੇ ਖਿਲਾਫ ਕਿਸਾਨ ਭਰਾਵਾਂ ਨੇ ਪਹਿਲਾਂ ਹੀ ਕੇਂਦਰ ਵਿਚ ਬੈਠੀ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ ਸੀ ਅਤੇ ਇਸ ਵਾਰ ਹੀ ਸਰਕਾਰ ਨੂੰ ਬੈਕਫੁੱਟ 'ਤੇ ਜਾਣ ਲਈ ਕਿਸਾਨ ਮਜਬੂਰ ਕਰ ਦੇਣਗੇ ਇਸ ਤੋਂ ਪਹਿਲਾਂ ਕਿ ਕਿਸਾਨਾਂ ਦਾ ਵੱਡਾ ਨੁਕਸਾਨ ਹੋਵੇ ਸਰਕਾਰ ਨੂੰ ਦੋ ਸਾਲ ਪਹਿਲਾਂ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਵਾਲੇ ਪਾਸੇ ਕੋਈ ਯੋਗ ਕਦਮ ਚੁੱਕਣਾ ਚਾਹੀਦਾ ਹੈ।



ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਰਾਜਿੰਦਰਾ ਹਸਪਤਾਲ ਵਿਖੇ ਖਨੌਰੀ ਵਿਖੇ ਜ਼ਖਮੀ ਹੋਏ ਵਿਅਕਤੀਆਂ ਦਾ ਹਾਲ ਚਾਲ ਪੁੱਛਦੇ ਹੋਏ।

# ਆਰਬੀਐਲ ਬੈਂਕ ਨੇ ਆਪਣੀ ਸੀਐਸਆਰ ਪਹਿਲ 'ਉਮੀਦ 1000' ਦੇ ਤਹਿਤ ਪਟਿਆਲਾ ਵਿੱਚ ਗਰੀਬ ਲੜਕੀਆਂ ਨੂੰ ਸਾਈਕਲ ਅਤੇ ਸਕੂਲ-ਕਿੱਟਾਂ ਵੰਡੀਆਂ



**ਪਟਿਆਲਾ, 21 ਫਰਵਰੀ**
**-ਨਿਊਜ਼ਲਾਈਨ ਐਕਸਪ੍ਰੈਸ-**

ਭਾਰਤ ਦੇ ਪ੍ਰਮੁੱਖ ਪ੍ਰਾਈਵੇਟ ਸੈਕਟਰ ਬੈਂਕਾਂ ਵਿੱਚੋਂ ਇੱਕ, ਆਰਬੀਐਲ ਬੈਂਕ ਨੇ ਆਪਣੀ ਸੀਐਸਆਰ ਪਹਿਲ - ਉਮੀਦ 1000 ਦੇ ਤਹਿਤ, ਲੜਕੀਆਂ ਦੀ ਸਿੱਖਿਆ ਨੂੰ ਸਮਰਥਨ ਦੇਣ ਦੀ ਆਪਣੀ ਵਚਨਬੱਧਤਾ ਨੂੰ ਜਾਰੀ ਰੱਖਿਆ ਹੈ। ਬੈਂਕ ਨੇ ਪੰਜਾਬ ਵਿੱਚ ਪਟਿਆਲਾ ਵਿਖੇ ਗਰੀਬ ਲੜਕੀਆਂ ਨੂੰ 700 ਸਾਈਕਲ ਵੰਡੇ ਹਨ। ਬੈਂਕ ਦੀ ਇਸ ਦਾਨ ਮੁਹਿੰਮ ਦਾ ਆਯੋਜਨ ਪੰਜਾਬ ਦੇ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਪੰਜਾਬ ਦੇ ਮਾਨਯੋਗ ਮੰਤਰੀ ਡਾਕਟਰ ਬਲਬੀਰ ਸਿੰਘ , ਬਲਤੇਜ ਸਿੰਘ ਪੰਨੂ, ਡਾਇਰੈਕਟਰ ਮੀਡੀਆ ਮੁੱਖ ਮੰਤਰੀ ਪੰਜਾਬ ਅਤੇ ਆਰਬੀਐਲ ਬੈਂਕ ਦੇ ਐਮਡੀ ਅਤੇ ਸੀਈਓ , ਆਰ ਸੁਬਰਾਮਣਿਆਕੁਮਾਰ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਮੌਕੇ ਆਰਬੀਐਲ ਬੈਂਕ ਦੇ ਸੀਨੀਅਰ ਨੁਮਾਇੰਦੇ ਵੀ ਸ਼ਾਮਲ ਸਨ। ਇਸ ਮੁਹਿੰਮ ਲਈ ਪੋਲੋ ਗਰਾਊਂਡ ਵਿਖੇ ਇਕੱਠੀਆਂ ਹੋਈਆਂ ਲੜਕੀਆਂ ਵਿਚ ਸਾਈਕਲ ਪ੍ਰਾਪਤ ਕਰਨ ਦਾ ਭਾਰੀ ਉਤਸ਼ਾਹ ਵੇਖਿਆ ਗਿਆ। ਲਾਭਪਾਤਰੀਆਂ ਦੀ ਪਛਾਣ ਬੈਂਕ ਦੁਆਰਾ ਸਿੱਧੇ ਤੌਰ 'ਤੇ ਸਿੱਖਿਆ ਅਤੇ ਸਮਾਜ ਭਲਾਈ ਵਿਭਾਗ, ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕੀਤੀ ਗਈ ਸੀ।

ਜਿਆਦਾਤਰ ਬੱਚਿਆਂ ਦੇ ਸਕੂਲ ਛੱਡਣ ਦਾ ਇੱਕ ਵੱਡਾ ਕਾਰਨ ਦੂਰੀ ਵੀ ਹੁੰਦਾ ਹੈ। ਇਹ ਪਹਿਲ ਸਿੱਖਿਆ ਤੱਕ ਪਹੁੰਚ ਵਧਾਉਣ ਲਈ ਆਵਾਜਾਈ ਦੇ ਲੋੜੀਂਦੇ ਸਾਧਨ ਪ੍ਰਦਾਨ ਕਰੇਗੀ। ਇਹਨਾਂ ਸਾਈਕਲਾਂ ਦੇ ਨਾਲ ਲੜਕੀਆਂ ਨੂੰ ਸਕੂਲ ਜਾਣ ਵਿੱਚ ਬਹੁਤ ਮਦਦ ਮਿਲੇਗੀ , ਅਤੇ ਨਾਲ ਹੀ ਇਹ ਊਰਜਾ-ਕੁਸ਼ਲ ਅਤੇ ਵਾਤਾਵਰਣ ਲਈ ਟਿਕਾਊ ਵੀ ਹਨ।

ਬੈਂਕ ਪਟਿਆਲਾ, ਜੈਪੁਰ, ਨਾਗਪੁਰ ਅਤੇ ਗੁਹਾਟੀ ਸਮੇਤ ਪੂਰੇ ਭਾਰਤ ਵਿੱਚ 2000 ਤੋਂ ਵੱਧ ਸਾਈਕਲਾਂ ਅਤੇ ਸਕੂਲ-ਕਿੱਟਾਂ ਵੰਡ ਰਿਹਾ ਹੈ।

ਇਸ ਮੌਕੇ 'ਤੇ ਬੋਲਦੇ ਹੋਏ, ਆਰਬੀਐਲ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ, ਆਰ ਸੁਬਰਾਮਣਿਆਕੁਮਾਰ ਨੇ ਕਿਹਾ, ÷'ਕਮਿਊਨਿਟੀ ਐਜ਼ ਦ ਕਾਜ਼' ਦੇ ਸਾਡੇ ਮਿਸ਼ਨ ਦੇ ਅਨੁਸਾਰ, ਅਸੀਂ ਆਪਣੇ ਵਿਲੱਖਣ ਸੀਐਸਆਰ ਆਊਟਰੀਚ ਪ੍ਰੋਗਰਾਮਾਂ ਨਾਲ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੀ ਮਦਦ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ।

## ਆਦਰਸ਼ ਸਕੂਲ ਵਿਖੇ ਵਿਦਿਆਰਥੀ ਦਾਖਲ ਕਰਕੇ ਹੋਈ ਦਾਖਲਾ ਮੁਹਿੰਮ ਦੀ ਸ਼ੁਰੂਆਤ



**ਸ੍ਰੀ ਅਨੰਦਪੁਰ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਕੁਲਤਰਨਜੀਤ ਸਿੰਘ ਨੇ ਸਕੂਲ ਦੇ ਪ੍ਰਾਇਮਰੀ ਵਿੰਗ ਵਿੱਚ ਵਿਦਿਆਰਥਣ ਜਸਨੂਰ ਕੌਰ ਨੂੰ ਦਾਖਲ ਕਰਕੇ ਦਾਖਲਾ ਮੁਹਿੰਮ ਦੀ ਸ਼ੁਰੂਆਤ ਕੀਤੀ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾਨਿਰਦੇਸਾ ਹੇਠ ਸਰਕਾਰੀ ਸਕੂਲਾਂ ਵਿੱਚ ਵਿਆਪਕ ਸੁਧਾਰ ਕੀਤੇ ਜਾ ਰਹੇ ਹਨ। ਜਿਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਅਤਿਆਧੁਨਿਕ ਤਕਨੀਕਾਂ ਰਾਹੀਂ ਸਿੱਖਿਆ ਦਿੱਤੀ ਜਾਂਦੀ ਹੈ। ਅਤੇ ਵਿਦਿਆਰਥੀ ਪੰਜਾਬੀ ਦੇ ਨਾਲ-ਨਾਲ ਅੰਗਰੇਜੀ ਮਾਧਿਅਮ ਵਿੱਚ ਵੀ ਸਿੱਖਿਆ ਹਾਸਲ ਕਰ ਸਕਦਾ ਹੈ।

ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਸੁ ?ਰੂ ਹੋ ਚੁੱਕੀ ਹੈ। ਅਤੇ ਮਾਪੇ ਬਿਨ੍ਹਾਂ ਕਿਸੇ ਸੰਕੋਚ ਤੋਂ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ।ਉਹਨਾ ਕਿਹਾ ਕਿ ਸਰਕਾਰੀ ਸਕੂਲ ਵਿੱਚ ਅਧੁਨਿਕ ਲੈਬੋਰਟਰੀ, ਸਿੱਖਿਅਤ ਸਟਾਫ, ਕਿਤਾਬਾਂ ਦੀ ਲਾਇਬ੍ਰੇਰੀ, ਕੰਪਿਊਟਰ ਸਿੱਖਿਆ ਸਮੇਤ ਹੋਰ ਸਹੂਲਤਾਂ ਦਾ ਲਾਭ ਲੈਣ।
ਇਸ ਮੌਕੇ ਉਪ ਜਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਪ੍ਰਿੰਸੀਪਲ ਅਵਤਾਰ ਸਿੰਘ, ਬਲਕਾਰ ਸਿੰਘ, ਅਮਰਜੀਤ ਸਿੰਘ, ਅਮ੍ਰਿਤਪਾਲ ਸਿੰਘ, ਵਰੁਣ ਕੁਮਾਰ, ਰਜਨੀ ਬਾਲਾ, ਗੁਰਮੇਲ ਸਿੰਘ, ਬਲਜੀਤ ਕੌਰ ਆਦਿ ਹਾਜਰ ਸਨ।
ਸ੍ਰੀ ਅਨੰਦਪੁਰ ਸਾਹਿਬ ਦੇ ਆਦਰਸ਼ ਸਕੂਲ ਵਿਖੇ ਦਾਖਲਾ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਜਿਲ੍ਹਾ ਸਿੱਖਿਆ ਅਫਸਰ ਕੁਲਤਰਨਜੀਤ ਸਿੰਘ ਤੇ ਹੋਰ।

# ਗੁਰਮੀਤ ਸਿੰਘ ਖੁੱਡੀਆਂ ਵੱਲੋਂ ਖਨੌਰੀ ਬਾਰਡਰ 'ਤੇ ਕਿਸਾਨ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ



**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਖਨੌਰੀ ਬਾਰਡਰ 'ਤੇ ਅੰਦੋਲਨਕਾਰੀ ਕਿਸਾਨਾਂ ਖ਼ਿਲਾਫ਼ ਹਰਿਆਣਾ ਪੁਲਿਸ ਦੀ ਕਥਿਤ ਬੇਰਹਿਮ ਕਾਰਵਾਈ ਵਿੱਚ ਇੱਕ ਨੌਜਵਾਨ ਕਿਸਾਨ ਦੀ ਮੌਤ ਉੱਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਪੁਲੀਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ। ਸ. ਖੁੱਡੀਆਂ ਨੇ ਕਿਹਾ ਕਿ ਆਪਣੇ ਹੀ ਨਾਗਰਿਕਾਂ ਵਿਰੁੱਧ ਅਜਿਹੀ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਉਨ੍ਹਾਂ ਨੇ ਇਸ ਜਬਰ ਨੂੰ ਰੋਕਣ ਲਈ ਕੇਂਦਰ ਸਰਕਾਰ ਨੂੰ ਤੁਰੰਤ ਦਖ਼ਲ ਦੇਣ ਲਈ ਅਪੀਲ ਕੀਤੀ ਹੈ।

ਖੇਤੀਬਾੜੀ ਮੰਤਰੀ ਨੇ ਅਪੀਲ ਕੀਤੀ ਕਿ ਕੇਂਦਰ ਸਰਕਾਰ ਨੂੰ ਤੁਰੰਤ ਅੱਗੇ ਆਉਣਾ ਚਾਹੀਦਾ ਹੈ ਅਤੇ ਸਾਡੇ 'ਅੰਨਦਾਤਾ' ਵਿਰੁੱਧ ਹਰਿਆਣਾ ਪੁਲਿਸ ਦੇ ਬੇਰਹਿਮੀ ਵਾਲੇ ਵਤੀਰੇ ਨੂੰ ਰੋਕਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਦੇ ਕਿਸਾਨ ਆਪਣੀਆਂ ਮੰਗਾਂ ਲਈ ਸ਼ਾਂਤੀਪੂਰਵਕ ਢੰਗ ਨਾਲ ਸੰਘਰਸ਼ ਕਰ ਰਹੇ ਹਨ ਅਤੇ ਹਰਿਆਣਾ ਵੱਲੋਂ ਉਨ੍ਹਾਂ ਨਾਲ ਕੀਤਾ ਜਾ ਰਿਹਾ ਸਲੂਕ ਅਤਿ-ਨਿੰਦਣਯੋਗ ਹੈ।

ਉਹਨਾਂ ਕਿਹਾ ਕਿ ਆਪਣੀਆਂ ਜਾਇਜ਼ ਮੰਗਾਂ ਲਈ ਸ਼ਾਂਤੀਪੂਰਵਕ ਤਰੀਕੇ ਨਾਲ ਆਵਾਜ਼ ਉਠਾ ਰਹੇ ਇਹ ਕਿਸਾਨ ਸਨਮਾਨ ਅਤੇ ਸੁਰੱਖਿਆ ਦੇ ਹੱਕਦਾਰ ਹਨ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੇ ਨਿਵਾਸੀ ਹੋਣ ਦੇ ਨਾਤੇ, ਕਿਸਾਨਾਂ ਨਾਲ ਇਸ ਤਰ੍ਹਾਂ ਦਾ ਬੇਰਹਿਮੀ ਵਾਲਾ ਵਤੀਰਾ ਨਹੀਂ ਕਰਨਾ ਚਾਹੀਦਾ।

ਸ. ਖੁੱਡੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਦੋਹਰੇ ਮਾਪਦੰਡ ਸਥਿਤੀ ਨੂੰ ਹੋਰ ਖ਼ਰਾਬ ਕਰ ਰਹੇ ਹਨ। ਇੱਕ ਪਾਸੇਂ ਜਿੱਥੇ ਕੇਂਦਰੀ ਖੇਤੀਬਾੜੀ ਮੰਤਰੀ ਅੰਦੋਲਨਕਾਰੀ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦੇ ਰਹੇ ਹਨ, ਉੱਥੇ ਹੀ ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਵੱਲੋਂ ਪੁਲਿਸ ਫੋਰਸ ਰਾਹੀਂ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਆਪਾਵਿਰੋਧੀ ਪਹੁੰਚ ਇਸ ਖਿੱਤੇ ਵਿੱਚ ਲੰਬੀ ਘਾਲਣਾ ਬਾਅਦ ਆਈ ਸ਼ਾਂਤੀ ਲਈ ਖ਼ਤਰਾ ਪੈਦਾ ਕਰ ਸਕਦੀ ਹੈ ਅਤੇ ਲੋਕਤੰਤਰ ਵਿੱਚ ਸਿਰਜੋੜ ਕੇ ਮਸਲੇ ਦਾ ਹੱਲ ਕੱਢਣ ਦੀ ਭਾਵਨਾ ਨੂੰ ਕਮਜ਼ੋਰ ਕਰਦੀ ਹੈ।

ਸ: ਗੁਰਮੀਤ ਸਿੰਘ ਖੁੱਡੀਆਂ ਨੇ ਜ਼ਿਲ੍ਹਾ ਬਠਿੰਡਾ ਦੇ ਮ੍ਰਿਤਕ ਕਿਸਾਨ ਸ਼ੁਭਕਰਨ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅਤੇ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ। ਸ. ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਸੂਬਾ ਪ੍ਰਸ਼ਾਸਨ ਕਿਸਾਨਾਂ ਦੀ ਭਲਾਈ ਲਈ ਦ੍ਰਿੜ੍ਹ ਵਚਨਬੱਧ ਹੈ ਅਤੇ ਇਹ ਸਾਡੀ ਪ੍ਰਮੁੱਖ ਤਰਜੀਹ ਹੈ।

## ਜੌੜਾਮਾਜਰਾ ਨੇ ਨੌਜਵਾਨ ਕਿਸਾਨ ਦੀ ਮੌਤ ਨੂੰ ਮੰਦਭਾਗਾ ਦੱਸਿਆ

**ਸਮਾਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਢਾਬੀ ਗੁੱਜਰਾਂ/ਖਨੌਰੀ ਬਾਰਡਰ ਵਿਖੇ ਨੌਜਵਾਨ ਕਿਸਾਨ ਦੀ ਹੋਈ ਮੌਤ ਨੂੰ ਮੰਦਭਾਗਾ ਦੱਸਦਿਆਂ ਕੇਂਦਰ ਸਰਕਾਰ ਤੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਿਸਾਨਾਂ ਦੀ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।



ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸਾਡੇ ਸੂਬੇ ਦੇ ਕਿਸਾਨ ਪੂਰੇ ਦੇਸ਼ ਦੇ ਕਿਸਾਨਾਂ ਨੂੰ ਸੁਰੱਖਿਅਤ ਕਰਨ ਦੀ ਲੜਾਈ ਲੜ ਰਹੇ ਹਨ ਪਰ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਕੇ ਮੁਕਰ ਰਹੀ ਹੈ, ਜਦਕਿ ਸੰਵਿਧਾਨ ਤੇ ਸੁਪਰੀਮ ਕੋਰਟ ਨੇ ਵੀ ਸ਼ਾਂਤਮਈ ਪ੍ਰਦਰਸ਼ਨ ਨੂੰ ਜਾਇਜ਼ ਕਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੇ ਹਰਿਅਣਾ ਸਰਕਾਰ ਕਿਸਾਨਾਂ ਉਪਰ ਅੱਤਿਆਚਾਰ ਕਰ ਰਹੀ ਹੈ, ਜਿਸ ਦੀ ਉਹ ਘੋਰ ਨਿੰਦਾ ਕਰਦੇ ਹਨ।

## ਆਪ ਦੀ ਸਰਕਾਰ, ਆਪ ਦੇ ਦੁਆਰ, ਤਹਿਤ ਰੋਹਟੀ ਬਸਤਾ ਸਿੰਘ ਵਿਖੇ ਲਗਾਇਆ ਕੈਂਪ



**ਨਾਭਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪ ਦੀ ਸਰਕਾਰ ਆਪ ਦੇ ਦੁਆਰ ਪ੍ਰੋਗਰਾਮ ਤਹਿਤ ਐਸ ਡੀ ਐਮ ਨਾਭਾ ਤਰਸੇਮ ਚੰਦ ਦੀ ਅਗਵਾਈ ਹੇਠ ਹਲਕਾ ਦਿਹਾਤੀ ਪਟਿਆਲਾ ਦੇ ਪਿੰਡ ਰੋਹਟੀ ਬਸਤਾ ਸਿੰਘ ਵਿਖੇ ਲੋਕਾਂ ਨੂੰ ਉਨਾਂ ਦੇ ਜੱਦੀ ਸਥਾਨ ਤੇ ਪ੍ਰਸ਼ਾਸਨਿਕ ਸਹੂਲਤਾਂ ਮੁਹਈਆ ਕਰਵਾਉਣ ਲਈ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਵਲੋਂ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਹੋਰ ਕੰਮ ਦੀਆਂ ਅਰਜ਼ੀਆਂ ਦੀਆਂ ਤੇ ਮੋਕੇ ਤੇ ਹੱਲ ਹੋਣ ਵਾਲੇ ਕੰਮਾਂ ਨੂੰ ਮੋਕੇ ਤੇ ਹੱਲ ਕੀਤਾ ਗਿਆ ਤੇ ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਵਾਲੇ ਜਾਣਕਾਰੀ ਦਿੰਦਿਆਂ ਜਾਗਰੂਕ ਕੀਤਾ ਗਿਆ।

ਇਸ ਮੌਕੇ ਸਰਪੰਚ ਅਜੈਬ ਸਿੰਘ,ਇੰਦਰਜੀਤ ਸਿੰਘ ਪੰਚ, ਜਤਿੰਦਰਪਾਲ ਸਿੰਘ ਸੈਕਟਰੀ, ਜੰਗੀਰ ਸਿੰਘ ਨੰਬਰਦਾਰ,ਜਗਤਾਰ ਸਿੰਘ ਸੋਨੂੰ ਪੰਚ,ਦਰਸ਼ਨ ਸਿੰਘ ਆਦਿ ਮੋਜੂਦ ਰਹੇ।

## ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਇੰਦਰਾ ਹਸਪਤਾਲ ਵਿਖੇ ਲਗਾਇਆ ਪੇਟ ਤੇ ਜਿਗਰ ਦੀਆਂ ਬਿਮਾਰੀਆਂ ਦਾ ਕੈਂਪ



**ਮਾਛੀਵਾੜਾ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫੋਰਟਿਸ ਹਸਪਤਾਲ ਲੁਧਿਆਣਾ ਵੱਲੋਂ ਇੰਦਰਾ ਹਸਪਤਾਲ ਮਾਛੀਵਾੜਾ ਸਾਹਿਬ ਵਿਖੇ ਪੇਟ ਤੇ ਜਿਗਰ ਦੀਆਂ ਬਿਮਾਰੀਆਂ ਦਾ ਕੈਂਪ ਮਾਹਿਰ ਡਾਕਟਰ ਨੀਰਜ ਸਿੰਗਲਾ ਮਹੀਨੇ ਦੇ ਹਰ ਬੁੱਧਵਾਰ ਦੁਪਹਿਰ 12 ਤੋਂ 2 ਵਜੇ ਤੱਕ ਮਰੀਜ਼ਾਂ ਦੀ ਜਾਂਚ ਕਰਨਗੇ। ਜਾਣਕਾਰੀ ਦਿੰਦਿਆ ਫੋਰਟਿਸ ਹਸਪਤਾਲ ਦੇ ਮਾਰਕਿਟ ਮੈਨੇਜਰ ਸਚਿਨ ਸ਼ਰਮਾ ਨੇ ਦੱਸਿਆ ਕਿ ਭੁੱਖ ਦੀ ਕਮੀ, ਖਾਣ ਵਿੱਚ ਮੁਸ਼ਕਿਲ, ਉਲਟੀਆਂ ਜਾਂ ਬਦਹਜ਼ਮੀ, ਕਬਜ਼, ਪੇਟ ਦਰਦ ਜਾਂ ਫੁੱਲਣਾ, ਚਰਬੀ ਜਿਗਰ, ਹੈਪੇਟਾਈਟਸ ਜਾਂ ਜਿਗਰ ਵਿੱਚ ਸੋਜ ਇਨਾਂ ਸਭ ਬਿਮਾਰੀਆਂ ਦੇ ਮਾਹਿਰ ਡਾਕਟਰ ਨੀਰਜ ਸਿੰਗਲਾ ਨੂੰ ਮਿਲ ਸਕਦੇ ਹੋ। ਇਸ ਮੌਕੇ ਡਾ ਸੰਜੀਵ ਅਗਰਵਾਲ, ਡਾ ਸੋਨਿਕਾ ਅਗਰਵਾਲ, ਐਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਮਿੰਕੂ ਹੰਸ, ਜਗਦੀਸ਼ ਚਾਨਣਾ, ਲਵਰੀਸ਼ ਸ਼ਰਮਾ ਅਤੇ ਪਰਮਦੀਪਪਾਲ ਸਿੰਘ ਹਾਜ਼ਰ ਸਨ।

## ਬਾਸੜੀਏ ਦੇ ਮੇਲੇ ਨੂੰ ਲੈ ਕੇ ਮੰਦਿਰ ਕਮੇਟੀ ਅਹੁਦੇਦਾਰਾਂ ਦੀ ਮੀਟਿੰਗ ਹੋਈ



**ਨਾਭਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

)ਮਾਤਾ ਰਾਣੀ ਮੰਦਿਰ ਭੀਖੀ ਮੋੜ ਨਾਭਾ ਵਿਖੇ ਬਾਸੜੀਏ ਦੇ ਮੇਲੇ ਨੂੰ ਲੈ ਕੇ ਮੰਦਿਰ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨਾ ਦੇ ਨਾਲ ਵਿਸੇਸ ਮੀਟਿੰਗ ਕੀਤੀ ਗਈ ਮੇਲਾ 26 ਮਾਰਚ ਨੂੰ ਹਰ ਸਾਲ ਦੀ ਤਹਰਾਂ ਇਸ ਸਾਲ ਵੀ ਬਹੁਤ ਧੂਮਧਾਮ ਨਾਲ ਮਨਾਇਆ ਜਾਵੇਗਾ ਇਸ ਸੰਬੰਧੀ ਮੈਂਬਰ ਸਹਿਬਾਨਾ ਦੀਆਂ ਡਿਊਟੀਆਂ ਲਗਾਈਆਂ ਗਈਆਂ ਅਤੇ ਸ਼ਰਧਾਲੂਆਂ ਦੇ ਮੱਥਾ ਟੇਕਨ ਦਾ ਪ੍ਰਬੰਦ ਉਚੇਚੇ ਤੌਰ ਤੇ ਕੀਤਾ ਜਾਵੇਗਾ ਇਸ ਸਮੇਂ ਹਾਜ਼ਰ ਰਹੇ ਪ੍ਰਧਾਨ ਪ੍ਰਵੀਨ ਕੁਮਾਰ ਮਿੱਤਲ, ਵਿਨੋਦ ਕਾਲੜਾ ,ਵਿਵੇਕ ਸਿੰਗਲਾ , ਨੀਰਜ ,ਨਿਤਿਨ ਜੈਨ ,ਅਸ਼ਵਨੀ ਚੋਪੜਾ , ਤਰਨਜੀਤ ਸਿੰਘ ,ਅਭਿਸ਼ੇਕ ਬੰਸਲ ,ਅਜੈ ਕੁਮਾਰ ,ਰਮੇਸ਼ ਰਿੰਕੂ ,ਰਮਨ ਭਾਟੀਆ, ਵਿਕਾਸ ਚੋਪੜਾ ,ਰਾਜੇਸ਼ ਗੁਪਤਾ, ਅਜੀਤ ਜਖਮੀ, ਮਨਦੀਪ ਸਿੰਘ ,ਸੁਰੇਸ਼ ਬਾਂਸਲ, ਰਮਨਦੀਪ ਸੋਨੂ ਆਦਿ ਹਾਜ਼ਰ ਰਹੇ

# ਸਕੂਲਾਂ 'ਚ ਸਵੱਛਤਾ ਨੂੰ ਲੈ ਕੇ ਕਰਵਾਏ ਜਾਗਰੂਕਤਾ ਪ੍ਰੋਗਰਾਮ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ - ਐਕਸ਼ਟਰਨਲ ਐਫਅਰ ਐਂਡ ਪਾਰਟਨਰਸ਼ਿਪ ,ਐਸ .ਓ .ਏ ਰੈਕਿਟ ਰਵੀ ਭਟਾਨਾਗਰ, ਡਾਇਰੈਕਟਰ ਜਾਗਰਣ ਪਹਿਲ, ਨਵੀਂ ਦਿੱਲੀ ਸਹਿਲ ਤਲਵਾਰ ਦੀ ਦੇਖ ਰੇਖ ਵਿਚ ਕਰਵਾਏ ਜਾ ਰਹੇ ਡੀਟੋਲ ਸਕੂਲ ਹਾਈਜੀਨ ਐਜੂਕੇਸ਼ਨ ਪ੍ਰੋਗਰਾਮ ਵਿਚ ਰੈਂਡ ਪਾਂਡਾ, ਰੈਕਿਟ ਇੰਡੀਆ ਅਤੇ ਜਾਗਰਣ ਪਹਿਲ ਦੀ ਸਾਂਝੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਸਰਕਾਰੀ ਸਕੂਲਾਂ ਅਤੇ ਅਕਾਲ ਅਕੈਡਮੀਆਂ ਵਿਚ ਬੱਚਿਆ ਨੂੰ ਨਿੱਜੀ ਸਫ਼ਾਈ, ਸਕੂਲ ਦੀ ਸਫ਼ਾਈ, ਘਰ ਦੀ ਸਫ਼ਾਈ, ਬਿਮਾਰੀ ਦੌਰਾਨ ਸਫ਼ਾਈ ਆਦਿ ਬਾਰੇ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।
ਇਹਨਾਂ ਗਤੀਵਿਧੀਆਂ ਰਾਹੀ ਬੱਚੇ ਆਪਣੇ ਆਪ ਨੂੰ ਕਿਵੇਂ ਸਾਫ਼ ਰੱਖਣਾ ਹੱਥ ਧੋਣ ਦੇ ਤਰੀਕੇ ਸਿੱਖਦੇ ਹਨ ਜਿਸ ਨਾਲ ਉਹ ਬਿਮਾਰ ਨਾ ਹੋਣ ਅਤੇ ਜੇਕਰ ਬਿਮਾਰ ਹਨ ਤਾਂ ਬਿਮਾਰੀ ਦੌਰਾਨ ਕਿਹੜੀਆਂ ਕਿਹੜੀਆਂ ਸਾਵਧਾਨੀਆਂ ਹੋਣੀਆਂ ਜ਼ਰੂਰੀ ਹਨ। ਅਸੀਂ ਆਪਣੇ ਸਕੂਲ ਨੂੰ ਕਿਵੇਂ ਸਾਫ਼ ਸੁਥਰਾ ਰੱਖ ਸਕਦੇ ਹਾਂ, ਪਾਣੀ ਦੀ ਸੁਚੱਜੇ ਢੰਗ ਨਾਲ ਵਰਤੋ, ਰੁੱਖਾ ਦੀ ਸਾਡੇ ਜੀਵਨ ਵਿਚ ਮਹੱਤਤਾ ਬਾਰੇ ਬੱਚਿਆ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਪ੍ਰਤੀ ਕਾਫ਼ੀ ਰੁਚੀ ਵੇਖੀ ਗਈ ਬੱਚਿਆ ਵੱਲੋਂ ਸਵੱਛਤਾ ਦਾ ਸੰਦੇਸ਼ ਕਵਿਤਾਵਾਂ ਦੇ ਰੂਪ ਅਤੇ ਪੋਸਟਰਾਂ ਰਾਹੀ ਅੱਗੇ ਦਿੱਤਾ ਗਿਆ ਇਸ ਪ੍ਰੋਗਰਾਮ ਵਿਚ ਬੱਚਿਆ ਦੇ ਨਾਲ ਅਧਿਆਪਕਾ ਨੇ ਵੀ ਭਾਗ ਲਿਆ ਤੇ ਭਾਗ ਲੈਣ ਵਾਲੇ ਬੱਚਿਆ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ਸਕੂਲ ਦੀ ਮੈਨੇਜਮੈਂਟ ਨੇ ਸਮੂਹ ਟੀਮ ਦਾ ਧੰਨਵਾਦ ਕੀਤਾ।

# ਹੋਲਾ ਮਹੱਲਾ ਦੌਰਾਨ ਮੇਲਾ ਖੇਤਰ ਵਿੱਚ ਵਿਆਪਕ ਸਫ਼ਾਈ ਮੁਹਿੰਮ ਚਲਾਈ ਜਾਵੇਗੀ: ਡਾ.ਪ੍ਰੀਤੀ ਯਾਦਵ

## ਕਾਰ ਸੇਵਾ ਭੂਰੀ ਵਾਲਿਆਂ ਦੇ ਸੇਵਾਦਾਰਾਂ ਨਾਲ ਡਿਪਟੀ ਕਮਿਸ਼ਨਰ ਨੇ ਕੀਤੀ ਵਿਸੇਸ਼ ਮੀਟਿੰਗ



**ਸ੍ਰੀ ਅਨੰਦਪੁਰ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾ 2024 ਦੌਰਾਨ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਨੂੰ ਹੋਰ ਸਿੰਗਾਰਿਆ ਜਾਵੇਗਾ, ਸੜਕਾਂ ਦੇ ਆਲੇ ਦੁਆਲੇ ਫੁੱਟਪਾਥ, ਸਟਰੀਟ ਲਾਈਟ, ਪੋਲ ਅਤੇ ਗਰਿੱਲਾਂ ਨੂੰ ਰੰਗ ਰੋਗਨ ਕਰਕੇ ਚਮਕਾਇਆ ਜਾਵੇਗਾ, ਫਲਦਾਰ ਅਤੇ ਫੁੱਲਦਾਰ ਬੂਟਿਆਂ/ਰੁੱਖਾਂ ਦੀ ਕਟਾਈ, ਛਟਾਈ ਅਤੇ ਧੁਆਈ ਕਰਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਇਆ ਜਾਵੇਗਾ।

ਇਹ ਜਾਣਕਾਰੀ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਨੇ ਅੱਜ ਸਥਾਨਕ ਕਿਸਾਨ ਹਵੇਲੀ ਵਿੱਚ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਸੇਵਾਦਾਰਾਂ ਜਥੇਦਾਰ ਬਾਬਾ ਕਾਲਾ ਸਿੰਘ ਜੀ, ਭਾਈ ਅਮਰਜੀਤ ਸਿੰਘ ਤੇ ਹਰਦੀਪ ਸਿੰਘ ਨਾਲ ਮੇਲਾ ਖੇਤਰ ਲਈ ਅਰੰਭ ਹੋਣ ਵਾਲੀ ਵਿਸੇਸ਼ ਸਫਾਈ ਮੁਹਿੰਮ ਦੀਆਂ ਅਗਾਓ ਤਿਆਰੀਆਂ ਸਬੰਧੀ ਰੱਖੀ ਇੱਕ ਵਿਸੇਸ ਮੀਟਿੰਗ ਉਪਰੰਤ ਦਿੱਤੀ। ਉਨ੍ਹਾਂ ਨੇ ਕਿਹਾ ਕਿ ਹਰ ਸਾਲ ਭੂਰੀ ਵਾਲਿਆਂ ਦੇ ਸੇਵਾਦਾਰ ਪ੍ਰਸ਼ਾਸ਼ਨ ਨੂੰ ਇਸ ਵਿਆਪਕ ਸਫਾਈ ਮੁਹਿੰਮ ਵਿਚ ਆਪਣਾ ਸਹਿਯੋਗ ਦਿੰਦੇ ਹਨ, ਸ਼ਰਧਾਲੂਆਂ ਦੀ ਆਮਦ ਤੋਂ ਪਹਿਲਾ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਬਣਾਇਆਂ ਜਾਦਾ ਹੈ, ਹੋਲਾ ਮਹੱਲਾ ਦੌਰਾਨ ਲੱਖਾਂ ਸੰਗਤਾਂ ਇਨ੍ਹਾਂ ਧਾਰਮਿਕ ਅਸਥਾਨਾ ਦੇ ਦਰਸ਼ਨਾ ਲਈ ਇੱਥੇ ਪੁੱਜਦੀਆਂ ਹਨ, ਮੇਲਾ ਖੇਤਰ ਦੀ ਨਿਰੰਤਰ ਤੇ ਨਿਰਵਿਘਨ ਸਫਾਈ ਮੁਹਿੰਮ ਜਾਰੀ ਰੱਖੀ ਜਾਂਦੀ ਹੈ। ਮੇਲਾ ਸਮਾਪਤ ਹੋਣ ਉਪਰੰਤ ਕੁਝ ਦਿਨ ਵਿੱਚ ਇਸ ਖੇਤਰ ਨੂੰ ਸਾਫ ਸੁਥਰਾ ਕਰਨ ਵਿਚ ਪ੍ਰਸਾਸ਼ਨ ਨੂੰ ਭੂਰੀ ਵਾਲਿਆਂ ਦੀ ਪੂਰਾ ਸਹਿਯੋਗ ਮਿਲਦਾ ਹੈ, ਇਸ ਲਈ ਇਸ ਵਾਰ ਵੀ ਭੂਰੀ ਵਾਲਿਆ ਵੱਲੋਂ ਪ੍ਰਸਾਸ਼ਨ ਨੂੰ ਸਹਿਯੋਗ ਦੇਣ ਦਾ ਫੈਸਲਾ ਲਿਆ ਹੈ, ਜੋ ਸਾਡੇ ਲਈ ਬਹੁਤ ਹੀ ਸੁਭਾਗ ਵਾਲੀ ਗੱਲ ਹੈ, ਗੁਰੂ ਨਗਰੀ ਦੀ ਸੇਵਾ ਸਾਰੇ ਅਧਿਕਾਰੀ/ਕਰਮਚਾਰੀ ਤੇ ਸਥਾਨਕ ਵਾਸੀ ਮਿਲ ਕੇ ਬਹੁਤ ਹੀ ਸ਼ਰਧਾ ਨਾਲ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਦੇ ਲਈ ਵਿਆਪਕ ਤਿਆਰੀਆਂ ਅਰੰਭ ਕਰ ਦਿੱਤੀਆਂ ਹਨ, ਅਗਲੇ ਕੁਝ ਦਿਨਾਂ ਵਿਚ ਗੁਰੂ ਨਗਰੀ ਦੀ ਨੁਹਾਰ ਬਦਲ ਜਾਵੇਗੀ। ਇਸ ਮੌਕੇ ਸੇਵਾਦਾਰਾਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਸੋਮਵਾਰ ਤੋਂ ਸਫਾਈ ਸੇਵਾ ਅਰੰਭ ਕੀਤੀ ਜਾਵੇਗੀ ਅਤੇ ਸਮੁੱਚੀ ਖੇਤਰ ਨੂੰ ਸਾਫ ਸੁਥਰਾ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪ੍ਰਸਾਸ਼ਨ ਵੱਲੋਂ ਵੀ ਸਾਰੇ ਪੁਖਤਾ ਪ੍ਰਬੰਧ ਵੀ ਕੀਤੇ ਗਏ ਹਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਬਲਤੇਜ ਪੰਨੂ ਨੇ ਆਰ.ਬੀ.ਐਲ ਬੈਂਕ ਵੱਲੋਂ 'ਉਮੀਦ 1000' ਤਹਿਤ ਵਿਦਿਆਰਥਣਾਂ ਨੂੰ ਸਾਈਕਲ ਤੇ ਸਕੂਲ-ਕਿੱਟਾਂ ਵੰਡੀਆਂ

## ਸਿੱਖਿਆ, ਸਿਹਤ ਤੇ ਰੋਜ਼ਗਾਰ ਪੰਜਾਬ ਸਰਕਾਰ ਦੀਆਂ ਮੁੱਢਲੀਆਂ ਤਰਜੀਹਾਂ : ਡਾ. ਬਲਬੀਰ ਸਿੰਘ

**ਪਟਿਆਲਾ, 24 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਆਰਬੀਐਲ ਬੈਂਕ ਵੱਲੋਂ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਤ ਕਰਨ ਵਾਲੀ ਸੀਐਸਆਰ ਪਹਿਲ ਉਮੀਦ 1000 ਤਹਿਤ 700 ਵਿਦਿਆਰਥਣਾਂ ਨੂੰ ਇੱਥੇ ਪੋਲੋ ਗਰਾਊਂਡ ਵਿਖੇ ਸਾਈਕਲ ਅਤੇ ਸਕੂਲ ਕਿੱਟਾਂ ਤਕਸੀਮ ਕੀਤੀਆਂ। ਉਨ੍ਹਾਂ ਦੇ ਨਾਲ ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਪੰਨੂ ਤੇ ਆਰਬੀਐਲ ਬੈਂਕ ਦੇ ਐਮਡੀ ਤੇ ਸੀਈਓ ਆਰ ਸੁਬਰਾਮਣਿਆਕੁਮਾਰ ਵੀ ਮੌਜੂਦ ਸਨ। ਇਸ ਮੌਕੇ ਵਿਦਿਆਰਥਣਾਂ ਨੂੰ ਅੱਗੇ ਵੱਧਣ ਲਈ ਪ੍ਰੇਰਤ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਆਪਣੇ ਨੌਜਵਾਨਾਂ ਨੂੰ ਖੰਭ ਲਗਾਏ ਹਨ, ਇਸ ਲਈ ਸਾਡੇ ਵਿਦਿਆਰਥੀ ਖੁੱਲ੍ਹੇ ਅਸਮਾਨ ਵਿੱਚ ਆਜ਼ਾਦੀ ਨਾਲ ਉਡਾਰੀਆਂ ਮਾਰਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਿੱਖਿਆ, ਸਿਹਤ ਤੇ ਰੋਜ਼ਗਾਰ ਪੰਜਾਬ ਸਰਕਾਰ ਦੀਆਂ ਮੁੱਢਲੀਆਂ ਤਰਜੀਹਾਂ ਹਨ ਅਤੇ ਸਰਕਾਰ ਨੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਨੂੰ ਨਿਜੀ ਖੇਤਰ ਤੋਂ ਵੀ ਵਧੀਆ ਬਣਾਉਣ ਦਾ ਟੀਚਾ ਮਿੱਥਿਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹੁਣ ਇਲਾਜ ਲਈ ਨਿਜੀ ਹਸਪਤਾਲਾਂ ਵੱਲ ਤੇ ਸਰਕਾਰ ਵੱਲੋਂ ਸਕਿੱਲ ਅਧਾਰਤ ਸਿੱਖਿਆ ਦੇਣ ਦੀ ਸ਼ੁਰੂਆਤ ਤਹਿਤ ਨੌਜਵਾਨਾਂ ਨੂੰ ਸਿੱਖਿਆ ਤੇ ਰੋਜ਼ਗਾਰ ਲਈ ਵਿਦੇਸ਼ਾਂ ਵੱਲ ਭੱਜਣ ਦੀ ਲੋੜ ਨਹੀਂ ਪਵੇਗੀ। ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਪੰਨੂ ਨੇ ਆਰਬੀਐਲ ਬੈਂਕ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਪੜ੍ਹ-ਲਿਖਕੇ ਜਿੰਦਗੀ ਵਿੱਚ ਹੋਰ ਅੱਗੇ ਵੱਧਣ ਲਈ ਪ੍ਰੇਰਤ ਕੀਤਾ।

ਆਰਬੀਐਲ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਤੇ ਸੀਈਓ, ਆਰ ਸੁਬਰਾਮਣਿਆਕੁਮਾਰ ਨੇ ਕਿਹਾ, ÷'ਕਮਿਊਨਿਟੀ ਐਜ਼ ਦ ਕਾਜ਼' ਦੇ ਮਿਸ਼ਨ ਤੇ ਉਮੀਦ 1000' ਦੇ ਤਹਿਤ ਉਨ੍ਹਾਂ ਦੀ ਬੈਂਕ ਨਿਰੰਤਰ ਸਹਾਇਤਾ ਰਾਹੀਂ ਲੜਕੀਆਂ ਦੇ ਜੀਵਨ ਵਿੱਚ ਇੱਕ ਸਾਰਥਕ ਬਦਲਾਅ ਲਿਆਉਣ ਤੇ ਇੱਕ ਬਰਾਬਰੀ ਵਾਲੇ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਮਾਗਮ ਮੌਕੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਆਪ ਦੇ ਯੂਥ ਵਿੰਗ ਦੇ ਸੂਬਾ ਮੀਤ ਪ੍ਰਧਾਨ ਜਗਦੀਪ ਸਿੰਘ ਜੱਗਾ, ਕਰਨਲ ਜੇਵੀ ਸਿੰਘ, ਜਸਬੀਰ ਸਿੰਘ ਗਾਂਧੀ, ਲਾਲ ਸਿੰਘ ਤੇ ਮਨਦੀਪ ਸਿੰਘ ਵਿਰਦੀ ਸਮੇਤ ਹੋਰ ਪਤਵੰਤੇ, ਸਕੂਲੀ ਵਿਦਿਆਰਥਣਾਂ ਤੇ ਅਧਿਆਪਕ ਮੌਜੂਦ ਸਨ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਬਲਤੇਜ ਪੰਨੂ ਆਰਬੀਐਲ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਤੇ ਸੀਈਓ, ਆਰ ਸੁਬਰਾਮਣਿਆਕੁਮਾਰ ਵਿਦਿਆਰਥਣਾਂ ਨੂੰ ਸਾਇਕਲ ਤਕਸੀਮ ਕਰਦੇ ਹੋਏ।

# ਨਾਰੀ ਵਿਸ਼ੇਸ਼ ਅੰਕ




## ਪੈਸਾ ਵੀ ਲਿਆਉਂਦਾ ਹੈ ਆਪਸੀ ਰਿਸ਼ਤਿਆਂ ਵਿਚ ਦਰਾੜ



ਅੱਜ ਦੇ ਯੁੱਗ ਵਿਚ ਪੈਸੇ ਦੀ ਪ੍ਰਧਾਨਤਾ ਵਧਦੀ ਜਾ ਰਹੀ ਹੈ। ਇਸ ਵਧਦੀ ਪ੍ਰਧਾਨਤਾ ਵਿਚ ਆਪਸੀ ਰਿਸ਼ਤਿਆਂ ਵਿਚ ਖਟਾਸ ਵੀ ਵਧ ਰਹੀ ਹੈ। ਠੀਕ ਹੈ ਪੈਸਾ ਬਹੁਤ ਕੁਝ ਹੈ ਪਰ ਪੈਸਾ ਸਭ ਕੁਝ ਵੀ ਨਹੀਂ ਹੈ। ਰਿਸ਼ਤੇ ਮਧੁਰ ਹਨ ਤਾਂ ਪੈਸਾ ਥੋੜ੍ਹਾ ਘੱਟ ਵੀ ਹੋਵੇ ਤਾਂ ਚਲਦਾ ਹੈ ਪਰ ਜੇਕਰ ਪੈਸਾ ਬਹੁਤ ਹੈ ਅਤੇ ਰਿਸ਼ਤੇ ਮਧੁਰ ਨਹੀਂ ਹਨ ਤਾਂ ਬਹੁਤ ਫਰਕ ਪੈਂਦਾ ਹੈ। ਜੇਕਰ ਤੁਸੀਂ ਨੌਕਰੀ ਕਰਦੇ ਹੋ ਤਾਂ ਇੰਡੀਪੈਂਡੈਂਟ ਬਣੋ। ਆਪਣੀ ਤਨਖਾਹ ਦਾ ਸੀਮਤ ਹਿੱਸਾ ਘਰ ਦੇ ਖਰਚਿਆਂ ਦੇ ਲਈ ਰੱਖੋ। ਕੁਝ ਹਿੱਸਾ ਸਾਂਝੇ ਖਾਤੇ ਵਿਚ ਰੱਖੋ ਤਾਂ ਕਿ ਘੁੰਮਣ ਜਾਣਾ ਹੋਵੇ, ਡਿਨਰ 'ਤੇ ਜਾਣਾ ਹੋਵੇ, ਪ੍ਰੋਗਰਾਮ 'ਤੇ ਲੈਣ-ਦੇਣ ਕਰਨਾ ਹੋਵੇ, ਮਾਤਾ-ਪਿਤਾ ਦੀ ਮਦਦ ਕਰਨੀ ਹੋਵੇ ਤਾਂ ਉਸ ਦੇ ਕੰਮ ਆ ਸਕਣ ਅਤੇ ਕੁਝ ਹਿੱਸਾ ਆਪਣੇ ਖਾਤੇ ਵਿਚ ਰੱਖੋ ਤਾਂ ਕਿ ਨਿੱਜੀ ਖਰਚਿਆਂ ਦੇ ਲਈ ਕਿਸੇ ਦੇ ਮੂੰਹ ਵੱਲ ਨਾ ਦੇਖਣਾ ਪਵੇ। ਜੇਕਰ ਪਤਨੀ ਨੌਕਰੀ ਨਹੀਂ ਕਰਦੀ ਤਾਂ ਘਰ ਦੇ ਖਰਚਿਆਂ ਤੋਂ ਇਲਾਵਾ ਆਪਣੀ ਆਮਦਨ ਮੁਤਾਬਿਕ ਪਤਨੀ ਨੂੰ ਕੁਝ ਬੱਝੀ ਰਕਮ ਜ਼ਰੂਰ ਦਿਉ ਤਾਂ ਕਿ ਉਸ ਨੂੰ ਆਪਣੀ ਖਰੀਦ ਕਰਨ ਲਈ ਵਾਰ-ਵਾਰ ਪਤੀ ਤੋਂ ਪੈਸੇ ਨਾ ਮੰਗਣੇ ਪੈਣ ਅਤੇ ਉਹ ਇੰਡੀਪੈਂਡੈਂਟ ਮਹਿਸੂਸ ਕਰੇ।

ਕਦੇ-ਕਦੇ ਅਜਿਹਾ ਵੀ ਹੁੰਦਾ ਹੈ ਕਿ ਪਤਨੀ ਪਤੀ ਤੋਂ ਵੱਧ ਕਮਾਉਂਦੀ ਹੈ ਅਤੇ ਘਰ ਦੇ ਮੁੱਖ ਖਰਚੇ ਉਸ ਦੀ ਆਮਦਨ ਨਾਲ ਚਲਦੇ ਹਨ। ਅਜਿਹੀ ਹਾਲਤ ਵਿਚ ਪਰਿਵਾਰ ਜਲਦੀ ਟੁੱਟਣ ਲਗਦੇ ਹਨ। ਕਿਉਂਕਿ ਪਤੀ ਇਹ ਸਭ ਬਰਦਾਸ਼ਤ ਨਹੀਂ ਕਰਦਾ। ਸ਼ਾਦੀ ਤੋਂ ਪਹਿਲਾਂ ਪਤਨੀ ਪਤੀ ਤੋਂ ਵੱਧ ਕਮਾਉਂਦੀ ਹੋਵੇ ਤਾਂ ਸ਼ਾਦੀ ਦੇ ਲਈ ਹਾਂ ਨਹੀਂ ਕਰਨੀ ਚਾਹੀਦੀ।

ਜੇਕਰ ਸ਼ਾਦੀ ਤੋਂ ਬਾਅਦ ਕੋਈ ਤਰੱਕੀ ਜਾਂ ਕੰਮ ਦੀ ਤਬਦੀਲੀ ਕਰਨ ਨਾਲ ਪਤਨੀ ਬਹੁਤਾ ਕਮਾਉਣ ਲੱਗ ਪਵੇ ਤਾਂ ਇਸ ਨੂੰ ਆਮ ਵਰਗੀ ਗੱਲ ਸਮਝਣਾ ਚਾਹੀਦਾ ਹੈ। ਇਸ ਹਾਲਤ ਵਿਚ ਪਤਨੀ ਨੂੰ ਵਾਧੂ ਖਰਚ ਕਰਨ ਲਈ ਨਾ ਕਹੋ। ਜੇਕਰ ਉਹ ਆਪਣੀ ਇੱਛਾ ਅਨੁਸਾਰ ਵੱਧ ਖਰਚ ਕਰੇ ਤਾਂ ਕਰਨ ਦਿਉ।

ਪੈਸੇ ਅਤੇ ਕੰਮ ਤੋਂ ਵੱਧ ਇਕ-ਦੂਜੇ ਨਾਲ ਭਾਵਨਾਤਮਕ ਜੁੜੇ ਰਹੋ ਤਾਂ ਕਿ ਰਿਸ਼ਤੇ ਖੁਸ਼ਹਾਲ ਬਣੇ ਰਹਿਣ। ਭਾਵਨਾਤਮਿਕ ਜੁੜਾਅ ਦੇ ਲਈ ਵੱਧ ਤੋਂ ਵੱਧ ਸਮਾਂ ਇਕ-ਦੂਜੇ ਨਾਲ ਗੁਜ਼ਾਰੋ ਅਤੇ ਕਿਸੇ ਵੀ ਸਮੱਸਿਆ 'ਤੇ ਖੁੱਲ੍ਹ ਕੇ ਗੱਲ ਕਰੋ।

ਜੇਕਰ ਪਤੀ ਵਾਰ-ਵਾਰ ਕੰਮ ਬਦਲਦੇ ਹਨ ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਉਹ ਅਜਿਹਾ ਕਿਉਂ ਕਰ ਰਹੇ ਹਨ, ਕਿਤੇ ਵੱਧ ਪੈਸਿਆਂ ਕਰਕੇ ਤਾਂ ਨਹੀਂ ਕਰ ਰਹੇ। ਜੇਕਰ ਇਹ ਲੱਗੇ ਤਾਂ ਪਿਆਰ ਨਾਲ ਸਮਝਾਓ ਕਿ ਮੈਨੂੰ ਤੁਸੀਂ ਵੈਸੇ ਹੀ ਪਸੰਦ ਹੋ। ਵਾਰ-ਵਾਰ ਕੰਮ ਬਦਲ ਕੇ ਆਪਣੇ-ਆਪ ਨੂੰ ਤਣਾਅ ਵਿਚ ਨਾ ਪਾਓ। ਮਿਲ ਕੇ ਖਰਚ ਤੇ ਆਮਦਨ ਬਾਰੇ ਸੋਚੋ। ਜਿਥੇ ਖਰਚਾ ਘੱਟ ਕਰਨ ਦੀ ਲੋੜ ਹੋਵੇ, ਸਲਾਹ ਨਾਲ ਘੱਟ ਕਰੋ, ਨਹੀਂ ਤਾਂ ਰਿਸ਼ਤੇ ਬਿਖਰਦਿਆਂ ਦੇਰ ਨਹੀਂ ਲਗਦੀ।

ਦੋਵੇਂ ਮਿਲ ਕੇ ਆਪਣੇ ਅਤੇ ਬੱਚਿਆਂ ਦੇ ਭਵਿੱਖ ਦੀ ਸੋਚੋ। ਕੁਝ ਪੈਸੇ ਅਜਿਹੀਆਂ ਯੋਜਨਾਵਾਂ ਵਿਚ ਲਗਾਓ ਜੋ ਬੱਚਿਆਂ ਦੀ ਉੱਚ-ਸਿੱਖਿਆ, ਆਪਣਾ ਘਰ ਬਣਾਉਣ ਜਾਂ ਤਕਲੀਫ ਸਮੇਂ ਕੰਮ ਆ ਸਕਣ। ਕ੍ਰੈਡਿਟ ਕਾਰਡ ਦਾ ਇਸਤੇਮਾਲ ਬਹੁਤ ਸੋਚ-ਸਮਝ ਕੇ ਕਰੋ। ਦੂਜਿਆਂ ਦੀ ਨਕਲ ਕਰਕੇ ਆਪਣਾ ਘਰ ਬਰਬਾਦ ਨਾ ਕਰੋ। ਫਾਈਨੈਂਸ ਨੂੰ ਕਿਵੇਂ ਮੈਨੇਜ ਕਰਨਾ, ਇਸ ਬਾਰੇ ਦੋਵੇਂ ਜਾਗਰੂਕ ਰਹੋ। ਨਾ ਸਮਝ ਆਉਣ 'ਤੇ ਪ੍ਰੋਫੈਸ਼ਨਲਜ਼ ਦੀ ਸਲਾਹ ਲਓ ਤਾਂ ਕਿ ਗੱਡੀ ਲੀਹ 'ਤੇ ਰਹੇ।

**-ਨੀਤੂ ਗੁਪਤਾ**

## ਸਕੂਲ ਜਾਣ ਤੋਂ ਡਰਦੇ ਹਨ ਤੁਹਾਡੇ ਬੱਚੇ?

ਬੱਚਿਆਂ ਦਾ ਮਨ ਫੁੱਲ ਵਾਂਗ ਕੋਮਲ ਹੁੰਦਾ ਹੈ। ਬਹੁਤੇ ਬੱਚੇ ਸਕੂਲ ਵਿਚ ਦਾਖਲੇ ਤੋਂ ਬਾਅਦ ਸਕੂਲ ਜਾਣ ਤੋਂ ਡਰਨ ਲਗਦੇ ਹਨ। ਜਿਵੇਂ ਹੀ ਸਕੂਲ ਦਾ ਵਾਹਨ ਘਰ ਵਿਚ ਬੱਚਿਆਂ ਨੂੰ ਲੈਣ ਆਉਂਦਾ ਹੈ ਤਾਂ ਉਹ ਡਰ ਜਾਂਦੇ ਹਨ ਜਾਂ ਰੋਣ ਲਗਦੇ ਹਨ। ਸਕੂਲ ਜਾਣ ਵੇਲੇ ਬੱਚਿਆਂ ਦਾ ਰੋਣਾ ਆਮ ਗੱਲ ਹੈ। ਇਸ ਘੱਟ ਉਮਰ ਵਿਚ ਬੱਚੇ ਸਕੂਲ ਜਾਣ ਤੋਂ ਇਸ ਕਦਰ ਘਬਰਾਉਣ ਲਗਦੇ ਹਨ ਕਿ ਮਾਂ-ਬਾਪ ਉਨ੍ਹਾਂ ਨੂੰ ਬਿਮਾਰ ਸਮਝ ਬੈਠਦੇ ਹਨ।

ਦਰਅਸਲ ਸਕੂਲ ਦਾ ਡਰ ਵੱਡੇ ਹੀ ਬੱਚਿਆਂ ਦੇ ਮਨ ਵਿਚ ਬਿਠਾਉਂਦੇ ਹਨ। ਬੱਚੇ ਦੇ ਮੰਮੀ-ਪਾਪਾ ਕਹਿੰਦੇ ਹਨ ਕਿ ਸਕੂਲ ਵਿਚ ਬਹੁਤ ਪਿਟਾਈ ਹੁੰਦੀ ਹੈ। ਕੰਮ ਪੂਰਾ ਨਾ ਕਰਨ 'ਤੇ ਸ਼ੇਮ-ਸ਼ੇਮ ਹੁੰਦੀ ਹੈ। ਇਨ੍ਹਾਂ ਗੱਲਾਂ ਨੂੰ ਸੁਣ ਕੇ ਬੱਚੇ ਸਕੂਲ ਦੇ ਨਾਂਅ ਤੋਂ ਹੀ ਘਬਰਾਉਣ ਲਗਦੇ ਹਨ। ਬੱਚਾ ਸਕੂਲ ਜਾਣ ਤੋਂ ਪਹਿਲਾਂ ਨਾ ਡਰੇ, ਇਸ ਲਈ ਬੱਚੇ ਦੀ ਮੰਮੀ ਨੂੰ ਚਾਹੀਦਾ ਹੈ ਕਿ ਬੱਚੇ ਦੇ ਦਿਮਾਗ ਵਿਚੋਂ ਇਨ੍ਹਾਂ ਗੱਲਾਂ ਨੂੰ ਪਿਆਰ ਨਾਲ ਦੂਰ ਕਰੇ, ਕਿਉਂਕਿ ਛੋਟੇ ਬੱਚੇ ਪਿਤਾ ਦੀ ਬਜਾਏ ਮਾਤਾ ਨੂੰ ਵਧੇਰੇ ਮੰਨਦੇ ਹਨ।

ਇਸ ਦਾ ਇਕ ਕਾਰਨ ਇਹ ਵੀ ਹੈ ਕਿ ਬੱਚੇ ਦੇ ਸੰਪਰਕ ਵਿਚ ਮਾਂ ਵੱਧ ਰਹਿੰਦੀ ਹੈ। ਸਕੂਲ ਦੇ ਅਕਸ ਨੂੰ ਡਰਾਉਣਾ ਨਾ ਬਣਾ ਕੇ ਸੁੰਦਰ ਬਣਾਉਣਾ ਚਾਹੀਦਾ ਹੈ। ਬੱਚਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਸਕੂਲ ਵਿਚ ਖੇਡ ਅਤੇ ਮਨੋਰੰਜਨ ਦੇ ਅਨੇਕ ਸਾਧਨ ਉਪਲਬਧ ਹਨ। ਉਥੇ ਮੈਡਮ ਉਨ੍ਹਾਂ ਨੂੰ ਪਿਆਰ ਨਾਲ ਪੜ੍ਹਾਏਗੀ। ਇਕ ਮਾਂ ਨੂੰ ਬੱਚੇ ਦੇ ਦਿਲ ਅਤੇ ਦਿਮਾਗ ਵਿਚ ਸਕੂਲ ਪ੍ਰਤੀ ਪਿਆਰ ਅਤੇ ਆਕਰਸ਼ਣ ਪੈਦਾ ਕਰਨਾ ਚਾਹੀਦਾ ਹੈ। ਘਰ ਵਾਂਗ ਸਕੂਲ ਵੀ ਇਕ ਸਥਾਨ ਹੈ। ਉਥੇ ਵੀ ਮੈਡਮ ਮਾਂ ਵਾਂਗ ਹੀ ਹੁੰਦੀ ਹੈ। ਸਕੂਲ ਭੇਜੇ ਜਾਣ ਤੋਂ ਪਹਿਲਾਂ ਮਾਂ ਲਈ ਇਹ ਉਚਿਤ ਹੋਵੇਗਾ ਕਿ ਉਹ ਸਕੂਲ ਬਾਰੇ ਜਾਣਕਾਰੀ ਬੱਚੇ ਨੂੰ ਦੇਵੇ। ਇਸ ਤਰ੍ਹਾਂ ਬੱਚੇ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਰਹੇਗੀ। ਬੱਚੇ ਦੇ ਮਨ ਵਿਚੋਂ ਡਰ ਕੱਢਣ ਲਈ ਉਸ ਨੂੰ ਨਾਲ ਲਿਜਾ ਕੇ ਸਕੂਲ ਦਿਖਾਓ। ਉਥੋਂ ਦੀ ਸੁੰਦਰਤਾ ਬਾਰੇ ਬੱਚੇ ਨੂੰ ਦੱਸੋ। ਬੱਚੇ ਨੂੰ ਸਕੂਲ ਭੇਜਣ ਤੋਂ ਪਹਿਲਾਂ ਉਸ ਨੂੰ ਕੋਈ ਭਾਰੀ ਗਿਆਨ ਦੇਣ ਦੀ ਬਜਾਏ ਸੁੰਦਰ ਖੇਡ-ਖਿਡੌਣਿਆਂ ਲਈ ਜਾਣਕਾਰੀ ਦਿਉ। ਇਸ ਵਿਚ ਤਸਵੀਰਾਂ ਵਾਲੀਆਂ ਪੁਸਤਕਾਂ ਨਾਲ ਪੜ੍ਹਾਉਣਾ ਵੀ ਲਾਭਦਾਇਕ ਹੋਵੇਗਾ।

ਬੱਚਿਆਂ ਨੂੰ ਤਰਕਸ਼ਾਸਤਰ ਅਤੇ ਬੌਧਿਕ ਸਮਰੱਥਾ ਦੇ ਸਵਾਲਾਂ ਵਿਚ ਉਲਝਾਉਣਾ ਚਾਹੀਦਾ ਹੈ। ਬੁਝਾਰਤਾਂ ਦੱਸਣਾ, ਜਾਨਵਰਾਂ ਦੇ ਆਕਾਰ ਬਣਾਉਣਾ, ਰਸਤਾ ਬਣਾਉਣਾ ਆਦਿ ਆਮ ਗਿਆਨ ਦੀਆਂ ਗੱਲਾਂ ਨਾਲ ਬੱਚੇ ਵਿਚ ਉਤਸੁਕਤਾ ਵਧੇਗੀ, ਉਸ ਦੀ ਅਧਿਐਨ ਪ੍ਰਤੀ ਰੁਚੀ ਵਧੇਗੀ।

ਮਨੋਵਿਗਿਆਨੀਆਂ ਨੇ ਪਿਛਲੇ ਦਿਨੀਂ ਇਕ ਸਰਵੇਖਣ ਵਿਚ ਇਹ ਸਿੱਧ ਕੀਤਾ ਹੈ ਕਿ 85



ਫੀਸਦੀ ਬੱਚੇ ਮਾਂ-ਬਾਪ ਦੇ ਲੋੜ ਤੋਂ ਵੱਧ ਪਿਆਰ ਕਰਨ ਦੇ ਕਾਰਨ ਸਕੂਲ ਜਾਂਦੇ ਸਮੇਂ ਰੋਂਦੇ ਹਨ ਅਤੇ ਚਿਲਾਉਂਦੇ ਹਨ। ਕੁਝ ਬੱਚੇ ਮਾਂ ਤੋਂ ਵੱਖ ਹੋਣ ਦੀ ਕਲਪਨਾ ਹੁੰਦਿਆਂ ਹੀ ਘਰ ਦਾ ਸਾਮਾਨ ਤੋੜਨ ਲਗਦੇ ਹਨ। ਸਕੂਲ ਨਾ ਭੇਜੇ ਜਾਣ ਦੀ ਹਾਮੀ ਭਰਨ 'ਤੇ ਸ਼ਾਂਤ ਹੁੰਦੇ ਹਨ।

ਜ਼ਿਆਦਾਤਰ ਔਰਤਾਂ ਬੱਚਿਆਂ ਦੀਆਂ ਆਦਤਾਂ ਨੂੰ ਆਪ ਖਰਾਬ ਕਰਦੀਆਂ ਹਨ। ਬੱਚਿਆਂ ਨੂੰ ਸਕੂਲ ਭੇਜਣ ਲਈ ਉਨ੍ਹਾਂ ਨੂੰ ਚਾਕਲੇਟ ਜਾਂ ਹੋਰ ਤੋਹਫੇ ਦਾ ਲਾਲਚ ਦੇ ਕੇ ਜ਼ਬਰਦਸਤੀ ਸਕੂਲ ਭੇਜਦੀਆਂ ਹਨ। ਇਹ ਪ੍ਰੰਪਰਾ ਗ਼ਲਤ ਹੀ ਨਹੀਂ, ਬਹੁਤ ਖਤਰਨਾਕ ਵੀ ਹੈ। ਆਪਣੇ ਬੱਚਿਆਂ ਨੂੰ ਥੋੜ੍ਹਾ ਵੱਖਰਾ ਇਕੱਲਾ ਛੱਡਣ ਦਾ ਯਤਨ ਕਰੋ। ਉਸ ਨੂੰ ਹਰ ਵੇਲੇ ਆਪਣੇ ਨਾਲ ਨਾ ਰੱਖੋ। ਚੰਗਾ ਹੋਵੇਗਾ ਜੇਕਰ ਪਾਰਟੀ ਅਤੇ ਵਿਆਹ ਸਮਾਰੋਹ ਵਿਚ ਬੱਚੇ ਨੂੰ ਲੈ ਕੇ ਨਾ ਜਾਓ। ਬੱਚਿਆਂ ਦੇ ਸਕੂਲ ਜਾਂਦੇ ਸਮੇਂ ਰੋਣ 'ਤੇ ਉਸ ਨੂੰ ਪੈਸੇ ਜਾਂ ਉਪਹਾਰ ਕਦੀ ਨਾ ਦਿਉ। ਹੋ ਸਕਦਾ ਹੈ ਉਸ ਦੇ ਥੋੜ੍ਹਾ ਵੱਡਾ ਹੋਣ 'ਤੇ ਉਸ ਦੀਆਂ ਲੋੜਾਂ ਵਧ ਜਾਣ। ਖੇਡ-ਖਿਡੌਣਿਆਂ ਤੇ ਮਨਚਾਹੀਆਂ ਵਸਤਾਂ ਲੈਣ ਦੇ ਚੱਕਰ ਵਿਚ ਘਰ ਤੋਂ ਪੈਸੇ ਚੁਰਾਉਣੇ ਸ਼ੁਰੂ ਕਰ ਦੇਵੇ। ਬੱਚਿਆਂ ਨੂੰ ਸਕੂਲ ਭੇਜਣ ਤੋਂ ਪਹਿਲਾਂ ਉਨ੍ਹਾਂ ਵਿਚ ਉਤਸ਼ਾਹ ਤੇ ਉਮੰਗ ਪੈਦਾ ਕਰਨ ਦੀ ਲੋੜ ਹੈ। ਤੁਹਾਡਾ ਥੋੜ੍ਹਾ ਜਿਹਾ ਪਿਆਰ ਤੇ ਮਿੱਠੀਆਂ ਗੱਲਾਂ ਤੁਹਾਡੇ ਬੱਚੇ ਦੇ ਸਾਹਮਣੇ ਸਕੂਲ ਦੀ ਇਕ ਆਦਰਸ਼ ਤਸਵੀਰ ਰੱਖ ਸਕਦੇ ਹਨ। ਸਕੂਲ ਬਾਰੇ ਕਦੇ ਵੀ ਅਜਿਹੀਆਂ ਗੱਲਾਂ ਨਾ ਕਰੋ, ਜਿਸ ਨਾਲ ਬੱਚਾ ਡਰਨ ਲੱਗੇ।

ਤੁਸੀਂ ਆਪਣੇ ਲਾਡਲੇ ਦਾ ਜੀਵਨ ਸਵਾਰਨ ਦੇ ਲਈ ਸਕੂਲ ਅਤੇ ਬੱਚੇ ਵਿਚ ਤਾਲਮੇਲ ਦੇ ਰੂਪ ਵਿਚ ਇਕ ਕੜੀ ਦਾ ਕੰਮ ਕਰ ਸਕਦੇ ਹੋ। ਬੱਚਿਆਂ ਦੇ ਮਿੱਤਰਾਂ ਨੂੰ ਪੜ੍ਹਾਈ ਲਈ ਉਤਸ਼ਾਹਤ ਕਰੋ। ਮੁਕਾਬਲਾ ਹੋਣ 'ਤੇ ਬੱਚਾ ਆਪਣੇ-ਆਪ ਪੜ੍ਹਾਈ ਵੱਲ ਧਿਆਨ ਦੇਣ ਲੱਗੇਗਾ। ਬੱਚਿਆਂ ਨੂੰ ਸਕੂਲ ਦੀਆਂ ਸੱਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਜ਼ਰੂਰ ਕਹੋ। ਅਧਿਆਪਕਾਂ ਦਾ ਆਦਰ ਕਰਨ ਦੀ ਗੱਲ ਕਰੋ। ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲਣ ਲਈ ਕਹੋ। ਫਿਰ ਦੇਖਣਾ, ਤੁਹਾਡਾ ਬੱਚਾ ਹੱਸਦੇ-ਹੱਸਦੇ ਸਕੂਲ ਜਾਵੇਗਾ ਅਤੇ ਸਕੂਲ ਸਮੇਂ ਘਰ ਵਿਚ ਨਹੀਂ ਛੁਪੇਗਾ। ਤੁਹਾਡੀਆਂ ਚੰਗੀਆਂ ਗੱਲਾਂ ਨਾਲ ਉਸ ਨੂੰ ਸਹੀ ਦਿਸ਼ਾ-ਨਿਰਦੇਸ਼ ਮਿਲੇਗਾ। ਫਿਰ ਘਰ ਨਾਲੋਂ ਕਿਤੇ ਵੱਧ ਬੱਚੇ ਦਾ ਮਨ ਸਕੂਲ ਵਿਚ ਲੱਗੇਗਾ।

**-ਸੰਜੀਵ ਚੌਧਰੀ**

## ਕੰਮ ਵੱਧ-ਥਕਾਵਟ ਘੱਟ



ਘਰ ਦੀ ਸਾਂਭ-ਸੰਭਾਲ ਹਰ ਗ੍ਰਹਿਣੀ ਦਾ ਮੁੱਢਲਾ ਕੰਮ ਮੰਨਿਆ ਜਾਂਦਾ ਹੈ, ਭਾਵੇਂ ਉਹ ਕੰਮਕਾਜੀ ਔਰਤ ਹੋਵੇ ਜਾਂ ਫਿਰ ਘਰੇਲੂ। ਘਰ ਦੇ ਕੰਮਾਂ ਦੀ ਜੇਕਰ ਸੂਚੀ ਬਣਾਉਣ ਲੱਗੀਏ ਤਾਂ ਇਸ ਦਾ ਕੋਈ ਅੰਤ ਨਹੀਂ। ਤੁਸੀਂ ਦੇਖਿਆ ਹੋਣਾ ਹੈ ਕਿ ਅਕਸਰ ਔਰਤਾਂ ਘਰ ਦੇ ਕਿਸੇ ਨਾ ਕਿਸੇ ਕੰਮ ਵਿਚ ਰੁੱਝੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਸਰੀਰਕ ਥਕਾਵਟ ਦਾ ਸ਼ਿਕਾਰ ਵੀ ਹੁੰਦੀਆਂ ਹਨ ਪਰ ਜੇਕਰ ਭੈਣਾਂ ਸੂਝ-ਬੂਝ ਨਾਲ ਘਰੇਲੂ ਕੰਮ ਕਰਨ ਤਾਂ ਬਹੁਤ ਹੱਦ ਤੱਕ ਸਰੀਰਕ ਥਕਾਵਟ ਨੂੰ ਘਟਾਇਆ ਜਾ ਸਕਦਾ ਹੈ। ਸਰੀਰਕ ਥਕਾਵਟ ਨੂੰ ਘਟਾਉਣ ਦੇ ਕੁਝ ਕੁ ਸੁਝਾਅ ਹੇਠ ਦਿੱਤੇ ਗਏ ਹਨ :

ਘਰ ਦੇ ਸਾਰੇ ਕੰਮਾਂ ਦੀ ਸੂਚੀ ਬਣਾਓ। ਜ਼ਰੂਰੀ ਨਹੀਂ ਕਿ ਇਹ ਸੂਚੀ ਲਿਖਤੀ ਰੂਪ ਵਿਚ ਹੋਵੇ। ਇਹ ਸੂਚੀ ਔਰਤਾਂ ਤਾਂ ਜ਼ਿਹਨੀ ਤੌਰ 'ਤੇ ਵੀ ਬਣਾ ਸਕਦੀਆਂ ਹਨ। ਸੂਚੀ ਬਣਾਉਣ ਤੋਂ ਬਾਅਦ ਇਹ ਦੇਖੋ, ਇਹ ਇਨ੍ਹਾਂ ਵਿਚ ਕਿਹੜਾ ਕੰਮ ਸਭ ਤੋਂ ਮਹੱਤਵਪੂਰਨ ਹੈ, ਜਿਸ ਨੂੰ ਸਭ ਤੋਂ ਪਹਿਲਾਂ ਕਰਨਾ ਹੈ ਅਤੇ ਕਿਸ ਕੰਮ ਨੂੰ ਕੁਝ ਦਿਨ ਤੱਕ ਟਾਲਿਆ ਜਾ ਸਕਦਾ ਹੈ, ਜਿਸ ਦਿਨ ਤੁਹਾਨੂੰ ਕਿਸੇ ਹੋਰ ਜੀਅ ਦੀ ਮਦਦ ਮਿਲ ਸਕੇ।

ਸੂਚੀ ਬਣਾਉਣ ਲੱਗਿਆਂ ਇਹ ਵੀ ਦੇਖੋ ਕਿ ਕਿਹੜੇ ਕੰਮ ਰੋਜ਼ਾਨਾ ਕਰਨ ਦੀ ਲੋੜ ਹੈ ਅਤੇ ਕਿਹੜੇ ਕੰਮ ਹਫਤਾਵਾਰੀ ਜਾਂ ਮਹੀਨਾਵਾਰੀ ਕੀਤੇ ਜਾ ਸਕਦੇ ਹਨ। ਰੋਜ਼ਾਨਾ ਕੰਮਾਂ ਦੀ ਸੂਚੀ ਬਣਾਉਣ ਵਕਤ ਇਹ ਧਿਆਨ ਵਿਚ ਰੱਖੋ ਕਿ ਕਿਹੜੇ-ਕਿਹੜੇ ਕੰਮ ਇਕੱਠੇ ਕੀਤੇ ਜਾ ਸਕਦੇ ਹਨ। ਉਦਾਹਰਨ ਦੇ ਤੌਰ 'ਤੇ ਸਬਜ਼ੀ ਦਾ ਤੜਕਾ ਲਗਾਉਂਦੇ ਵਕਤ ਰਸੋਈ ਦੀ ਸਾਂਭ-ਸੰਭਾਲ ਦਾ ਕੰਮ ਆਦਿ ਜਾਂ ਫਿਰ ਮਸ਼ੀਨ ਵਿਚ ਕੱਪੜੇ ਧੋਂਦੇ ਵਕਤ ਘਰ ਦੀ ਝਾੜ-ਪੂੰਝ ਆਦਿ ਦਾ ਕੰਮ। ਕੰਮਾਂ ਦੀ ਸੂਚੀ ਬਣਾਉਣ ਤੋਂ ਬਾਅਦ ਕੰਮਾਂ ਨੂੰ ਪਰਿਵਾਰਕ ਜੀਆਂ ਵਿਚ ਉਨ੍ਹਾਂ ਦੀ ਕੁਸ਼ਲਤਾ, ਸਰੀਰਕ ਸਮਰੱਥਾ, ਰੁਚੀ ਅਤੇ ਰੁਝਾਨ ਮੁਤਾਬਿਕ ਵੰਡਣ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਇਕ ਤਾਂ ਸੁਆਣੀ ਆਪਣੇ ਕੰਮ ਦੇ ਭਾਰ ਨੂੰ ਕੁਝ ਹੌਲਾ ਕਰ ਸਕਦੀ ਹੈ, ਦੂਜਾ ਪਰਿਵਾਰ ਦੇ ਜੀਆਂ ਵਿਚ ਕੰਮ ਕਰਨ ਦੀ ਆਦਤ ਵਿਕਸਿਤ ਕਰ ਸਕਦੀ ਹੈ, ਖਾਸ ਕਰਕੇ ਬੱਚਿਆਂ ਵਿਚ। ਇਸ ਦੇ ਨਾਲ ਹੀ ਪਰਿਵਾਰ ਦੇ ਮੈਂਬਰਾਂ ਵਿਚ ਔਰਤਾਂ ਉੱਪਰ ਪਰਿਵਾਰਕ ਕੰਮ ਦੇ ਬੋਝ ਸਬੰਧੀ ਅਹਿਸਾਸ ਵੀ ਪੈਦਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਰਲ-ਮਿਲ ਕੇ ਕੰਮ ਕਰਨ ਨਾਲ ਪਰਿਵਾਰ ਦੇ ਜੀਆਂ ਵਿਚ ਆਪਸੀ ਪਿਆਰ ਵਿਚ ਵਾਧਾ ਕੀਤਾ ਜਾ ਸਕਦਾ ਹੈ। ਕੰਮ ਕਰਦੇ ਵਕਤ ਸਰੀਰਕ ਥਕਾਵਟ ਨੂੰ ਘਟਾਉਣ ਦਾ ਅਗਲਾ ਅਹਿਮ ਨੁਕਤਾ ਹੈ ਕੰਮ ਕਰਨ ਲੱਗਿਆਂ ਸਰੀਰ ਦਾ ਸਹੀ ਇਸਤੇਮਾਲ ਕਰਨਾ ਯਾਨੀ ਕਿ ਸਰੀਰ ਨੂੰ ਸਹੀ ਦਿਸ਼ਾ ਵਿਚ ਰੱਖ ਕੇ ਕੰਮ ਕਰੋ। ਉਦਾਹਰਨ ਦੇ ਤੌਰ 'ਤੇ ਜੇਕਰ ਤੁਸੀਂ ਖੜ੍ਹੇ ਹੋ ਕੇ ਝਾੜੂ ਦੇ ਰਹੇ ਹੋ ਤਾਂ ਝਾੜੂ ਦੇ ਡੰਡੇ/ਹੱਥ ਦੀ ਲੰਬਾਈ ਏਨੀ ਕੁ ਹੋਵੇ ਕਿ ਤੁਹਾਨੂੰ ਜ਼ਰੂਰਤ ਤੋਂ ਵੱਧ ਝੁਕਣਾ ਨਾ ਪਵੇ ਅਤੇ ਇਸੇ ਤਰ੍ਹਾਂ ਜੇਕਰ ਤੁਸੀਂ ਖੜ੍ਹੇ ਹੋ ਕੇ ਕੱਪੜੇ ਪ੍ਰੈੱਸ ਕਰ ਰਹੇ ਹੋ ਤਾਂ ਮੇਜ਼ ਦੀ ਉਚਾਈ ਉਚਿਤ ਹੋਣੀ ਚਾਹੀਦੀ ਹੈ ਤਾਂ ਜੋ ਬਿਨਾਂ ਝੁਕੇ ਕੱਪੜੇ ਪ੍ਰੈੱਸ ਕੀਤੇ ਜਾ ਸਕਣ। ਰਸੋਈ ਦੀਆਂ ਸੈਲਫਾਂ ਨਾ ਬਹੁਤ ਉੱਚੀਆਂ ਅਤੇ ਨਾ ਹੀ ਬਹੁਤੀਆਂ ਨੀਵੀਆਂ ਹੋਣ। ਆਮ ਤੌਰ 'ਤੇ ਜੇਕਰ ਇਨ੍ਹਾਂ ਦੀ ਉਚਾਈ ਗ੍ਰਹਿਣੀ ਦੀ ਕੂਹਣੀ ਤੋਂ ਢਾਈ ਤੋਂ ਤਿੰਨ ਇੰਚ ਹੇਠਾਂ ਹੋਵੇ ਤਾਂ ਸਹੀ ਮੰਨੀ ਜਾਂਦੀ ਹੈ। ਕੱਪੜੇ ਸੁਕਾਉਣ ਵਾਲੀ ਤਾਰ ਗ੍ਰਹਿਣੀ ਦੇ ਕੱਦ ਮੁਤਾਬਿਕ ਹੋਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਅੱਡੀਆਂ ਭਾਰ ਖੜ੍ਹੇ ਹੋ ਕੇ ਕੰਮ ਕਰਨਾ ਪਵੇ, ਜਿਸ ਨਾਲ ਪਿੰਜਣੀਆਂ 'ਤੇ ਵਾਧੂ ਜ਼ੋਰ ਪੈਂਦਾ ਹੈ। ਘਰ ਵਿਚ ਸਮਾਨ ਰੱਖਦੇ ਵਕਤ ਖਾਸ ਕਰਕੇ ਰਸੋਈ ਵਿਚ ਧਿਆਨ ਰੱਖੋ ਕਿ ਭਾਰਾ ਸਾਮਾਨ ਜਿਸ ਦੀ ਹਰ ਦੂਜੇ-ਤੀਜੇ ਦਿਨ ਲੋੜ ਪੈਂਦੀ ਹੋਵੇ, ਨੀਵੀਆਂ ਸੈਲਫਾਂ 'ਤੇ ਰੱਖੋ ਤਾਂ ਜੋ ਉਨ੍ਹਾਂ ਨੂੰ ਚੁੱਕਣ-ਰੱਖਣ 'ਤੇ ਬਾਹਾਂ ਅਤੇ ਅੱਡੀਆਂ 'ਤੇ ਵਾਧੂ ਵਜ਼ਨ ਨਾ ਪਵੇ। ਭਾਰੀ ਸਮਾਨ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਧਕੇਲਣ ਲੱਗਿਆਂ ਹੱਥਾਂ ਤੇ ਪੈਰਾਂ ਦੀ ਪੂਰੀ ਤਾਕਤ ਵਰਤੋ। ਇਨ੍ਹਾਂ ਦਾ ਜ਼ੋਰ ਸਮਾਨ ਦੀ ਸਹੀ ਜਗ੍ਹਾ 'ਤੇ ਪਾਓ, ਇਸ ਨਾਲ ਸਮਾਨ ਨੂੰ ਸੌਖੇ ਖਿਸਕਾਇਆ ਜਾ ਸਕਦਾ ਹੈ।

ਅੱਜਕਲ੍ਹ ਘਰੇਲੂ ਕੰਮਾਂ ਨੂੰ ਕਰਨ ਲਈ ਬਾਜ਼ਾਰ ਵਿਚ ਵੰਨ-ਸੁਵੰਨੇ ਸਾਜ਼ੋ-ਸਾਮਾਨ ਉਪਲਬਧ ਹਨ, ਜਿਨ੍ਹਾਂ ਨਾਲ ਸਮੇਂ ਦੀ ਬੱਚਤ ਤਾਂ ਹੁੰਦੀ ਹੀ ਹੈ, ਗ੍ਰਹਿਣੀ ਆਪਣੀ ਸਰੀਰਕ ਸ਼ਕਤੀ ਵੀ ਬਚਾ ਸਕਦੀ ਹੈ। ਜਿਵੇਂ ਕਿ ਆਲੂ ਛਿੱਲਣ ਵਾਲੇ ਚਾਕੂ, ਮਧਾਣੀਆਂ, ਸਬਜ਼ੀ ਕੱਟਣ ਵਾਲੇ ਬੈਂਡਰ, ਮਿਕਸੀ, ਫੂਡ ਪ੍ਰੋਸੈਸਰ, ਪ੍ਰੈਸ਼ਰ ਕੂਕਰ, ਕੱਪੜੇ ਧੋਣ ਵਾਲੀਆਂ ਮਸ਼ੀਨਾਂ, ਮਾਈਕਰੋਵੇਵਜ਼ ਆਦਿ। ਇਸੇ ਤਰ੍ਹਾਂ ਖੇਤੀਬਾੜੀ ਦੇ ਕੰਮਾਂ ਲਈ ਵੀ ਕਈ ਔਜ਼ਾਰ ਵਿਕਸਿਤ ਕੀਤੇ ਗਏ ਹਨ, ਜਿਨ੍ਹਾਂ ਨਾਲ ਸਰੀਰਕ ਥਕਾਵਟ ਨੂੰ ਘਟਾਇਆ ਜਾ ਸਕਦਾ ਹੈ।

ਘਰੇਲੂ ਕੰਮਾਂ ਵਿਚ ਵਰਤੋਂ ਆਉਣ ਵਾਲੀ ਹਰ ਛੋਟੀ ਤੋਂ ਛੋਟੀ ਲੋੜੀਂਦੀ ਚੀਜ਼ ਦਾ ਆਪਣਾ ਇਕ ਸਥਾਨ ਬਣਾਓ। ਘਰ ਦੇ ਸਾਰੇ ਮੈਂਬਰਾਂ ਖਾਸਕਰ ਬੱਚਿਆਂ ਵਿਚ ਆਦਤ ਪਾਓ ਕਿ ਕੋਈ ਵੀ ਚੀਜ਼ ਵਰਤਣ ਤੋਂ ਬਾਅਦ ਉਸ ਨੂੰ ਉਸ ਦੀ ਨਿਯਤ ਜਗ੍ਹਾ 'ਤੇ ਰੱਖੋ ਤਾਂ ਜੋ ਫਜ਼ੂਲ ਦੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ। ਕਿਸੇ ਚੀਜ਼ ਨੂੰ ਲੱਭਣ ਵਿਚ ਪੇਸ਼ ਆਉਣ ਵਾਲੀ ਮਾਨਸਿਕ ਪ੍ਰੇਸ਼ਾਨੀ ਨਾ ਸਿਰਫ ਦਿਮਾਗ ਨੂੰ ਹੀ ਥਕਾਉਂਦੀ ਹੈ, ਬਲਕਿ ਸਰੀਰਕ ਥਕਾਵਟ ਵਿਚ ਵੀ ਵਾਧਾ ਕਰਦੀ ਹੈ। ਇਸ ਤੋਂ ਛੁੱਟ ਵਾਰ-ਵਾਰ ਵਰਤੋਂ ਵਿਚ ਆਉਣ ਵਾਲੀ ਹਰ ਉਹ ਸਮੱਗਰੀ ਜਾਂ ਸਾਜ਼ੋ-ਸਾਮਾਨ ਨੂੰ ਉਸ ਦੀ ਲੋੜ ਵਾਲੀ ਜਗ੍ਹਾ ਦੇ ਨੇੜੇ ਰੱਖੋ। ਜਿਵੇਂ ਕਿ ਰਸੋਈ ਦੇ ਕੰਮਾਂ ਵਿਚ ਵਰਤੇ ਜਾਣ ਵਾਲੇ ਸਾਜ਼ੋ-ਸਾਮਾਨ ਰਸੋਈ ਵਿਚ ਹੀ ਮੌਜੂਦ ਹੋਣ। ਚੁੱਲ੍ਹੇ ਦੇ ਨੇੜੇ ਮਾਚਿਸ, ਲਾਈਟਰ ਅਤੇ ਚਾਹ ਬਣਾਉਣ ਦਾ ਸਾਮਾਨ ਆਦਿ ਰੱਖਣਾ। ਇਸੇ ਤਰ੍ਹਾਂ ਹਰ ਬਾਥਰੂਮ ਵਿਚ ਵੱਖਰੇ ਤੌਰ 'ਤੇ ਕੂੜੇਦਾਨ, ਵਾਈਪਰ ਅਤੇ ਸੈਨੀਫ੍ਰੈਸ਼ ਆਦਿ ਰੱਖੋ, ਜਿਸ ਨਾਲ ਘੱਟ ਸਮੇਂ ਅਤੇ ਬਿਨਾਂ ਵਾਧੂ ਚੱਕਰ ਮਾਰੇ ਬਾਥਰੂਮ ਸਾਫ ਕੀਤੇ ਜਾ ਸਕਣ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਲਾਵਾ ਪ੍ਰਮੁੱਖ ਗੱਲ ਇਹ ਯਾਦ ਰੱਖੋ ਕਿ ਹਰ ਕੰਮ ਨੂੰ ਦਿਲ ਲਗਾ ਕੇ ਅਤੇ ਖੁਸ਼ੀ-ਖੁਸ਼ੀ ਕਰੋ, ਕਿਉਂਕਿ ਅਸੀਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਜੇਕਰ ਕੰਮ ਨੂੰ ਬੋਝ ਸਮਝ ਕੇ ਕੀਤਾ ਜਾਵੇ ਤਾਂ ਉਸ ਨਾਲ ਮਾਨਸਿਕ ਸੰਤੁਲਨ ਵਿਗੜਦਾ ਹੈ, ਕਾਹਲੇ ਪੈ ਕੇ ਕੀਤਾ ਕੰਮ ਖਰਾਬ ਹੁੰਦਾ ਹੈ ਅਤੇ ਸਰੀਰਕ ਥਕਾਵਟ ਵੱਧ ਹੁੰਦੀ ਹੈ।

ਇਸ ਲਈ ਹਰ ਕੰਮ ਨੂੰ ਸ਼ੌਕ, ਪਿਆਰ ਅਤੇ ਸੇਵਾ ਭਾਵਨਾ ਨਾਲ ਕਰੋ। ਇਸ ਨਾਲ ਤੁਸੀਂ ਕੰਮ ਤਾਂ ਕਰੋਗੇ ਹੀ ਪਰ ਥੱਕੋਗੇ ਨਹੀਂ।

-ਡਾ: ਮਨਜੀਤ ਕੌਰ,

## ਤੁਹਾਡੀ ਸ਼ਾਨ-ਤੁਹਾਡਾ ਪਰਸ

ਕੰਮਕਾਜੀ ਔਰਤ ਹੋਵੇ ਜਾਂ ਘਰੇਲੂ, ਜਾਂ ਫਿਰ ਸਕੂਲ-ਕਾਲਜ ਜਾਣ ਵਾਲੀਆਂ ਲੜਕੀਆਂ, ਸਭ ਕੋਲ ਪਰਸ ਹੋਣਾ ਜ਼ਰੂਰੀ ਹੈ। ਇਕ ਖੂਬਸੂਰਤ ਅਤੇ ਆਕਰਸ਼ਕ ਪਰਸ ਤੁਹਾਡੀ ਸ਼ਖਸੀਅਤ ਨੂੰ ਹੋਰ ਨਿਖਾਰਨ ਵਿਚ ਮਦਦ ਕਰਦਾ ਹੈ।

ਅੱਜਕਲ੍ਹ ਤਾਂ ਆਕਰਸ਼ਕ ਅਤੇ ਕਲਾਤਮਿਕ ਡਿਜ਼ਾਈਨ ਵਾਲੇ ਪਰਸਾਂ ਦੀ ਮੰਗ ਵਧ ਰਹੀ ਹੈ। ਪਹਿਲਾਂ ਤਾਂ ਲੰਮੀਆਂ ਤਣੀਆਂ ਵਾਲਾ ਪਰਸ ਔਰਤ ਦੀ ਪਸੰਦ ਸੀ, ਜੇਕਰ ਉਸ ਨੂੰ ਮੋਢੇ 'ਤੇ ਲਟਕਾਇਆ ਜਾਂਦਾ ਤਾਂ ਔਰਤ ਦੇ ਲੱਕ ਤੱਕ ਆ ਜਾਂਦਾ ਸੀ, ਜੇ ਹੱਥ ਵਿਚ ਫੜਦੀ ਤਾਂ ਪਰਸ ਧਰਤੀ ਤੋਂ 4-5 ਇੰਚ ਹੀ ਉੱਚਾ ਰਹਿੰਦਾ ਸੀ। ਅੱਜਕਲ੍ਹ ਦੇ ਰਿਵਾਜ ਵਿਚ ਤਣੀਆਂ ਛੋਟੀਆਂ ਕਰ ਦਿੱਤੀਆਂ, ਜਦੋਂ ਕੋਈ ਔਰਤ ਇਸ ਪਰਸ ਦੀਆਂ ਤਣੀਆਂ ਮੋਢੇ 'ਚ ਪਾਉਂਦੀਆਂ ਹਨ ਤਾਂ ਪਰਸ ਔਰਤ ਦੀ ਕੂਹਣੀ ਤੋਂ ਵੀ ਥੋੜ੍ਹਾ ਉੱਚਾ ਰਹਿੰਦਾ ਹੈ ਅਤੇ ਔਰਤ ਦੇ ਡੌਲੇ ਹੇਠ ਹੀ ਘੁੱਟਿਆ ਰਹਿੰਦਾ ਹੈ।

ਤੁਹਾਡੀ ਸ਼ਾਨ-ਤੁਹਾਡਾ ਪਰਸਹੁਣ ਤਾਂ ਔਰਤਾਂ ਪਰਸਾਂ ਦੀ ਚੋਣ ਆਪਣੀ ਲੋੜ ਅਨੁਸਾਰ ਅਤੇ ਧਿਆਨ ਨਾਲ ਕਰਨ। ਜੇਕਰ ਕੋਈ ਕੰਮਕਾਜੀ ਔਰਤ ਹੈ ਤਾਂ ਉਸ ਨੂੰ ਵੱਡਾ ਪਰਸ ਲੈਣਾ ਚਾਹੀਦਾ ਹੈ, ਜਿਸ ਅੰਦਰ 2-3 ਜੇਬਾਂ ਹੋਣ। ਇਨ੍ਹਾਂ ਜੇਬਾਂ ਦੀ ਵਰਤੋਂ ਲੋੜ ਪੈਣ 'ਤੇ ਕੀਤੀ ਜਾ ਸਕਦੀ ਹੈ, ਜਿਵੇਂ ਜ਼ਰੂਰੀ ਕਾਗਜ਼ਾਤ, ਛੋਟਾ ਲੰਚ ਟਿਫਨ, ਰੁਮਾਲ, ਨਿੱਕਾ ਤੌਲੀਆ, ਆਪਣਾ ਮੋਬਾਈਲ ਅਤੇ ਮੇਕਅਪ ਦਾ ਸਾਮਾਨ ਵੀ ਰੱਖਿਆ ਜਾ ਸਕਦਾ ਹੈ। ਅਜਿਹੇ ਪਰਸ ਵਿਚ ਇਕ ਛੋਟਾ ਪਰਸ ਵੀ ਰੱਖ ਸਕਦੇ ਹੋ, ਜਿਸ ਵਿਚ ਆਪਣੇ ਪੈਸੇ ਰੱਖ ਸਕੋ। ਕਈ ਵਾਰ ਪੈਸਿਆਂ ਦੀ ਲੋੜ ਪੈਂਦੀ ਹੈ।

ਇਸ ਪਰਸ 'ਚੋਂ ਆਰਾਮ ਨਾਲ ਪੈਸੇ ਕੱਢ ਸਕਦੇ ਹੋ। ਜੇਕਰ ਵੱਡੇ ਪਰਸ ਦੀਆਂ ਜੇਬਾਂ 'ਚੋਂ ਕੱਢਣੇ ਹੋਣ ਤਾਂ ਤੁਹਾਨੂੰ ਜੇਬਾਂ 'ਚੋਂ ਪੈਸੇ ਕੱਢਣ 'ਚ ਦੇਰੀ ਲੱਗੇਗੀ ਅਤੇ ਪਰਸ ਅੰਦਰਲਾ ਸਾਮਾਨ ਵੀ ਬਾਹਰ ਨਿਕਲੇਗਾ। ਘਰੇਲੂ ਔਰਤ ਕੋਲ ਇਕ ਛੋਟਾ ਪਰਸ ਅਤੇ ਨਾਲ ਵੱਡਾ ਬੈਗ ਵੀ ਹੋਣਾ ਚਾਹੀਦਾ ਹੈ। ਬਾਜ਼ਾਰ ਵਿਚ ਖਰੀਦਦਾਰੀ ਕਰਦਿਆਂ
ਸਾਮਾਨ ਵੱਡੇ ਬੈਗ
ਵਿਚ ਆਸਾਨੀ ਨਾ
ਪੈ ਜਾਂਦਾ ਹੈ। ਪੈਸਿਆ
ਵਾਲਾ ਛੋਟਾ ਪਰ
ਵੱਡੇ ਬੈਗ ਵਿਚ
ਇਕ ਪਾਸੇ ਰੱਖ ਲ
ਤਾਂ ਕਿ ਲੋੜ ਪੈਣ '
ਉਥੋਂ ਕੱਢਿਆ
ਸਕੇ। ਸਾਮਾਨ ਵਾ
ਬੈਗ ਆਸਾਨੀ ਨਾ
ਮੋਢੇ 'ਤੇ ਲਟਕਾ
ਲਿਆ ਸਕਦੇ ਹੋ।
ਅਗ
ਤੁਸੀਂ ਘੁੰਮਣ ਲ
ਬਾਹਰ ਜਾਣਾ ਹੋ
ਤਾਂ 'ਹੈਂਡ ਬੈਗ' ਲਵੋ
ਅੱਜਕਲ੍ਹ ਮੈਚਿੰਗ
ਜ਼ਮਾਨਾ ਹੈ। ਸ਼ਹਿ
ਅਤੇ ਪੇਂਡੂ ਪੜ੍ਹੀਆਂ
ਲਿਖੀਆਂ ਔਰਤ
ਸਾੜ੍ਹੀ ਜਾਂ ਸੂਟ ਨਾ
ਮੈਚ ਕਰਦੀ ਜੁੱਤ
ਲਿਪਸਟਿਕ, ਬਿੰ
ਆਦਿ ਵਰਤਦੀਆਂ
ਹਨ। ਉਸ ਵੇਲੇ
ਦੇਖਣ ਵਾਲਾ/ਵਾ
ਹੈਰਾਨ ਰਹਿ ਜਾਂ
ਹਨ ਜਦੋਂ ਕਿ
ਔਰਤ ਕੋਲ ਸੂਟ
ਸਾੜ੍ਹੀ ਨਾਲ ਮੈਚਿੰ
ਕਰਦਾ ਪਰ
ਫੜਿਆ ਹੁੰਦਾ ਹੈ।
ਬੈਗ ਦੇ ਕੁਝ ਰੰਗ
ਮੈਰੂਨ, ਕਾਲਾ, ਭੂਰਾ,
ਗਰੇਅ ਅਤੇ ਗੋਲਡਨ ਤੁਹਾਡੇ ਹਰੇਕ ਰੰਗ ਦੇ ਕੱਪੜਿਆਂ ਨਾਲ ਮੈਚ ਕਰਨਗੇ। ਪਰ ਤੁਸੀਂ ਪਾਰਟੀ ਵਿਚ ਸ਼ਾਮਿਲ ਹੋਣਾ ਹੈ ਤਾਂ 'ਸਫੈਦ ਪਰਸ' ਅਲੱਗ ਹੀ ਪਹਿਚਾਣ ਬਣਾਏਗਾ।



ਪਰਸ ਖਰੀਦਣ ਸਮੇਂ ਉਸ ਨੂੰ ਅੰਦਰੋਂ-ਬਾਹਰੋਂ ਤਸੱਲੀ ਨਾਲ ਚੈੱਕ ਕਰ ਲਵੋ। ਪਰਸ ਦੀ ਜ਼ਿੱਪ (ਚੈਨ) ਦੋ-ਚਾਰ ਵਾਰ ਲਗਾ ਕੇ ਦੇਖ ਲਵੋ ਕਿ ਲਾਉਣ/ਖੋਲ੍ਹਣ ਵੇਲੇ ਫਸਦੀ ਤਾਂ ਨਹੀਂ? ਪਰਸ ਦੀਆਂ ਵੱਦਰੀਆਂ (ਪੱਟੀਆਂ) ਚੰਗੀ ਤਰ੍ਹਾਂ ਪਰਖ ਲਵੋ ਕਿ ਉਹ ਮਜ਼ਬੂਤ ਵੀ ਹਨ, ਕਿਉਂਕਿ ਪਰਸ ਵੱਦਰੀਆਂ ਸਹਾਰੇ ਹੀ ਤੁਹਾਡੇ ਮੋਢਿਆਂ 'ਤੇ ਲਟਕਦਾ ਹੈ। ਬਾਜ਼ਾਰ ਵਿਚ ਚਮੜੇ, ਫੋਮ ਅਤੇ ਰੈਕਸਨ ਦੇ ਪਰਸ ਮੌਜੂਦ ਹੁੰਦੇ ਹਨ। ਵਿਆਹ ਜਾਂ ਪਾਰਟੀ 'ਤੇ ਜਾਣ ਲਈ ਫੈਂਸੀ ਪਰਸ ਠੀਕ ਰਹਿੰਦਾ ਹੈ ਜਦ ਕਿ ਕੰਮਕਾਜ ਵਾਲੀਆਂ ਲਈ ਚਮੜੇ ਦਾ ਪਰਸ ਠੀਕ ਰਹੇਗਾ।

ਪਰਸ ਦੀ ਖਰੀਦ ਸਮੇਂ ਆਪਣੀ ਉਮਰ ਦਾ ਖਿਆਲ ਰੱਖਣਾ ਜ਼ਰੂਰੀ ਹੈ। ਜ਼ਿਆਦਾ ਉਮਰ ਵਾਲੀਆਂ ਔਰਤਾਂ ਭੜਕੀਲੇ ਰੰਗ ਦੇ ਪਰਸ ਨਾ ਖਰੀਦਣ। ਅਗਰ ਤੁਸੀਂ ਦਫਤਰ ਵਿਚ ਕੰਮ ਕਰਦੇ ਹੋ ਤਾਂ ਤੁਹਾਡੇ ਕੋਲ ਹਲਕਾ ਰੰਗ ਹੀ ਜਚੇਗਾ। ਭੜਕੀਲੇ ਰੰਗ ਤਾਂ ਚੜ੍ਹਦੀ ਜਵਾਨੀ 'ਤੇ ਹੀ ਫਬਦੇ ਹਨ।

**-ਭੋਲਾ ਨੂਰਪੁਰਾ,**

## ਸੰਪਾਦਕੀ

# ਚੰਡੀਗੜ੍ਹ ਦੇ ਮੇਅਰ ਦੀ ਚੋਣ

ਮੁਕੰਮਲ ਇਨਸਾਫ਼' ਕਰਨ ਲਈ ਸੰਵਿਧਾਨ ਦੀ ਧਾਰਾ 142 ਤਹਿਤ ਮਿਲੀ ਸ਼ਕਤੀ ਦੀ ਵਰਤੋਂ ਕਰਦਿਆਂ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਲੰਘੀ 30 ਜਨਵਰੀ ਨੂੰ ਚੰਡੀਗੜ੍ਹ ਦੇ ਮੇਅਰ ਦੀ ਹੋਈ ਚੋਣ ਦੇ ਨਤੀਜੇ ਰੱਦ ਕਰਦੇ ਹੋਏ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਸਾਂਝੇ ਉਮੀਦਵਾਰ ਕੁਲਦੀਪ ਕੁਮਾਰ ਟੀਟਾ ਨੂੰ ਜੇਤੂ ਐਲਾਨ ਦਿੱਤਾ। ਪਹਿਲਾਂ ਰਿਟਰਨਿੰਗ ਅਫਸਰ ਨੇ ਭੁਗਤੀਆਂ ਅੱਠ ਵੋਟਾਂ ਨੂੰ ਗਿਣਤੀ ਦੌਰਾਨ ਅਵੈਧ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ ਜਿਸ ਕਰ ਕੇ ਭਾਜਪਾ ਦੇ ਉਮੀਦਵਾਰ ਮਨੋਜ ਸੋਨਕਰ ਨੂੰ ਜੇਤੂ ਐਲਾਨ ਦਿੱਤਾ ਗਿਆ ਸੀ।

ਅਦਾਲਤ ਨੇ ਆਪਣੇ ਫ਼ੈਸਲੇ ਵਿਚ ਆਖਿਆ ਕਿ ਰਿਟਰਨਿੰਗ ਅਫਸਰ ਅਨਿਲ ਮਸੀਹ ਭਾਜਪਾ ਦਾ ਮਨੋਨੀਤ ਕੌਂਸਲਰ ਸੀ ਅਤੇ ਉਸ ਵਲੋਂ ਐਲਾਨਿਆ ਗਿਆ ਚੋਣ ਨਤੀਜਾ ਕਾਨੂੰਨ ਤੋਂ ਉਲਟ ਸੀ ਜਿਸ ਕਰ ਕੇ ਅਦਾਲਤ ਨੇ ਅਨਿਲ ਮਸੀਹ ਵਲੋਂ ਅਦਾਲਤ ਵਿਚ ਇਹ ਝੂਠ ਬੋਲਣ ਕਰ ਕੇ ਮੁਕੱਦਮਾ ਚਲਾਉਣ ਦਾ ਹੁਕਮ ਦਿੱਤਾ ਹੈ ਕਿ ਉਸ ਨੇ ਅੱਠ ਬੈਲਟ ਪੇਪਰ ਇਸ ਲਈ ਰੱਦ ਕੀਤੇ ਸਨ ਕਿਉਂਕਿ ਵੋਟਰ ਕੌਂਸਲਰਾਂ ਵਲੋਂ ਉਨ੍ਹਾਂ ਨਾਲ ਛੇੜਛਾੜ ਕੀਤੀ ਗਈ ਸੀ। ਇਨ੍ਹਾਂ ਅੱਠ ਵੋਟਾਂ ਨੂੰ ਰੱਦ ਕਰਨ ਕਰ ਕੇ ਹੀ ਚੋਣ ਨਤੀਜਾ ਭਾਜਪਾ ਦੇ ਹੱਕ ਵਿਚ ਚਲਾ ਗਿਆ ਸੀ ਜਿਸ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਆਗੂਆਂ ਨੇ ਰਿਟਰਨਿੰਗ ਅਫਸਰ ਉਪਰ ਬੈਲਟ ਪੇਪਰਾਂ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਗਿਆ ਸੀ। ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਨਿਸ਼ਚੇ ਨਾਲ ਆਖਿਆ ਕਿ ਇਹੋ ਜਿਹੇ ਕੇਸ ਵਿਚ ਸੁਪਰੀਮ ਕੋਰਟ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਚੁਣਾਵੀ ਲੋਕਤੰਤਰ ਦੀ ਪ੍ਰਕਿਰਿਆ ਨਾਲ ਖਿਲਵਾੜ ਨਾ ਹੋਣ ਦਿੱਤਾ ਜਾਵੇ। ਅਦਾਲਤ ਨੇ ਇਹ ਸ਼ਲਾਘਾਯੋਗ ਦਖ਼ਲ ਦੇ ਕੇ ਵੱਡੀ ਗ਼ਲਤੀ ਨੂੰ ਦਰੁਸਤ ਕਰਵਾਇਆ ਹੈ।

ਭਾਜਪਾ ਲਈ ਇਹ ਵੱਡੀ ਨਮੋਸ਼ੀ ਵਾਲੀ ਗੱਲ ਹੈ ਕਿ ਉਸ ਵਲੋਂ ਹਰ ਹੀਲੇ ਜਿੱਤ ਹਾਸਲ ਕਰਨ ਦੀ ਇਹ ਚਾਰਾਜੋਈ ਠੁੱਸ ਹੋ ਗਈ। 'ਇੰਡੀਆ' ਗੱਠਜੋੜ ਵਿਚ ਪਿਛਲੇ ਕੁਝ ਸਮੇਂ ਤੋਂ ਟੁੱਟ ਭੱਜ ਦੀਆਂ ਖ਼ਬਰਾਂ ਆ ਰਹੀਆਂ ਸਨ ਪਰ ਹੁਣ ਇਸ ਫ਼ੈਸਲੇ ਅਤੇ ਜਿੱਤ ਦੇ ਰੂਪ ਵਿਚ ਇਸ ਲਈ ਖ਼ੁਸ਼ਖ਼ਬਰ ਆਈ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਦੀ ਜਿੱਤ ਨੇ ਇਸ ਗੱਲ ਦੀ ਲੋੜ ਨੂੰ ਪ੍ਰਮੁੱਖਤਾ ਨਾਲ ਉਜਾਗਰ ਕੀਤਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਨੂੰ ਇਕਜੁੱਟਤਾ ਨਾਲ ਚੱਲਣ ਦੀ ਸਖ਼ਤ ਲੋੜ ਹੈ। ਇਹ ਫੈਸਲਾ ਸਾਰੀਆਂ ਸਬੰਧਿਤ ਧਿਰਾਂ, ਭਾਵੇਂ ਉਹ ਸਿਆਸੀ ਪਾਰਟੀਆਂ ਹੋਣ ਜਾਂ ਵੋਟਰ ਤੇ ਜਾਂ ਚੋਣ ਅਮਲ ਨੂੰ ਸਿਰੇ ਚੜ੍ਹਾਉਣ ਵਾਲੀਆਂ ਇਕਾਈਆਂ, ਨੂੰ ਸਪੱਸ਼ਟ ਤੌਰ 'ਤੇ ਚੇਤੇ ਕਰਵਾਉਂਦਾ ਹੈ ਕਿ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਹਰ ਹਾਲ ਕਾਇਮ ਰੱਖੀ ਜਾਣੀ ਚਾਹੀਦੀ ਹੈ। ਫ਼ਤਵੇ ਨੂੰ ਪਲਟਣ ਦੀਆਂ ਕੋਸ਼ਿਸ਼ਾਂ ਸਾਡੇ ਲੋਕਤੰਤਰ ਉਤੇ ਧੱਬੇ ਵਾਂਗ ਹਨ, ਤੇ ਇਸ ਨੂੰ ਕਿਸੇ ਵੀ ਸੂਰਤ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਲੋਕਤੰਤਰ ਦੀ ਪੈਠ ਹਰ ਹਾਲ ਕਾਇਮ ਰਹਿਣੀ ਚਾਹੀਦੀ ਹੈ ਤਾਂ ਕਿ ਲੋਕਾਂ ਅੰਦਰ ਭਰੋਸਾ ਬਣਿਆ ਰਹੇ। ਇਸ ਸਬੰਧੀ ਮੁੱਖ ਤੌਰ 'ਤੇ ਜ਼ਿੰਮੇਵਾਰੀ ਸਾਰੀਆਂ ਸਿਆਸੀ ਪਾਰਟੀਆਂ ਦੀ ਹੈ। ਕਈ ਵਾਰ ਸਿਆਸੀ ਪਾਰਟੀ ਦੀਆਂ ਗਿਣਤੀਆਂ ਮਿਣਤੀਆਂ ਹੀ ਬੇਨੇਮੀਆਂ ਲਈ ਰਾਹ ਖੋਲ੍ਹਦੀਆਂ ਹਨ। ਉਮੀਦ ਹੈ ਕਿ ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ ਮਾਮਲਾ ਚੋਣਾਂ 'ਚ ਗ਼ੈਰ-ਵਾਜਿਬ ਢੰਗ-ਤਰੀਕੇ ਵਰਤਣ ਤੋਂ ਰੋਕਣ ਦੇ ਪੱਖ ਤੋਂ ਮਿਸਾਲ ਬਣੇਗਾ।

# ਰੂਸ ਨਾਲ ਭਾਰਤ ਦੇ ਰਿਸ਼ਤੇ

ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ ਜੈਸ਼ੰਕਰ ਨੇ ਆਪਣੇ ਹਾਲੀਆ ਜਰਮਨੀ ਦੌਰੇ ਮੌਕੇ ਰੂਸ ਨਾਲ ਭਾਰਤ ਦੇ ਕਰੀਬੀ ਰਿਸ਼ਤਿਆਂ ਨੂੰ ਇਕ ਵਾਰ ਫਿਰ ਮੁਨਾਸਬ ਠਹਿਰਾਇਆ ਹੈ। ਇਸ ਨੂੰ ਲੈ ਕੇ ਪੱਛਮੀ ਦੇਸ਼ਾਂ ਅੰਦਰ ਲਗਾਤਾਰ ਪ੍ਰਤੀਕਿਰਿਆ ਹੁੰਦੀ ਰਹੀ ਹੈ ਅਤੇ ਇਸ ਦੇ ਨਾਲ ਹੀ ਉੱਚ ਪੱਧਰੀ ਵਫ਼ਦ ਦਿੱਲੀ ਪਹੁੰਚਦੇ ਰਹੇ ਹਨ ਪਰ ਭਾਰਤ ਨੇ ਰੂਸ ਨਾਲ ਆਪਣੇ ਸਬੰਧ ਘਟਾਉਣ ਤੋਂ ਮਨ੍ਹਾ ਕਰ ਦਿੱਤਾ। ਜਿਵੇਂ ਐਸ ਜੈਸ਼ੰਕਰ ਨੇ ਇਸ ਦਾ ਖੁਲਾਸਾ ਕੀਤਾ ਹੈ, ਭਾਰਤ ਦੀ ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਵਿਚ ਕਦੇ ਵੀ ਰੂਸ ਨੇ ਉਸ ਦੇ ਹਿੱਤਾਂ ਨੂੰ ਨੁਕਸਾਨ ਨਹੀਂ ਪਹੁੰਚਾਇਆ ਹੈ। ਸਾਰੀਆਂ ਸ਼ਕਤੀਆਂ ਦੇ ਸਬੰਧਾਂ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ ਪਰ ਰੂਸ ਨਾਲ ਭਾਰਤ ਦੇ ਰਿਸ਼ਤੇ ਸਥਿਰ ਅਤੇ ਦੋਸਤਾਨਾ ਬਣੇ ਰਹੇ ਹਨ।

ਯੂਕਰੇਨ ਦੇ ਸਵਾਲ 'ਤੇ ਜਿਵੇਂ ਭਾਰਤ ਨੇ ਰੂਸ ਦੀ ਤਿੱਖੀਆਂ ਸੁਰ ਵਿਚ ਆਲੋਚਨਾ ਨਹੀਂ ਕੀਤੀ ਹੈ, ਉਸ ਦਾ ਖੁਲਾਸਾ ਕਰਨ ਲਈ ਦੋ ਮੁੱਖ ਕਾਰਕ ਗਿਣਾਏ ਜਾਂਦੇ ਹਨ ਜਿਨ੍ਹਾਂ ਵਿਚ ਫ਼ੌਜੀ ਸਾਜ਼ੋ-ਸਾਮਾਨ ਅਤੇ ਤੇਲ ਦੀ ਸਪਲਾਈ ਸ਼ਾਮਲ ਹਨ। ਇਨ੍ਹਾਂ ਦੀ ਨਿਸ਼ਚਤਤਾ ਦਾ ਦੇਸ਼ ਦੇ ਰਾਸ਼ਟਰੀ ਹਿੱਤਾਂ ਉਪਰ ਗਹਿਰਾ ਪ੍ਰਭਾਵ ਪੈਂਦਾ ਹੈ। ਉਂਝ, ਨਿੱਘੇ ਸਬੰਧਾਂ ਦੇ ਕਿਤੇ ਲੰਮੇਰੇ ਅਤੀਤ ਨੂੰ ਅਕਸਰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਪਿਛਲੇ 67 ਸਾਲਾਂ ਤੋਂ ਰੂਸ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਆਪਣੀ ਵੀਟੋ ਸ਼ਕਤੀ ਦੇ ਸਹਾਰੇ ਭਾਰਤ ਲਈ ਕੂਟਨੀਤਕ ਢਾਲ ਬਣਿਆ ਰਿਹਾ ਹੈ ਅਤੇ 'ਭਾਰਤ ਅਤੇ ਪਾਕਿਸਤਾਨ ਦੇ ਸਵਾਲ' ਉਪਰ ਚਰਚਾ ਹੋਣ ਤੋਂ ਰੋਕਦਾ ਆ ਰਿਹਾ ਹੈ। 1971 ਵਿਚ ਜੇ ਪਾਕਿਸਤਾਨ ਦੋ ਟੁਕਡਿ ?ਆਂ ਵਿਚ ਵੰਡਿਆ ਗਿਆ ਸੀ ਤਾਂ ਇਹ ਵੀ ਸੋਵੀਅਤ ਸੰਘ ਨਾਲ ਸ਼ਾਂਤੀ, ਦੋਸਤੀ ਅਤੇ ਸਹਿਯੋਗ ਦੀ ਸੰਧੀ ਕਰ ਕੇ ਹੀ ਸੰਭਵ ਹੋ ਸਕਿਆ ਸੀ ਅਤੇ ਨਾਲ ਹੀ ਮਾਸਕੋ ਨੇ ਚੀਨ ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਨੇ ਦਖ਼ਲ ਦਿੱਤਾ ਤਾਂ ਉਹ ਹਮਲਾ ਕਰ ਦੇਵੇਗਾ।ਯੂਕਰੇਨ ਟਕਰਾਅ ਦੇ ਪਿਛਲੇ ਦੋ ਸਾਲਾਂ ਦੌਰਾਨ ਭਾਰਤ ਵਲੋਂ ਮੋੜਵੇਂ ਰੂਪ ਵਿਚ ਰੂਸ ਦੀ ਕੂਟਨੀਤਕ ਮਦਦ ਕੀਤੀ ਜਾ ਰਹੀ ਹੈ। ਜੀ20 ਨਵੀਂ ਦਿੱਲੀ ਸਿਖਰ ਸੰਮੇਲਨ ਐਲਾਨਨਾਮੇ ਦੀ ਇਬਾਰਤ ਪਾਸ ਕਰਾਉਣ ਵਿਚ ਭਾਰਤ ਦੇ ਯਤਨ ਇਸ ਦੀ ਉਦਾਹਰਨ ਹਨ। ਪੱਛਮੀ ਦੇਸ਼ਾਂ ਨੂੰ ਇਹ ਤਸੱਲੀ ਸੀ ਕਿ ਉਨ੍ਹਾਂ ਦੇ ਪੱਖ ਨੂੰ ਜਗ੍ਹਾ ਮਿਲ ਗਈ; ਰੂਸ ਇਸ ਗੱਲੋਂ ਖ਼ੁਸ਼ ਸੀ ਕਿ ਖਰੜੇ ਵਿਚ ਉਸ ਦਾ ਨਾਂ ਨਹੀਂ ਲਿਆ ਗਿਆ। ਦੋਵੇਂ ਧਿਰਾਂ ਦੀਆਂ ਖਾਹਿਸ਼ਾਂ ਨੂੰ ਸਮੋਣ ਦੀ ਇਸ ਕਾਬਲੀਅਤ ਸਦਕਾ ਭਾਰਤ ਯੂਕਰੇਨ ਟਕਰਾਅ ਵਿਚ ਸਾਲਸੀ ਦਾ ਯੋਗ ਉਮੀਦਵਾਰ ਬਣਦਾ ਹੈ। ਉਂਝ, ਜਿਵੇਂ ਜੈਸ਼ੰਕਰ ਨੇ ਆਖਿਆ, ਭਾਰਤ ਇਸ ਮਾਮਲੇ ਵਿਚ ਕੋਈ ਪਹਿਲ ਨਹੀਂ ਕਰੇਗਾ। ਫਿਲਹਾਲ, ਭਾਰਤ ਨੂੰ ਇਸੇ ਗੱਲ ਦੀ ਤਸੱਲੀ ਹੈ ਕਿ ਰੂਸ ਨਾਲ ਇਸ ਦੀ ਵਿਲੱਖਣ ਸਾਂਝੇਦਾਰੀ ਦਾ ਨਵੇਂ ਖੇਤਰਾਂ ਵਿਚ ਪਸਾਰ ਹੋ ਰਿਹਾ ਹੈ; ਉਹ ਇਸ ਗੱਲੋਂ ਵੀ ਸਚੇਤ ਹੈ ਕਿ ਇਸ ਨੂੰ ਲੈ ਕੇ ਕਿਸੇ ਦੇ ਮਨ ਵਿਚ ਤਲਖ਼ੀ ਨਾ ਪੈਦਾ ਹੋਵੇ। ਇਸ ਮਸਲੇ ਨੂੰ ਬੜੇ ਸੰਜਮ ਤੇ ਜ਼ਬਤ ਨਾਲ ਨਜਿੱਠਿਆ ਗਿਆ ਹੈ, ਸਿੱਟੇ ਵਜੋਂ ਭਾਰਤ ਲਈ ਹਰ ਖਿੜਕੀ ਖੁੱਲ੍ਹੀ ਹੋਈ ਹੈ।

# ਭਾਰਤ ਦਾ ਏਜੰਡਾ ਅਤੇ ਵਿਸ਼ਵ ਵਪਾਰ ਵਾਰਤਾ

**ਸੁਸ਼ਮਾ ਰਾਮਚੰਦਰਨ**

ਵਿਸ਼ਵ ਵਪਾਰ ਸੰਸਥਾ (ਡਬਲਿਊਟੀਓ) ਦੀ ਅਗਲੀ ਮੰਤਰੀ ਪੱਧਰੀ ਕਾਨਫਰੰਸ (26-29 ਫਰਵਰੀ) ਅਬੂ ਧਾਬੀ ਵਿਚ ਹੋ ਰਹੀ ਹੈ ਜਿਸ ਵਿਚ ਭਾਰਤ ਨੂੰ ਆਪਣਾ ਏਜੰਡਾ ਅਗਾਂਹ ਵਧਾਉਣ ਲਈ ਕਾਫ਼ੀ ਜ਼ੋਰ ਲਾਉਣਾ ਪਵੇਗਾ। ਇਸ ਦਾ ਵਡੇਰਾ ਕਾਰਨ ਇਹ ਹੈ ਕਿ ਇਹ ਕਾਨਫਰੰਸ ਬਹੁ-ਧਿਰੀ ਵਪਾਰਕ ਸੰਸਥਾ ਦੀ ਫ਼ੈਸਲਾ ਕਰਨ ਵਾਲੇ ਸੰਮੇਲਨ ਦੀ ਤਰਜਮਾਨੀ ਕਰਦੀ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਇਹ ਵਿਕਸਤ ਮੁਲਕਾਂ ਦੇ ਅੜੀਅਲ ਰਵੱਈਏ ਕਰ ਕੇ ਬਹੁਤ ਸਾਰੇ ਮੁੱਦਿਆਂ 'ਤੇ ਪੇਸ਼ਕਦਮੀ ਕਰਨ ਵਿਚ ਅਸਮਰੱਥ ਰਹੀ ਹੈ। ਜਿਨ੍ਹਾਂ ਮੁੱਖ ਸਮੱਸਿਆਵਾਂ ਕਰ ਕੇ ਖੜੋਤ ਬਣੀ ਹੈ, ਉਨ੍ਹਾਂ ਵਿਚੋਂ ਇਕ ਇਸ ਦੇ ਦੋ-ਪਰਤੀ ਵਿਵਾਦ ਨਿਬੇੜੂ ਅਦਾਰੇ ਨਾਲ ਜੁੜੀ ਹੈ। ਅਮਰੀਕਾ ਵਲੋਂ ਇਸ ਦੀ ਅਪੀਲੀ ਸੰਸਥਾ ਵਿਚ ਨਿਯੁਕਤੀਆਂ ਰੋਕਣ ਕਰ ਕੇ ਚਾਰ ਸਾਲਾਂ ਤੋਂ ਇਹ ਪ੍ਰਬੰਧ ਨਕਾਰਾ ਹੋ ਕੇ ਰਹਿ ਗਿਆ ਹੈ। ਸੰਸਥਾ ਵਿਚ ਸੁਧਾਰਾਂ ਨੂੰ ਲੈ ਕੇ ਵੀ ਕਾਫ਼ੀ ਗੱਲਾਂ ਬਾਤਾਂ ਹੋ ਰਹੀਆਂ ਹਨ ਪਰ ਉਭਰਦੇ ਅਰਥਚਾਰਿਆਂ ਨੂੰ ਅਜੇ ਤੱਕ ਸੰਸਥਾ ਵਿਚ ਹੋਰ ਜਿ ?ਆਦਾ ਸਹਾਇਤਾ ਦੇਣ ਲਈ ਕੁਝ ਖ਼ਾਸ ਨਹੀਂ ਕੀਤਾ ਗਿਆ। ਮੂਲ ਰੂਪ ਵਿਚ ਇਸ ਦਾ ਮਕਸਦ ਇਹ ਸੀ ਕਿ ਘੱਟ ਵਿਕਸਤ ਅਤੇ ਵਿਕਸਤ ਮੁਲਕਾਂ ਲਈ ਇਕਸਾਰ ਪਿੜ ਮੁਹੱਈਆ ਕਰਵਾਇਆ ਜਾਵੇ।

ਭਾਰਤ ਦੇ ਹਿਤ ਤੋਂ ਅਜਿਹੇ ਕਈ ਮੁੱਦੇ ਹਨ ਜਿਨ੍ਹਾਂ ਨੂੰ ਕਾਨਫਰੰਸ ਵਿਚ ਸੁਲਝਾਏ ਜਾਣ ਦੀ ਲੋੜ ਹੈ ਪਰ ਬਹੁਤਾ ਕੁਝ ਇਨ੍ਹਾਂ 'ਤੇ ਜ਼ੋਰ ਨਾਲ ਅਗਾਂਹ ਵਧਣ ਦੀ ਰਾਜਸੀ ਇੱਛਾ ਸ਼ਕਤੀ ਉਪਰ ਨਿਰਭਰ ਕਰੇਗਾ। ਯਕੀਨਨ ਇਸ ਨੂੰ 2022 ਵਿਚ ਹੋਈ ਪਿਛਲੀ ਮੰਤਰੀ ਪੱਧਰੀ ਮੀਟਿੰਗ ਨਾਲੋਂ ਜਿ ?ਆਦਾ ਪੁਰਜ਼ੋਰ ਤਰੀਕੇ ਨਾਲ ਆਪਣਾ ਸਟੈਂਡ ਰੱਖਣਾ ਪਵੇਗਾ। ਉਸ ਸਮੇਂ ਭਾਰਤ ਨੇ ਭਵਿੱਖ ਵਿਚ ਪੇਸ਼ ਆਉਣ ਵਾਲੀਆਂ ਮਹਾਮਾਰੀਆਂ ਲਈ ਵਰਤੀਆਂ ਜਾਣ ਵਾਲੀਆਂ ਵੈਕਸੀਨਾਂ ਤਿਆਰ ਕਰਨ, ਦਵਾਈਆਂ ਅਤੇ ਜਾਂਚ ਲਈ ਪੇਟੈਂਟ ਛੋਟ ਦੀ ਤਜਵੀਜ਼ ਦੀ ਪੁਰਜ਼ੋਰ ਪੈਰਵੀ ਨਹੀਂ ਕੀਤੀ ਸੀ। ਸਿਰਫ਼ ਵੈਕਸੀਨਾਂ ਲਈ ਅੰਸ਼ਕ ਛੋਟ ਦੀ ਸਹਿਮਤੀ ਬਣੀ ਸੀ, ਉਹ ਵੀ ਤਦ ਜਦੋਂ ਬਾਇਡਨ ਪ੍ਰਸ਼ਾਸਨ ਨੇ ਇਸ ਮੁੱਦੇ 'ਤੇ ਆਪਣਾ ਪੈਂਤੜਾ ਨਰਮ ਕੀਤਾ ਸੀ ਪਰ ਵਿਕਸਤ ਦੇਸ਼ਾਂ ਵਲੋਂ ਮਹਿੰਗੀਆਂ ਦਰਾਮਦਾਂ ਤੋਂ ਬਚਣ ਲਈ ਵਡੇਰੀਆਂ ਤਜਵੀਜ਼ਾਂ ਜੋ ਭਾਰਤ ਅਤੇ ਦੱਖਣੀ ਅਫਰੀਕਾ ਨੇ ਅਕਤੂਬਰ 2020 ਵਿਚ ਲਿਆਂਦੀਆਂ ਸਨ ਅਤੇ ਜਿਨ੍ਹਾਂ ਨੂੰ 108 ਦੇਸ਼ਾਂ ਦੀ ਹਮਾਇਤ ਮਿਲ ਗਈ ਸੀ, ਨੂੰ ਹੁਣ ਦਫ਼ਨ ਕਰ ਦਿੱਤਾ ਗਿਆ ਹੈ।

ਆਖਿਰ ਜੂਨ 2022 ਦੀ 12ਵੀਂ ਮੰਤਰੀ ਪੱਧਰੀ ਕਾਨਫਰੰਸ ਵਿਚ ਕੋਵਿਡ-19 ਲਈ ਪੰਜ ਸਾਲਾਂ ਵਾਸਤੇ ਪੇਟੈਂਟ ਛੋਟ ਦੇ ਦਿੱਤੀ ਗਈ। ਦਵਾਈਆਂ ਅਤੇ ਜਾਂਚ ਬਾਰੇ ਵਾਰਤਾਵਾਂ ਛੋਟ ਦੇ ਦਾਇਰੇ ਹੇਠ ਕੀਤੀਆਂ ਜਾਣਗੀਆਂ ਜਿਸ ਤੋਂ ਇਹ ਯਕੀਨੀ ਹੋ ਗਿਆ ਕਿ ਇਸ ਬਾਰੇ ਛੇਤੀ ਕੀਤਿਆਂ ਫ਼ੈਸਲਾ ਨਹੀਂ ਹੋ ਸਕੇਗਾ। ਸੰਕੇਤ ਹਨ ਕਿ ਮੇਜ਼ਬਾਨ ਯੂਏਈ ਅਤੇ ਭਾਰਤ ਵਿਚਕਾਰ ਗਹਿਰੇ ਹੋ ਰਹੇ ਦੁਵੱਲੇ ਸਬੰਧਾਂ ਦੇ ਮੱਦੇਨਜ਼ਰ ਭਾਰਤ ਅਬੂ ਧਾਬੀ ਵਿਚ ਹੋਣ ਵਾਲੀ ਕਾਨਫਰੰਸ ਵਿਚ ਆਪਣੀ ਗੱਲ ਬਹੁਤ ਜ਼ੋਰ ਨਾਲ ਨਹੀਂ ਰੱਖ ਸਕੇਗਾ। ਵਧਦੀ ਸਾਂਝ ਦੇ ਮੱਦੇਨਜ਼ਰ ਭਾਰਤ ਵਿਸ਼ਵ ਵਪਾਰ ਸੰਸਥਾ ਦੀ ਕਾਨਫਰੰਸ ਵਿਚ ਅੜੀਅਲ ਰਵੱਈਆ ਅਪਣਾਉਣਾ ਨਹੀਂ ਚਾਹੇਗਾ। ਫਿਰ ਵੀ ਭਾਰਤ ਨੂੰ ਕੁਝ ਅਹਿਮ ਮੁੱਦੇ ਰੱਖਣੇ ਪੈਣਗੇ ਜਿਨ੍ਹਾਂ 'ਚੋਂ ਸਭ ਤੋਂ ਪ੍ਰਮੁੱਖ ਹੈ ਖ਼ੁਰਾਕ ਸੁਰੱਖਿਆ ਲਈ ਅਨਾਜ ਖਰੀਦ ਕੇ ਜਨਤਕ ਭੰਡਾਰ ਭਰਨ ਲਈ ਲਈ ਛੋਟ ਵਾਸਤੇ 'ਪੀਸ ਕਲਾਜ਼'। 2013 ਵਿਚ ਲੰਮੀ ਗੱਲਬਾਤ ਤੋਂ ਬਾਅਦ ਇਹ ਮੱਦ ਤੈਅ ਪਾਈ ਗਈ ਸੀ ਅਤੇ ਇਸ ਤਹਿਤ ਭਾਰਤੀ ਕਿਸਾਨਾਂ ਦੀ ਮਦਦ ਲਈ ਸਰਕਾਰੀ ਖਰੀਦ ਰਾਹੀਂ ਜਨਤਕ ਭੰਡਾਰਨ ਲਈ ਸਬਸਿਡੀ ਦੇਣ ਦੀ ਆਗਿਆ ਦਿੱਤੀ ਗਈ ਸੀ। ਬਾਲੀ ਵਿਚ ਹੋਣ ਵਾਲੀ ਮੰਤਰੀ ਪੱਧਰੀ ਕਾਨਫਰੰਸ ਵਿਚ ਇਹ ਸਫਲਤਾਪੂਰਬਕ ਤਰਕ ਦਿੱਤਾ ਗਿਆ ਸੀ ਕਿ ਅਨਾਜ ਦੇ ਜਨਤਕ ਭੰਡਾਰਨ ਨੇ ਕਰੀਬ 80 ਕਰੋੜ ਲੋਕਾਂ ਲਈ ਖ਼ੁਰਾਕ ਸੁਰੱਖਿਆ ਯਕੀਨੀ ਬਣਾਈ ਹੈ।

ਪੀਸ ਕਲਾਜ਼ ਵਿਚ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਦੇਸ਼ ਨੂੰ ਆਪਣੇ ਲੋਕਾਂ ਦੀ ਖ਼ੁਰਾਕ ਸੁਰੱਖਿਆ ਦੇ ਪ੍ਰੋਗਰਾਮ ਤੋਂ ਕਾਨੂੰਨਨ ਵਰਜਿਤ ਨਹੀਂ ਕੀਤਾ ਜਾਵੇਗਾ, ਭਾਵੇਂ ਇਸ ਨਾਲ ਖੇਤੀਬਾੜੀ ਬਾਰੇ ਵਿਸ਼ਵ ਵਪਾਰ ਸੰਸਥਾ ਦੇ ਸਮਝੌਤੇ ਤਹਿਤ ਸਬਸਿਡੀ ਦੇਣ 'ਤੇ ਲਾਈਆਂ ਰੋਕਾਂ ਦੀ ਉਲੰਘਣਾ ਹੁੰਦੀ ਹੋਵੇ। ਭਾਰਤ ਚਾਹੁੰਦਾ ਸੀ ਕਿ ਇਸ ਮੱਦ ਨੂੰ ਸਥਾਈ ਬਣਾ ਦਿੱਤਾ ਜਾਵੇ ਕਿਉਂਕਿ ਇਸ ਵਿਚ ਕਰੋੜਾਂ ਕਿਸਾਨਾਂ ਦੀ ਰੋਜ਼ੀ ਰੋਟੀ ਵੀ ਜੁੜੀ ਹੋਈ ਹੈ ਪਰ ਹਾਲੇ ਤੱਕ ਇਸ ਵਿਚ ਇਕ ਕਾਨਫਰੰਸ ਤੋਂ ਦੂਜੀ ਕਾਨਫਰੰਸ ਤੱਕ ਹੀ ਵਾਧਾ ਕੀਤਾ ਜਾ ਰਿਹਾ ਹੈ। ਦੂਜੇ ਪਾਸੇ, ਵਿਕਸਤ ਮੁਲਕਾਂ ਨੇ ਆਪਣੇ ਦੇਸ਼ਾਂ ਵਿਚ ਦਿੱਤੀਆਂ ਜਾਂਦੀਆਂ ਖ਼ੁਰਾਕ ਸਬਸਿਡੀਆਂ ਬਰਕਰਾਰ ਰੱਖਣ 'ਤੇ ਕਰੜਾ ਰੁਖ਼ ਅਪਣਾਇਆ ਹੋਇਆ ਹੈ।

ਇਸ ਮੁੱਦੇ 'ਤੇ ਅਜਿਹੇ ਸਮੇਂ ਚਰਚਾ ਕੀਤੀ ਜਾਵੇਗੀ ਜਦੋਂ ਭਾਰਤ ਵਿਚ ਅਨਾਜ ਦੀ ਸਰਕਾਰੀ ਖਰੀਦ ਸੰਵੇਦਨਸ਼ੀਲ ਮੁੱਦਾ ਹੈ। ਅੰਦੋਲਨ ਕਰ ਰਹੇ ਕਿਸਾਨ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਮੰਗ ਰਹੇ ਹਨ; ਵਿਸ਼ਵ ਵਪਾਰ ਸੰਸਥਾ ਐੱਮਐੱਸਪੀ ਨੂੰ ਬਹੁਤ ਵੱਡੀ ਸਬਸਿਡੀ ਤਸਲੀਮ ਕਰ ਰਹੀ ਹੈ। ਪੀਸ ਕਲਾਜ਼ ਨਾਲ ਇੰਨਾ ਕੁ ਤੈਅ ਹੋ ਗਿਆ ਹੈ ਕਿ ਦੂਜੇ ਮੁਲਕਾਂ ਵਲੋਂ ਇਸ ਨੂੰ ਵਿਵਾਦ ਦੇ ਰੂਪ ਵਿਚ ਨਹੀਂ ਉਠਾਇਆ ਜਾਵੇਗਾ ਪਰ ਜਦੋਂ ਤੱਕ ਇਹ ਸਥਾਈ ਵਿਵਸਥਾ ਨਹੀਂ ਬਣਦੀ ਤਾਂ ਸਰਕਾਰ ਦੇ ਸਿਰ 'ਤੇ ਇਸ ਦੀ ਤਲਵਾਰ ਲਟਕਦੀ ਰਹੇਗੀ।

ਭਾਰਤ ਦੇ ਏਜੰਡੇ 'ਤੇ ਦੂਜੀ ਵੱਡੀ ਆਈਟਮ ਇਹ ਯਕੀਨੀ ਬਣਾਉਣਾ ਹੈ ਕਿ ਗ਼ੈਰ-ਵਪਾਰਕ ਮੁੱਦੇ ਵਾਰਤਾ ਵਿਚ ਨਾ ਲਿਆਂਦੇ ਜਾਣ। ਇਹ ਜਿ ?ਆਦਾਤਰ ਕਿਰਤ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਹਨ; ਇਨ੍ਹਾਂ ਤੋਂ ਇਲਾਵਾ ਲਿੰਗ ਸਨਮਾਨ ਅਤੇ ਛੋਟੀ ਸਨਅਤ ਦੇ ਸਰੋਕਾਰਾਂ ਨਾਲ ਜੁੜੇ ਮੁੱਦੇ ਵੀ ਹਨ। ਪਾਏਦਾਰ ਵਿਕਾਸ ਦੀ ਆੜ ਹੇਠ ਵਪਾਰਕ ਰੋਕਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਂਦਾ ਜਾਂਦਾ ਹੈ ਤਾਂ ਕਿ ਵਿਕਾਸਸ਼ੀਲ ਮੁਲਕਾਂ ਦੀ ਮੁਕਾਬਲੇਬਾਜ਼ੀ ਨੂੰ ਦਬਾਇਆ ਜਾ ਸਕੇ। ਯੂਰੋਪੀਅਨ ਸੰਘ ਨੇ ਜੰਗਲਾਂ ਦੀ ਕਟਾਈ ਦੀ ਰੋਕਥਾਮ ਤੋਂ ਇਲਾਵਾ ਕਾਰਬਨ ਬਾਰਡਰ ਐਡਜਸਟਮੈਂਟ ਮਕੈਨਿਜ਼ਮ ਕਾਨੂੰਨ ਬਣਾਇਆ ਹੈ। ਇਨ੍ਹਾਂ ਦੋਵਾਂ ਕਾਨੂੰਨਾਂ ਦਾ ਯੂਰੋਪੀਅਨ ਸੰਘ ਵਿਚ ਭਾਰਤ ਦੀਆਂ ਬਰਾਮਦਾਂ 'ਤੇ ਅਸਰ ਪੈ ਸਕਦਾ ਹੈ। ਸਟੀਲ ਅਤੇ ਐਲੂਮੀਨੀਅਮ ਜਿਹੇ ਕਾਰਬਨ ਗੈਸਾਂ ਦੀ ਨਿਕਾਸੀ ਵਾਲੇ ਖੇਤਰਾਂ ਉਪਰ ਕਾਰਬਨ ਟੈਕਸ ਲਾਉਣ ਦਾ ਪ੍ਰਬੰਧ ਹੈ ਅਤੇ ਕਈ ਤਰ੍ਹਾਂ ਦੇ ਉਤਪਾਦ ਇਸ ਦੀ ਜ਼ੱਦ ਹੇਠ ਆ ਜਾਣਗੇ।

ਵਣਜ ਮੰਤਰਾਲੇ ਦਾ ਸੰਕੇਤ ਹੈ ਕਿ ਉਹ ਗ਼ੈਰ-ਵਪਾਰਕ ਰੋਕਾਂ ਬਾਬਤ ਯੂਰੋਪੀਅਨ ਸੰਘ ਨਾਲ ਵਿਚਾਰ ਕਰੇਗੀ ਜਦਕਿ ਇਸ ਨੂੰ ਸੰਸਥਾ ਵਿਚ ਇਹ ਰੋਕਾਂ ਲਿਆਉਣ ਦਾ ਵਿਰੋਧ ਕਰ ਕੇ ਵਿਕਾਸਸ਼ੀਲ ਮੁਲਕਾਂ ਨੂੰ ਰਾਹ ਦਿਖਾਉਣ ਦੀ ਲੋੜ ਹੈ। ਗ਼ੈਰ-ਵਪਾਰਕ ਮੁੱਦੇ ਬਹੁ-ਧਿਰੀ ਮੰਚਾਂ 'ਤੇ ਲਿਆਉਣ ਖਿਲਾਫ਼ ਲੜਾਈ ਕਈ ਸਾਲਾਂ ਤੋਂ ਚੱਲ ਰਹੀ ਹੈ। ਵਿਕਸਤ ਮੁਲਕਾਂ ਨੇ ਵਪਾਰ ਸੰਸਥਾ ਬਣਨ ਤੋਂ ਤੁਰੰਤ ਬਾਅਦ ਹੀ ਕਿਰਤ ਮਿਆਰਾਂ ਨੂੰ ਵਪਾਰਕ ਵਾਰਤਾਵਾਂ ਵਿਚ ਉਠਾਉਣ ਦੀ ਚਾਰਾਜੋਈ ਸ਼ੁਰੂ ਕਰ ਦਿੱਤੀ ਸੀ ਤਾਂ ਕਿ ਵਿਕਾਸਸ਼ੀਲ ਮੁਲਕਾਂ ਲਈ ਗ਼ੈਰ-ਵਪਾਰਕ ਰੋਕਾਂ ਖੜ੍ਹੀਆਂ ਕੀਤੀਆਂ ਜਾ ਸਕਣ। ਕੁਝ ਸਾਲਾਂ ਤੋਂ ਇਨ੍ਹਾਂ ਗ਼ੈਰ-ਵਪਾਰਕ ਵਾਰਤਾਵਾਂ ਦੇ ਦਾਇਰੇ ਵਿਚ ਲਿੰਗ ਅਤੇ ਵਾਤਾਵਰਨ ਨਾਲ ਜੁੜੇ ਮੁੱਦੇ ਵੀ ਆ ਗਏ ਹਨ।

ਇਹ ਸਿਲਸਿਲਾ ਲਗਾਤਾਰ ਜਾਰੀ ਹੈ, ਹੁਣ ਔਰਤਾਂ ਦੇ ਅਧਿਕਾਰਾਂ ਦਾ ਮੁੱਦਾ ਵੀ ਇਸ ਵਿਚ ਲਿਆਂਦਾ ਜਾ ਰਿਹਾ ਹੈ। ਭਾਰਤ ਨੂੰ ਹੋਰ ਵਿਕਾਸਸ਼ੀਲ ਮੁਲਕਾਂ ਨਾਲ ਮਿਲ ਕੇ ਅਜਿਹੇ ਮੁੱਦਿਆਂ ਨੂੰ ਬਹੁ-ਧਿਰੀ ਵਪਾਰਕ ਵਾਰਤਾਵਾਂ ਵਿਚ ਸ਼ਾਮਲ ਕਰਨ ਦਾ ਵਿਰੋਧ ਕਰਨਾ ਚਾਹੀਦਾ ਹੈ।

ਭਾਰਤ ਦੇ ਸਰੋਕਾਰ ਦਾ ਤੀਜਾ ਮੁੱਦਾ ਇਲੈਕਟ੍ਰੌਨਿਕ ਟ੍ਰਾਂਸਮਿਸ਼ਨਾਂ ਉਪਰ ਦਰਾਮਦੀ ਮਹਿਸੂਲ 'ਤੇ ਲਾਈ ਰੋਕ ਨਾਲ ਜੁੜਿ ?ਆ ਹੈ। ਇਹ ਦੋਰਪਾ ਨੀਤੀ ਹੈ ਪਰ ਹੁਣ ਰਿਪੋਰਟਾਂ ਮਿਲੀਆਂ ਹਨ ਕਿ ਭਾਰਤ ਇਸ ਰੋਕ ਨੂੰ ਵਾਪਸ ਲੈਣ ਦੇ ਹੱਕ ਵਿਚ ਹੈ ਤਾਂ ਕਿ ਦਰਾਮਦੀ ਮਾਲੀਆ ਵਧਾਇਆ ਜਾ ਸਕੇ। ਜੇ ਰੋਕ ਹਟਾ ਲਈ ਜਾਂਦੀ ਹੈ ਤਾਂ ਦੇਸ਼ ਦੀਆਂ ਇਲੈਕਟ੍ਰੌਨਿਕਸ ਬਰਾਮਦਾਂ ਵਿਚ ਵਾਧਾ ਹੋਣ ਦੇ ਮੱਦੇਨਜ਼ਰ ਹੋਰਨਾਂ ਦੇਸ਼ਾਂ ਦਾ ਟੈਰਿਫ ਪ੍ਰਭਾਵਿਤ ਹੋ ਸਕਦਾ ਹੈ ਜਿਸ ਕਰ ਕੇ ਇਸ ਰਣਨੀਤੀ ਉਪਰ ਮੁੜ ਝਾਤ ਮਾਰਨ ਦੀ ਲੋੜ ਹੈ।

ਵਿਸ਼ਵ ਵਪਾਰ ਸੰਸਥਾ ਦੀ 13ਵੀਂ ਮੰਤਰੀ ਪੱਧਰੀ ਕਾਨਫਰੰਸ ਅਹਿਮ ਸਾਬਿਤ ਹੋ ਸਕਦੀ ਹੈ ਬਸ਼ਰਤੇ ਭਾਰਤ ਆਪਣੇ ਏਜੰਡੇ ਦੀਆਂ ਤਜਵੀਜ਼ਾਂ ਲਾਗੂ ਕਰਵਾਉਣ ਦੇ ਯੋਗ ਹੋ ਸਕੇ। ਬਹੁਤਾ ਕੁਝ ਸੰਸਥਾ ਦੀ ਸਿਹਤ 'ਤੇ ਨਿਰਭਰ ਕਰੇਗਾ ਜੋ ਹੁਣ ਆਪਣੀ ਚਮਕ ਦਮਕ ਗੁਆ ਚੁੱਕੀ ਹੈ ਅਤੇ ਬਹੁਤ ਸਾਰੇ ਦੇਸ਼ ਖੇਤਰੀ ਵਪਾਰਕ ਸਮਝੌਤਿਆਂ ਦੇ ਰਾਹ ਪੈ ਰਹੇ ਹਨ। ਵਿਵਾਦ ਨਿਬੇੜੂ ਪ੍ਰਬੰਧ ਸੁਰਜੀਤ ਕਰਨ ਲਈ ਇਸ ਨੂੰ ਹੋਰ ਜਿ ?ਆਦਾ ਇਮਦਾਦ ਦਰਕਾਰ ਹੈ। ਇਸ ਦੇ ਨਾਲ ਹੀ ਇਸ ਨੂੰ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਉਭਰਦੇ ਅਰਥਚਾਰਿਆਂ ਦੇ ਸਰੋਕਾਰਾਂ ਨੂੰ ਤਰਜੀਹ ਦੇਣ ਲਈ ਸੁਧਾਰ ਕੀਤੇ ਜਾਣ। ਭਾਰਤ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ ਪਰ ਇਸ ਲਈ ਰਾਜਸੀ ਇੱਛਾ ਸ਼ਕਤੀ ਅਤੇ ਵਪਾਰ ਕੂਟਨੀਤੀ ਦਾ ਅਸਰ ਰਸੂਖ ਦੀ ਜ਼ਰੂਰਤ ਹੈ।




# ਐਸ ਆਰ ਐਮ ਕੌਨਵੈਂਟ ਸਕੂਲ ਪੋਹੀੜ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰਿਤ ਕਰਨ ਲਈ ਮੈਰਾਥਨ ਦੌੜ ਆਯੋਜਿਤ

**ਅਹਿਮਦਗੜ੍ਹ, 24 ਫਰਵਰੀ**
**-ਇਮਰਾਨ ਖਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਐਸ ਆਰ ਐਮ ਕੌਨਵੈਂਟ ਸਕੂਲ ਪੋਹੀੜ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਲਈ ਮੈਰਾਥਨ ਦੌੜ ਦਾ ਆਯੋਜਨ ਕੀਤਾ ਗਿਆ। ਇਸ ਮੈਰਾਥਨ ਦੌੜ ਨੂੰ ਚੇਅਰਮੈਨ ਸ੍ਰੀ ਜਵਾਹਰ ਮਿੱਤਲ ਦੀ ਧਰਮ ਪਤਨੀ ਮੈਡਮ ਅਮਿਤਾ ਗੁਪਤਾ ਨੇ ਝੰਡੀ ਦੇ ਕੇ ਰਵਾਨਾ ਕੀਤਾ।ਮੈਡਮ ਅਮਿਤਾ ਗੁਪਤਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਦੇਸ਼ ਲਈ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ।ਨੌਜਵਾਨ ਜੋ ਕਿ ਕਿਸੇ ਦੇਸ਼ ਦੀ ਤਰੱਕੀ ਲਈ ਰੀੜ੍ਹ ਦੀ ਹੱਡੀ ਹਨ, ਉਹ ਹੀ ਸਭ ਤੋਂ ਵੱਧ ਇਸ ਨਸ਼ੇ ਦੀ ਦਲਦਲ ਵਿੱਚ ਧਸਦੇ ਜਾ ਰਹੇ ਹਨ ਜੋ ਕਿ ਆਪਣੇ ਸਾਰਿਆਂ ਲਈ ਇੱਕ ਗੰਭੀਰ ਸਮੱਸਿਆ ਹੈ।ਘਰਾਂ ਦੇ ਘਰ ਬਰਬਾਦੀ ਦੀ ਕਗਾਰ ਤੇ ਪੁੱਜਦੇ ਜਾ ਰਹੇ ਹਨ।ਪੁਲਿਸ, ਸਮਾਜ ਅਤੇ ਵਿਦਿਅਕ ਸੰਸਥਾਵਾਂ ਦਾ ਵੀ ਇਹ ਕਰਤਵ ਹੈ ਕਿ ਉਹ ਇਸ ਕੋਹੜ ਨੂੰ ਖਤਮ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਸੋ ਸਾਡੇ ਵੱਲੋਂ ਵੀ ਇੱਕ ਅਜਿਹਾ ਹੀ ਉਪਰਾਲਾ ਕੀਤਾ ਗਿਆ ਹੈ। ਐਸ ਆਰ ਐਮ ਸਕੂਲ ਤੋਂ ਸ਼ੁਰੂ ਹੋ ਕੇ ਅਹਿਮਦਗੜ੍ਹ ਸ਼ਹਿਰ ਵਿੱਚੋਂ ਦੀ ਹੁੰਦੀ ਹੋਈ ਇਹ ਮੈਰਾਥਨ ਦੌੜ ਭਗਤ ਸਿੰਘ ਚੌਂਕ ਵਿੱਚ ਜਾ ਕੇ ਸਮ ਸਮਾਪਤ ਹੋਈ। ਪ੍ਰਿੰਸੀਪਲ ਮੈਡਮ ਡਾਕਟਰ ਸ਼ੀਨਮ ਸੈਮੂਅਲ ਨੇ ਹੋਏ ਕਿਹਾ ਨਸ਼ਾ ਇਕ ਸਮਾਜਿਕ ਬੁਰਾਈ ਹੈ ਜਿਸ ਦੇ ਪ੍ਰਤੀ ਜਾਗਰੂਕ ਹੋਣਾ ਬਹੁਤ ਜਰੂਰੀ ਹੈ ਸੋ ਸਾਡੇ ਸਕੂਲ਼ ਵੱਲੋ ਇਹ ਜਾਗਰੂਕਤਾ ਲਈ ਮੈਰਾਥਨ ਦੌੜ ਦਾ ਅਜੋਜਨ ਕੀਤਾ ਗਿਆ ਹੈ ਤੇ ਸਾਰੇ ਮਾਤਾ ਪਿਤਾ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਬੱਚਿਆਂ ਦੀ ਮੋਨੀਟਰਿੰਗ ਕਰਨ ਤੇ ਬੱਚਿਆਂ ਦੀ ਹਰ ਐਕਟੀਵਿਟੀ ਤੇ ਨਜਰ ਰੱਖਣ ਵੀ ਰੱਖਣ।




# ਭੋਜਨ ਸੁਰੱਖਿਆ ਲਈ ਗਲੋਬਲ ਮਾਪਦੰਡ ਸਥਾਪਿਤ ਕਰਨਾ- ਦੁਨੀਆ ਨੂੰ ਅੱਗੇ ਵਧਣ ਦਾ ਰਸਤਾ ਦਿਖਾਇਆ

**ਸ਼੍ਰੀ ਸੁਨੀਲ ਡਿਸੂਜਾ**
**ਮੈਨੇਜਿੰਗ ਡਾਇਰੈਕਟਰ ਅਤੇ ਸੀਈਓ**
**ਟਾਟਾ ਕੰਜਿਊਮਰ ਪ੍ਰੋਡਕਟਸ**

ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿੱਚ, ਭਾਰਤ ਦਾ ਖੁਰਾਕ ਅਤੇ ਖੇਤੀਬਾੜੀ ਖੇਤਰ ਇਸ ਤਰ੍ਹਾਂ ਨਾਲ ਫਲਿਆ-ਫੁਲਿਆ ਹੈ ਕਿ ਇਸ ਨੂੰ ਸ਼ਾਨਦਾਰ ਉਪਲਬਧੀ ਤੋਂ ਘੱਟ ਕੁਝ ਵੀ ਨਹੀਂ ਕਿਹਾ ਜਾ ਸਕਦਾ। ਖੇਤੀਬਾੜੀ ਅਤੇ ਡੇਅਰੀ ਉਤਪਾਦਨ ਤੋ ਲੈ ਕੇ ਫੂਡ ਪ੍ਰੋਸੈੱਸਿੰਗ ਉਦਯੋਗ ਤੱਕ ਦੇ ਅੰਕੜੇ ਵਿਕਾਸ ਦੀ ਇਸ ਗਾਥਾ ਦਾ ਵੇਰਵਾ ਦਿੰਦੇ ਹਨ।

ਦੇਸ਼ ਵਿੱਚ 2022-23 ਦੌਰਾਨ ਕੁੱਲ ਅਨਾਜ ਉਤਪਾਦਨ ਰਿਕਾਰਡ 3296.87 ਲੱਖ ਟਨ ਹੋਣ ਦਾ ਅਨੁਮਾਨ ਹੈ- ਜੋ ਪਿਛਲੇ ਪੰਜ ਵਰ੍ਹਿਆਂ (2017-18 ਤੋਂ 2021-22) ਦੇ ਔਸਤ ਖੁਰਾਕ ਉਤਪਾਦਨ ਦੀ ਤੁਲਨਾ ਵਿੱਚ 308.69 ਲੱਖ ਟਨ ਅਧਿਕ ਹੈ। 2021-22 ਦੇ ਦੌਰਾਨ, ਭਾਰਤ ਨੇ 107.24 ਮਿਲੀਅਨ ਟਨ ਫਲਾਂ ਅਤੇ 204.84 ਮਿਲੀਅਨ ਟਨ ਸਬਜ਼ੀਆਂ ਦਾ ਉਤਪਾਦਨ ਕੀਤਾ ਸੀ।ਭਾਰਤ ਦੁੱਧ ਉਤਪਾਦਨ ਵਿੱਚ ਪਹਿਲੇ ਸਥਾਨ 'ਤੇ ਹੈ ਅਤੇ ਗਲੋਬਲ ਦੁੱਧ ਉਤਪਾਦਨ ਵਿੱਚ 24.64 ਪ੍ਰਤੀਸ਼ਤ ਦਾ ਯੋਗਦਾਨ ਦਿੰਦਾ ਹੈ। ਦੁੱਧ ਉਤਪਾਦਨ 2014-15 ਦੇ 146.31 ਮਿਲੀਅਨ ਟਨ ਤੋਂ ਵਧ ਕੇ 2022-23 ਵਿੱਚ 230.58 ਮਿਲੀਅਨ ਟਨ ਹੋ ਗਿਆ ਹੈ। ਅਤੇ 5.85 ਪ੍ਰਤੀਸ਼ਤ ਦੇ ਮਿਸ਼ਰਤ ਸਲਾਨਾ ਵਾਧਾ ਦਰ (ਸੀਏਜੀਆਰ) ਨਾਲ ਵਧ ਰਿਹਾ ਹੈ।

ਫੂਡ ਪ੍ਰੋਸੈੱਸਿੰਗ ਖੇਤਰ ਦਾ ਗ੍ਰੌਸ ਵੈਲਿਊ ਐਡੀਸ਼ਨ (ਜੀਵੀਏ) 2014-15 ਦੇ 1.34 ਲੱਖ ਕਰੋੜ ਰੁਪਏ ਤੋਂ ਵਧ ਕੇ 2021-22 ਵਿੱਚ 2.08 ਲੱਖ ਕਰੋੜ ਰੁਪਏ ਹੋ ਗਿਆ ਹੈ। ਇਸ ਖੇਤਰ ਨੇ ਅਪ੍ਰੈਲ 2014-ਮਾਰਚ 2023 ਦੌਰਾਨ 6.185 ਬਿਲੀਅਨ ਡਾਲਰ ਦਾ ਐੱਫਡੀਆਈ ਇਕੁਇਟੀ ਪ੍ਰਵਾਹ ਆਕਰਸ਼ਿਤ ਕੀਤਾ ਹੈ। ਖੇਤੀਬਾੜੀ ਨਿਰਯਾਤ ਵਿੱਚ ਪ੍ਰੋਸੈਸਡ ਭੋਜਨ ਨਿਰਯਾਤ ਦੀ ਹਿੱਸੇਦਾਰੀ 2014-15 ਦੇ 13.7 ਪ੍ਰਤੀਸ਼ਤ ਤੋਂ ਵਧ ਕੇ 2022-23 ਵਿੱਚ 25.6 ਪ੍ਰਤੀਸ਼ਤ ਹੋ ਗਈ ਹੈ। ਕੁੱਲ ਰਜਿਸਟਰਡ/ਸੰਗਠਿਤ ਖੇਤਰ ਵਿੱਚ 12.22 ਪ੍ਰਤੀਸ਼ਤ ਰੋਜ਼ਗਾਰ ਦੇ ਨਾਲ, ਫੂਡ ਪ੍ਰੋਸੈੱਸਿੰਗ ਖੇਤਰ ਸੰਗਠਿਤ ਨਿਰਮਾਣ ਖੇਤਰ ਦੇ ਸਭ ਤੋਂ ਵੱਡੇ ਰੋਜ਼ਗਾਰ ਪ੍ਰਦਾਤਾਵਾਂ ਵਿੱਚੋਂ ਇੱਕ ਹੈ।

ਇਸ ਮਜ਼ਬੂਤ ਫੂਡ ਐਂਡ ਐਗਰੀਕਲਚਰ ਈਕੋਸਿਸਟਮ ਨੂੰ ਦੇਖਦੇ ਹੋਏ, ਕੋਈ ਵੀ ਵਿਅਕਤੀ ਭਾਰਤੀ ਖੁਰਾਕ ਸੁਰੱਖਿਆ ਅਤੇ ਮਾਪਦੰਡ ਅਥਾਰਿਟੀ (ਐੱਫਐੱਸਐੱਸਏਆਈ) ਦੁਆਰਾ ਮਜ਼ਬੂਤ ਰੈਗੂਲੇਟਰੀ ਸਿਸਟਮ ਦੀ ਸਥਾਪਨਾ ਕਰਨ ਦੇ ਮਹੱਤਵ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਹੈ। ਇਹ ਰੈਗੂਲੇਟਰੀ ਵਿਵਸਥਾ ਨਾ ਕੇਵਲ ਦੇਸ਼ ਭਰ ਵਿੱਚ ਸੁਰੱਖਿਆ ਅਤੇ ਗੁਣਵੱਤਾ ਸੁਨਿਸ਼ਚਿਤ ਕਰਕੇ ਉਪਭੋਗਤਾ ਦੀ ਸਿਹਤ ਦੀ ਰੱਖਿਆ ਕਰਦੀ ਹੈ। ਬਲਕਿ ਖੁਰਾਕ ਉਦਯੋਗ ਵਿੱਚ ਵਿਕਾਸ ਅਤੇ ਇਨੋਵੇਸ਼ਨ ਨੂੰ ਵੀ ਹੁਲਾਰਾ ਦਿੰਦੀ ਹੈ।

ਨਿਯਮਾਂ ਅਤੇ ਮਾਪਦੰਡਾਂ ਅਤੇ ਸਖਤ ਲਾਗੂਕਰਣ ਵਿਵਸਥਾ ਦੇ ਰਾਹੀਂ ਖੁਰਾਕ ਸੁਰੱਖਿਆ ਸੁਨਿਸ਼ਚਿਤ ਕਰਨ 'ਤੇ ਐੱਫਐੱਸਐੱਸਏਆਈ ਦੇ ਵਿਸ਼ੇਸ਼ ਧਿਆਨ ਨੇ ਉਪਭੋਗਤਾਵਾਂ ਦੇ ਦਰਮਿਆਨ ਵਿਸ਼ਵਾਸ ਪੈਦਾ ਕੀਤਾ ਹੈ ਅਤੇ ਇਸ ਨਾਲ ਸਾਡੇ ਖੁਰਾਕ ਉਤਪਾਦਾਂ 'ਤੇ ਵਿਸ਼ਵਾਸ ਵੀ ਵਧਿਆ ਹੈ।

ਪ੍ਰਾਇਮਰੀ ਟੈਸਟਿੰਗ ਪ੍ਰਯੋਗਸ਼ਾਲਾਵਾਂ ਅਤੇ ਰੈਫਰਲ ਪ੍ਰਯੋਗਸ਼ਾਲਾਵਾਂ ਦੀ ਸੰਖਿਆ 2014 ਦੇ 12 ਤੋਂ 2023 ਵਿੱਚ 22) ਵਧਾ ਕੇ ਫੂਡ ਟੈਸਟਿੰਗ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰਨ ਦੇ ਫੂਡ ਅਥਾਰਿਟੀ ਦੇ ਪ੍ਰਯਾਸ, ਖੁਰਾਕ ਉਤਪਾਦਾਂ ਦੀ ਗੁਣਵੱਤਾ ਅਤੇ ਸੁਰੱਖਿਆ ਸੁਨਿਸ਼ਚਿਤ ਕਰਨ ਦੇ ਪ੍ਰਤੀ ਇਸ ਦੀ ਪ੍ਰਤੀਬੱਧਤਾ ਨੂੰ ਰੇਖਾਂਕਿਤ ਕਰਦੇ ਹਨ। ਵਿਸ਼ੇਸ਼ ਲਾਗੂਕਰਨ ਅਭਿਯਾਨ ਅਤੇ ਨਿਗਰਾਨੀ ਅਭਿਯਾਨ, ਮਿਲਾਵਟ, ਫੂਡ ਸਪਲਾਈ ਚੇਨ ਵਿੱਚ ਉਪਭੋਗਤਾ ਵਿਸ਼ਵਾਸ ਨੂੰ ਬਣਾਏ ਰੱਖਣ ਜਿਹੇ ਮੁੱਦਿਆਂ ਦਾ ਸਮਾਧਾਨ ਕਰਦੇ ਹਨ।

ਦੇਸ਼ ਦੇ ਖੁਰਾਕ ਖੇਤਰ ਵਿੱਚ ਵਿਕਾਸ ਦੇ ਨਾਲ ਤਾਲਮੇਲ ਦੇ ਰੂਪ ਵਿੱਚ, ਫੂਡ ਅਥਾਰਿਟੀ ਵਿੱਚ ਵਿਗਿਆਨਿਕ ਪੈਨਲਾਂ ਦੀ ਸੰਖਿਆ 2013 ਦੀ 9 ਤੋਂ ਵਧ ਕੇ ਵਰਤਮਾਨ ਵਿੱਚ 21 ਹੋ ਗਈ ਹੈ, ਜਿਨ੍ਹਾਂ ਵਿੱਚ ਅਨਾਜ, ਦੁੱਧ ਅਤੇ ਦੁੱਧ ਉਤਪਾਦ, ਫੱਲ, ਸਬਜੀਆਂ ਅਤੇ ਮਸਾਲੇ, ਤੇਲ ਅਤੇ ਵਸਾ, ਜਲ, ਮੱਛੀ ਅਤੇ ਮੱਛੀ ਪਾਲਣ, ਮਾਂਸ ਅਤੇ ਮਾਂਸ ਉਤਪਾਦ, ਮਿਠਾਈਆਂ, ਜੈਨੇਟਿਕ ਤੌਰ 'ਤੇ ਸੰਸ਼ੋਧਿਤ ਜੀਵਅਤੇ ਭੋਜਨ, ਖੁਰਾਕ ਐਡੇਟਿਵ ਆਦਿ ਖੁਰਾਕ ਪਦਾਰਥਾਂ ਦੇ ਲਈ ਮਾਪਦੰਡਾਂ ਦੀ ਪੂਰੀ ਲੜੀ ਸ਼ਾਮਲ ਹੈ। ਅਥਾਰਿਟੀ ਨੇ ਖੁਰਾਕ ਸੁਰੱਖਿਆ ਅਤੇ ਪੋਸ਼ਣ ਦੇ ਖੇਤਰ ਵਿੱਚ ਕੰਮ ਕਰ ਰਹੇ ਆਈਸੀਐੱਮਆਰ, ਸੀਐੱਸਆਈਆਰ, ਆਈਸੀਏਆਰ, ਨਿਫਟਮ, ਆਈਆਈਟੀ ਜਿਹੇ ਵੱਖ-ਵੱਖ ਵਿਗਿਆਨਿਕ ਸੰਗਠਨਾਂ ਦੇ 200 ਤੋਂ ਅਧਿਕ ਵਿਗਿਆਨਿਕ ਮਾਹਿਰਾਂ ਨੂੰ ਸੂਚੀਬੱਧ ਕੀਤਾ ਹੈ।

ਐੱਫਐੱਸਐੱਸਏਆਈ ਨੇ 700 ਤੋਂ ਅਧਿਕ ਖੁਰਾਕ ਮਾਪਦੰਡ ਵਿਕਸਿਤ ਕੀਤੇ ਹਨ ਅਤੇ ਇਨ੍ਹਾਂ ਦੀ ਸਮੀਖਿਆ ਖੁਰਾਕ ਵਿਗਿਆਨ ਵਿੱਚ ਨਵੀਨਤਮ ਵਿਕਾਸ, ਖੁਰਾਕ ਉਪਭੋਗ ਫਾਰਮੈਟ, ਨਵੇਂ ਉਤਪਾਦਾਂ ਅਤੇ ਸੰਯੋਜਕਾਂ, ਪ੍ਰੋਸੈੱਸਿੰਗ ਟੈਕਨੋਲੋਜੀ ਅਤੇ ਖੁਰਾਕ ਵਿਸ਼ਲੇਸ਼ਣਾਤਮਕ ਤਰੀਕਿਆਂ ਵਿੱਚ ਪ੍ਰਗਤੀ ਅਤੇ ਖੁਰਾਕ ਉਤਪਾਦਾਂ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਦੇ ਦਰਮਿਆਨ ਪਾੜੇ ਨੂੰ ਪੂਰਾ ਕਰਨ ਦੀ ਦ੍ਰਿਸ਼ਟੀ ਨਾਲ ਵੀ ਕੀਤੀ ਜਾਂਦੀ ਹੈ।

ਪਿਛਲੇ ਦਹਾਕੇ ਵਿੱਚ, ਦੇਸ਼ ਦੇ ਟੌਪ ਫੂਡ ਰੈਗੂਲੇਟਰ ਨੇ ਆਪਣੇ ਦ੍ਰਿਸ਼ਟੀਕੋਣ, ਕੰਮ ਕਰਨ ਦੇ ਤਰੀਕੇ ਅਤੇ ਰੈਗੂਲੇਟਰੀ ਨਿਰਧਾਰਣ ਅਤੇ ਲਾਗੂਕਰਣ ਵਿੱਚ ਮਹੱਤਵਪੂਰਨ ਬਦਲਾਅ ਕੀਤੇ ਹਨ, ਜਿਸ ਨਾਲ ਪ੍ਰਮੁੱਖ ਹਿਤਧਾਰਕਾਂ ਦੇ ਦਰਮਿਆਨ ਪ੍ਰਦਰਸ਼ਨ ਅਤੇ ਧਾਰਨਾ ਦੋਹਾਂ ਦਾ ਸਮਾਧਾਨ ਹੋਇਆ ਹੈ।

ਇਸ ਨਾਲ ਇੱਕ 'ਮਿਆਰ ਨਿਰਧਾਰਕ' ਦੇ ਰੂਪ ਵਿੱਚ ਆਪਣੀ ਭੂਮਿਕਾ ਵਿੱਚ ਇੱਕ ਸਪਸ਼ਟ ਬਦਲਾਅ ਕੀਤਾ ਹੈ, ਜਿਸ ਨਾਲ ਇੱਕ ਸਕਾਰਾਤਮਕ, ਸਹਿਯੋਗਾਤਮਕ ਅਤੇ ਸਮਾਵੇਸ਼ੀ ਵਾਤਾਵਰਣ ਬਣਾਉਣ ਵਿੱਚ ਮਦਦ ਮਿਲੀ ਹੈ। ਇਹ ਵਪਾਰ ਕਰਨ ਵਿੱਚ ਅਸਾਨੀ ਦੀ ਸੁਵਿਧਾ ਪ੍ਰਦਾਨ ਕਰਨ ਦੇ ਨਾਲ ਖੁਰਾਕ ਖੇਤਰ ਦੀ ਅਸਲ ਸਮਰੱਥਾ ਦਾ ਲਾਭ ਉਠਾਉਣ ਦੇ ਅਨੁਕੂਲ ਹੈ।

ਐੱਫਐੱਫਐੱਸਏਆਈ ਨੇ ਇੰਡੀਅਨ ਫੂਡ ਲੈਬੋਰੇਟਰੀ ਨੈੱਟਵਰਕ, ਫੂਡ ਸੇਫਟੀ ਕੰਪਲਾਇੰਸ ਸਿਸਟਮ ਅਤੇ ਫੂਡ ਇੰਪੋਰਟ ਕਲੀਅਰੈਂਸ ਸਿਸਟਮ ਜਿਹੇ ਡਿਜੀਟਲ ਪਲੇਟਫਾਰਮ ਵਿਕਸਿਤ ਕੀਤੇ ਹਨ, ਜਿਸ ਨੇ ਨਿਯਮਾਂ ਨੂੰ ਸੁਚਾਰੂ ਬਣਾਉਣ, ਲਾਇਸੈਂਸ ਪ੍ਰਕਿਰਿਆ ਨੂੰ ਸਰਲ ਬਣਾਉਣ, ਸਮਰੱਥਾ ਨਿਰਮਾਣ ਕਰਨ ਅਤੇ ਹਿਤਧਾਰਕਾਂ ਨੂੰ ਜੋੜਨ ਦੇ ਜ਼ਰੀਏ ਫੂਡ ਬਿਜ਼ਨਸ ਈਕੋਸਿਸਟਮ ਦੇ ਸੁਧਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਹਿਤਧਾਰਕਾਂ ਦੀਆਂ ਵਧਦੀਆਂ ਜ਼ਰੂਰਤਾਂ ਅਤੇ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਐੱਫਐੱਸਐੱਸਏਆਈ ਨੇ ਉਪਯੋਗਕਰਤਾ ਅਨੁਭਵ ਨੂੰ ਵਧਾਉਣ ਦੇ ਵਿਭਿੰਨ ਉਪਾਅ ਕੀਤੇ ਹਨ, ਜਿਵੇਂ ਲਾਇਸੈਂਸ/ਰਜਿਸਟ੍ਰੇਸ਼ਨ ਫੀਸ ਲਈ ਡਿਜੀਟਲ ਭੁਗਤਾਨ ਗੇਟਵੇ, ਦਸਤਾਵੇਜ਼ਾਂ ਨੂੰ ਜਮ੍ਹਾਂ ਕਰਨ ਅਤੇ ਰਜਿਸਟਰਡ ਈ-ਮੇਲ 'ਤੇ ਸਿੱਧੇ ਕਿਊਆਰ- ਦੇ ਨਾਲ ਲਾਇਸੈਂਸ/ਰਜਿਸਟ੍ਰੇਸ਼ਨ ਦੀ ਕਾਪੀ ਭੇਜਣਾ ਆਦਿ। 2023 ਤੋਂ ਫੂਡ ਬਿਜ਼ਨਸਾਂ ਨੂੰ ਅਧਿਕਾਰੀਆਂ ਦੀ ਕਿਸੇ ਦਖਲਅੰਦਾਜ਼ੀ ਜਾਂ ਮਨਜ਼ੂਰੀ ਦੀ ਜ਼ਰੂਰਤ ਦੇ ਬਿਨਾ ਆਪਣੇ ਲਾਇਸੈਂਸ ਨੂੰ ਤੁਰੰਤ ਰਿਨਿਊ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਜੇਕਰ ਫੂਡ ਮੈਨੂਫੈਕਚਰਰ ਹੁਣ ਆਪਣੇ ਲਾਇਸੈਂਸ ਵਿੱਚ ਹੋਰ ਗ਼ੈਰ-ਉੱਚ-ਜੋਖਮ ਵਾਲੇ ਭੋਜਨ ਉਤਪਾਦਾਂ ਨੂੰ ਸ਼ਾਮਲ ਕਰਨਾ ਚਾਹੁੰਦੇ ਹਨ, ਤਾਂ ਉਹ ਤੁਰੰਤ ਆਪਣੇ ਲਾਇਸੈਂਸ ਵਿੱਚ ਸੋਧ ਕਰ ਸਕਦੇ ਹਨ।

ਦੇਸ਼ ਵਿੱਚ ਫੂਡ ਬਿਜ਼ਨਸਾਂ ਦੇ ਸੰਦਰਭ ਵਿੱਚ, ਸਰਗਰਮ ਲਾਇਸੈਂਸ ਦੀ ਸੰਖਿਆ ਵਿੱਤੀ ਵਰ੍ਹੇ 2015 ਦੇ 5.7 ਲੱਖ ਤੋਂ ਵਧ ਕੇ ਵਿੱਤੀ ਵਰ੍ਹੇ 2023 ਵਿੱਚ 10.1 ਲੱਖ ਹੋ ਗਈ ਹੈ। ਇਹ ਵਾਧਾ ਇਨ੍ਹਾਂ ਪ੍ਰਯਾਸਾਂ ਦੇ ਨਤੀਜਿਆਂ ਨੂੰ ਰੇਖਾਂਕਿਤ ਕਰਦਾ ਹੈ। ਇਸ ਦੇ ਇਲਾਵਾ, ਸਰਗਰਮ ਰਜਿਸਟਰਡ ਫੂਡ ਬਿਜ਼ਨਸਾਂ (ਵਿਕ੍ਰੇਤਾਵਾਂ) ਦੀ ਸੰਖਿਆ ਇਸ ਮਿਆਦ ਦੇ ਦੌਰਾਨ 23.8 ਲੱਖ ਤੋਂ ਵਧ ਕੇ 42.7 ਲੱਖ ਹੋ ਗਈ ਹੈ। ਇਨ੍ਹਾਂ ਪਹਿਲਾਂ ਦਾ ਬਿਜ਼ਨਸ ਕਰਨ ਵਿੱਚ ਅਸਾਨੀ 'ਤੇ ਮਹਤਵਪੂਰਨ ਪ੍ਰਭਾਵ ਪਿਆ ਹੈ, ਜਿਸ ਦੇ ਨਤੀਜੇ ਵਜੋਂ ਉਦਮਸ਼ੀਲਤਾ ਵਿੱਚ ਵਾਧਾ ਹੋਇਆ ਹੈ ਅਤੇ ਭਾਰਤੀ ਅਰਥਵਿਵਸਥਾ ਦੇ ਵਿਕਾਸ ਵਿੱਚ ਵੀ ਯੋਗਦਾਨ ਵਧਿਆ ਹੈ।

ਅੰਤਰਰਾਸ਼ਟਰੀ ਪੋਸ਼ਕ ਅਨਾਜ ਵਰ੍ਹੇ 2023 ਦੇ ਦੌਰਾਨ, ਐੱਫਐੱਸਐੱਸਏਆਈ ਨੇ ਮੋਟੇ ਅਨਾਜਾਂ (ਮਿਲਟਸ) ਨੂੰ ਹੁਲਾਰਾ ਦੇਣ ਅਤੇ ਨਿਯਮਿਤ ਭੋਜਨ ਵਿੱਚ ਇਸ ਨੂੰ ਸ਼ਾਮਲ ਕਰਨ ਦੇ ਨਿਰੰਤਰ ਪ੍ਰਯਾਸ ਕੀਤੇ ਹਨ। ਇਨ੍ਹਾਂ ਪ੍ਰਯਾਸਾਂ ਤੋਂ ਪੈਦਾ ਹੋਈ ਜਾਗਰੂਕਤਾ ਕਾਰਨ ਮੋਟੇ ਅਨਾਜ (ਮਿਲਟਸ) ਅਧਾਰਿਤ ਫੂਡ ਪ੍ਰੋਡਕਟਸ ਦੀ ਮੰਗ ਵਿੱਚ ਵਾਧਾ ਹੋਇਆ ਹੈ, ਜੋ ਨਾ ਕੇਵਲ ਨਾਗਰਿਕਾਂ ਦੀ ਸਮੁੱਚੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਰਹੀ ਹੈ, ਬਲਕਿ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧੇ ਦੇ ਨਾਲ ਦੇਸ਼ ਦੀ ਪੋਸ਼ਣ ਸੁਰੱਖਿਆ ਵੀ ਸੁਨਿਸ਼ਚਿਤ ਕਰ ਰਹੀ ਹੈ।

ਇਸ ਤੋਂ ਇਲਾਵਾ, ਐੱਫਐੱਸਐੱਸਏਆਈ ਨੇ 15 ਪ੍ਰਕਾਰ ਦੇ ਮੋਟੇ ਅਨਾਜਾਂ 'ਤੇ ਸਮੂਹ ਮਿਆਰ ਵਿਕਸਿਤ ਕੀਤੇ ਹਨ, ਜੋ 8 ਗੁਣਵੱਤਾ ਮਿਆਰ ਨਿਰਧਾਰਿਤ ਕਰਦੇ ਹਨ। 188 ਮੈਂਬਰ ਦੇਸ਼ਾਂ ਨਾਲ ਸੰਯੁਕਤ ਰਾਸ਼ਟਰ ਦੇ ਡਬਲਿਊਐੱਚਓ ਅਤੇ ਐੱਫਏਓ ਦੁਆਰਾ ਬਣਾਈ ਗਈ ਇੱਕ ਅੰਤਰਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਗੁਣਵੱਤਾ ਮਿਆਰ -ਸੈਟਿੰਗ ਬਾਡੀ, ਕੋਡੈਕਸ ਐਲਿਮੈਂਟੇਰਿਯਸ ਕਮੀਸ਼ਨ (ਸੀਏਸੀ) ਨੇ ਮੋਟੇ ਅਨਾਜਾਂ 'ਤੇ ਭਾਰਤ ਦੇ ਮਿਆਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਮੋਟੇ ਅਨਾਜਾਂ ਲਈ ਆਲਮੀ ਮਿਆਰਾਂ ਦੇ ਵਿਕਾਸ ਨਾਲ ਜੁੜੇ ਇਸ ਦੇ ਪ੍ਰਸਤਾਵ ਨੂੰ ਨਵੰਬਰ 2023 ਵਿੱਚ ਰੋਮ, ਇਟਲੀ ਵਿੱਚ ਆਯੋਜਿਤ 46ਵੇਂ ਸੈਸ਼ਨ ਵਿੱਚ ਸਵੀਕਾਰ ਕਰ ਲਿਆ। ਇਹ ਆਲਮੀ ਮਿਆਰਾਂ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਅਧਾਰ ਦੇ ਰੂਪ ਵਿੱਚ ਕੰਮ ਕਰਦਾ ਹੈ।

ਐੱਫਐੱਸਐੱਸਏਆਈ ਨੇ ਆਯੁਰਵੇਦ ਆਹਾਰ, ਜੈਵਿਕ ਭਾਰਤ (ਆਰਗੈਨਿਕ ਫੂਡ ਪ੍ਰੋਡਕਟਸ) ਅਤੇ ਵਿਸ਼ਿਸ਼ਟ ਸ਼ਾਕਾਹਾਰੀ ਭੋਜਨ ਜਿਹੇ ਖੇਤਰਾਂ ਦੀ ਇੱਕ ਵਿਸਤ੍ਰਿਤ ਸ਼੍ਰੇਣੀ ਲਈ ਨੋਟੀਫਿਕੇਸ਼ਨਾਂ ਦੀ ਇੱਕ ਲੜੀ ਜਾਰੀ ਕਰਨ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਹੈ, ਜੋ ਉੱਭਰਦੀ ਉਪਭੋਗਤਾ ਪ੍ਰਾਥਮਿਕਤਾਵਾਂ ਦੇ ਪ੍ਰਤੀ ਇਸ ਦੀ ਪ੍ਰਤੀਬੱਧਤਾ ਨੂੰ ਰੇਖਾਂਕਿਤ ਕਰਦੇ ਹਨ। ਜਾਗਰੂਕਤਾ ਪੈਦਾ ਕਰਨ ਦੇ ਇਲਾਵਾ, ਐੱਫਐੱਸਐੱਸਏਆਈ ਨੇ ਵਿਸ਼ੇਸ਼ ਪੋਸ਼ਕ ਤੱਤਾਂ ਵਾਲੇ ਭੋਜਨ ਲਈ +6 ਵੀ ਲਾਂਚ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਉਦਯੋਗ ਸਵੈ-ਇੱਛਾ ਨਾਲ ਕਣਕ ਅਤੇ ਦੁੱਧ ਜਿਹੇ ਖੁਰਾਕੀ ਪਦਾਰਥਾਂ ਨੂੰ ਵਿਸ਼ੇਸ਼ ਪੋਸ਼ਕ ਤੱਤਾਂ ਤੋਂ ਯੁਕਤ ਕਰਨਾ ਸ਼ੁਰੂ ਕਰ ਦਿੱਤਾ ਹੈ।

# ਸਿੰਗਲਯੂਜ ਪਲਾਸਟਿਕ ਮੁਕਤ ਮਨਾਇਆ ਜਾਵੇਗਾ ਹੋਲਾ ਮਹੱਲਾ, ਸ਼ਰਧਾਲੂਆਂ ਦੀ ਸਹੂਲਤ ਤੇ ਸੁਰੱਖਿਆ ਲਈ ਕੀਤੇ ਜਾਣਗੇ ਪੁਖਤਾ ਪ੍ਰਬੰਧ : ਡਾ.ਪ੍ਰੀਤੀ ਯਾਦਵ

## ਹੋਲਾ ਮਹੱਲਾ ਦੌਰਾਨ ਸੀ.ਸੀ.ਟੀ.ਵੀ ਕੈਮਰੇ ਰੱਖਣਗੇ ਸਮੁੱਚੇ ਮੇਲਾ ਖੇਤਰ ਤੇ ਨਜ਼ਰ, ਗੈਰ ਸਮਾਜੀ ਅਨਸਰਾਂ ਵਿਰੁੱਧ ਹੋਵੇਗੀ ਕਾਰਵਾਈ : ਗੁਲਨੀਤ ਖੁਰਾਨਾ

**ਸ੍ਰੀ ਅਨੰਦਪੁਰ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾ 2024 ਇਸ ਵਾਰ ਸਿੰਗਲਯੂਜ ਪਲਾਸਟਿਕ ਮੁਕਤ ਮਨਾਇਆ ਜਾਵੇਗਾ, ਸ਼ਰਧਾਲੂਆਂ ਦੀ ਸਹੂਲਤ ਅਤੇ ਸੁਰੱਖਿਆਂ ਲਈ ਢੁਕਵੇ ਪ੍ਰਬ ੍ਿਧ ਕੀਤੇ ਜਾਣਗੇ, ਇਸ ਦੀਆਂ ਅਗਾਓ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਆਈ.ਏ.ਐਸ ਨੇ ਅੱਜ ਸਥਾਨਕ ਕਿਸਾਨ ਹਵੇਲੀ ਵਿੱਚ ਹੋਲਾ ਮਹੱਲਾ 2024 ਲਈ ਕੀਤੇ ਜਾਣ ਵਾਲੇ ਅਗਾਓ ਪ੍ਰਬੰਧਾਂ ਬਾਰੇ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗ ਕਰਨ ਮੌਕੇ ਕੀਤਾ। ਉਨ੍ਹਾਂ ਦੇ ਨਾਲ ਸੀਨੀਅਰ ਪੁਲਿਸ ਕਪਤਾਨ ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ, ਵਧੀਕ ਡਿਪਟੀ ਕਮਿਸ਼ਨਰ (ਜ) ਪੂਜਾ ਸਿਆਲ ਗਰੇਵਾਲ, ਮੇਲਾ ਅਫਸਰ ਹਰਜੋਤ ਕੌਰ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ, ਅਨਮਜੋਤ ਕੌਰ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਨੰਗਲ, ਸੁਖਪਾਲ ਸਿੰਘ ਪੀ.ਸੀ.ਐਸ ਉਪ ਮੰਡਲ ਮੈਜਿਸਟ੍ਰੇਟ ਮੋਰਿੰਡਾ, ਰਾਜਪਾਲ ਸਿੰਘ ਹੁੰਦਲ ਐਸ.ਪੀ ਹੈਡ ਕੁਆਰਟਰ, ਅਜੇ ਸਿੰਘ ਡੀ.ਐਸ.ਪੀ ਵੀ ਮੋਜੂਦ ਸਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੋਲਾ ਮਹੱਲਾ 21 ਤੋ 23 ਮਾਰਚ ਤੱਕ ਕੀਰਤਪੁਰ ਸਾਹਿਬ ਵਿੱਚ ਅਤੇ 24 ਤੋ 26 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨਾਇਆ ਜਾਵੇਗਾ। ਮੇਲਾ ਅਫਸਰ ਹਰਜੋਤ ਕੌਰ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਹੋਣਗੇ। ਮੇਲੇ ਦੌਰਾਨ ਸੜਕਾਂ ਦੀ ਮੁਰੰਮਤ, ਸਟਰੀਟ ਲਾਈਟਾਂ ਨੂੰ 100 ਪ੍ਰਤੀਸ਼ਤ ਕਾਰਜਸ਼ੀਲ ਕਰਨਾ, ਸਫਾਈ, ਪਖਾਨੇ, ਪੀਣ ਵਾਲਾ ਪਾਣੀ, ਸਿਹਤ ਸਹੂਲਤਾਂ, ਪਸ਼ੂ ਡਿਸਪੈਂਸਰੀਆਂ, ਟ੍ਰੈਫਿਕ ਮੈਨੇਜਮੈਂਟ, ਨਿਰਵਿਘਨ ਆਵਾਜਾਈ ਦੇ ਢੁਕਵੇ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਨੇ ਅਧਿਕਾਰੀਆ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਵਿਭਾਗਾ ਨਾਲ ਸਬੰਧਿਤ ਕੰਮਾ ਨੂੰ ਸਮਾ ਰਹਿੰਦੇ ਮੁਕੰਮਲ ਕਰ ਲੈਣ ਤਾ ਜੋ ਮੇਲੇ ਦੌਰਾਨ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਾਹਨਾ ਦੀ ਪਾਰਕਿੰਗ ਅਤੇ ਪਾਰਕਿੰਗ ਵਾਲੇ ਸਥਾਨ ਤੇ ਰੋਸ਼ਨੀ, ਪਖਾਨੇ ਅਤੇ ਸ਼ਰਧਾਲੂਆ ਲਈ ਪਾਰਕਿੰਗ ਸਥਾਨਾ ਤੋ ਗੁਰੂਧਾਮਾਂ ਦੇ ਦਰਸ਼ਨਾ ਤੱਕ ਟ੍ਰੈਫਿਕ ਵਿਵਸਥਾ ਪ੍ਰਸਾਸ਼ਨ ਵੱਲੋਂ ਕੀਤੀ ਜਾਵੇਗੀ, ਮੁਫਤ ਸਟਲ ਬੱਸ ਸਰਵਿਸ, ਬਦਲਵੇ ਰੂਟ ਪ੍ਰਬੰਧ ਕੀਤੇ ਜਾਣਗੇ, ਇਸ ਦੇ ਲਈ ਵਿਆਪਕ ਯੋਜਨਾ ਉਲੀਕੀ ਗਈ ਹੈ।

ਉਨ੍ਹਾ ਨੇ ਕਿਹਾ ਕਿ ਵਿਰਾਸਤ ਏ ਖਾਲਸਾ ਵਿਚ ਵੀ ਵਿਸੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਮੇਲਾ ਖੇਤਰ ਨੂੰ ਸੈਕਟਰਾ ਵਿੱਚ ਵੰਡ ਕੇ ਸਿਵਲ ਅਤੇ ਪੁਲਿਸ ਪ੍ਰਸਾਸ਼ਨ ਦੇ ਅਧਿਕਾਰੀ ਤੈਨਾਤ ਹੋਣਗੇ, ਸਾਝਾ ਕੰਟਰੋਲ ਰੂਮ ਪੁਲਿਸ ਥਾਨਾ ਸ੍ਰੀ ਅਨੰਦਪੁਰ ਸਾਹਿਬ ਵਿਚ 24/7 ਕਾਰਜਸ਼ੀਲ ਰਹੇਗਾ, ਸ਼ਰਧਾਲੂਆਂ ਨੂੰ ਜਾਣਕਾਰੀ ਦੇਣ ਲਈ ਵਿਸੇਸ਼ ਹੈਲਪ ਡੈਸਕ ਸਥਾਪਿਤ ਹੋਣਗੇ।

ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਆਈ.ਪੀ.ਐਸ ਨੇ ਦੱਸਿਆ ਕਿ ਮੇਲਾ ਖੇਤਰ ਨੂੰ ਸੀ.ਸੀ.ਟੀ.ਵੀ ਕੈਮਰੇ ਲਗਾ ਕੇ ਹਰ ਖੇਤਰ ਦੀ ਨਿਗਰਾਨੀ ਕਰਨ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਗੈਰ ਸਮਾਜੀ ਅਨਸਰਾਂ ਨੂੰ ਮੇਲਾ ਖੇਤਰ ਵਿੱਚ ਦਾਖਲ ਹੋਣ ਤੋਂ ਰੋਕਣ ਅਤੇ ਸ਼ਰਧਾਲੂਆਂ ਦੀ ਸੁਰੱਖਿਆਂ ਲਈ ਲੋੜੀਦੀ ਸੁਰੱਖਿਆਂ ਫੋਰਸ ਤੈਨਾਤ ਕੀਤੀ ਜਾਵੇਗੀ, ਪੁਲਿਸ ਵਿਭਾਗ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਸ਼ਰਧਾਲੂਆਂ ਨੂੰ ਲੋੜੀਦੀ ਸਹਾਇਤਾ ਅਤੇ ਜਾਣਕਾਰੀ ਵੀ ਉਪਲੱਬਧ ਕਰਵਾਈ ਜਾਵੇਗੀ। ਹੋਲਾ ਮਹੱਲਾ ਪੂਰੇ ਅਮਨ ਅਮਾਨ ਨਾਲ ਮੁਕੰਮਲ ਹੋਵੇਗਾ, ਇਸ ਲਈ ਗੁਰੂ ਸਾਹਿਬ ਦਾ ਆਸ਼ੀਰਵਾਦ ਲੈ ਕੇ ਮੇਲਾ ਪ੍ਰਬੰਧ ਸੁਰੂ ਕੀਤੇ ਗਏ ਹਨ।

ਇਸ ਮੌਕੇ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਮਰਿੰਦਰਪਾਲ ਸਿੰਘ, ਰਾਜੇਸ਼ ਸ਼ਰਮਾ ਐਸ.ਡੀ.ਓ ਵਿਰਾਸਤ ਏ ਖਾਲਸਾ, ਸਤੀਸ਼ ਕੁਮਾਰ ਡੀ.ਐਸ.ਪੀ ਨੰਗਲ, ਅਵਤਾਰ ਸਿੰਘ ਕਾਰਜਕਾਰੀ ਇੰਜੀਨਿਅਰ,ਦਵਿੰਦਰ ਕੁਮਾਰ ਕਾਰਜਕਾਰੀ ਇੰਜੀਨਿਅਰ, ਹਰਸ਼ਾਤ ਕੁਮਾਰ ਕਾਰਜਕਾਰੀ ਇੰ.ਮਾਈਨਿੰਗ,ਹਰਜੀਤਪਾਲ ਸਿੰਘ ਕਾਰਜਕਾਰੀ ਇੰਜਨਿਅਰ, ਵਿਵੇਕ ਦੁਰੇਜਾ ਐਸ.ਡੀ.ਓ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਸ੍ਰੀ ਅਨੰਦਪੁਰ ਸਾਹਿਬ, ਰਵਨੀਤ ਸਿੰਘ ਕਾਰਜ ਸਾਧਕ ਅਫਸਰ ਨੰਗਲ, ਐਸ.ਐਸ.ਓ ਹਿੰਮਤ ਸਿੰਘ ਤੇ ਹਰਕੀਰਤ ਸਿੰਘ ਹਾਜ਼ਰ ਸਨ।

# ਸਕਾਊਟ ਗਾਈਡ, ਰੈੱਡ ਕਰਾਸ ਬਚਪਨ ਜਵਾਨੀ ਨੂੰ ਮਾਨਵਤਾਵਾਦੀ ਸਿਧਾਂਤਾਂ ਨਾਲ ਜੋੜਦੇ : ਰਾਵਿੰਦਰ ਕੋਰ ਸਿੱਧੂ



**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆ ਦੇ ਵਿਦਿਆਰਥੀਆਂ ਨੂੰ ਪਰਮਾਤਮਾ ਕੁਦਰਤ ਮਾਨਵਤਾ ਅਤੇ ਆਪਣੇ ਆਪ ਨਾਲ ਜੋੜਨ ਵਾਲੇ ਅਤੇ ਵਿਪਤਾ ਆਫਤਾਵਾਂ ਸਮੇਂ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ ਮਦਦਗਾਰ ਸਕਾਊਟ ਗਾਈਡਜ਼ ਰੈੱਡ ਕਰਾਸ ਫ਼ਸਟ ਏਡਰ ਤਿਆਰ ਕਰਨ ਲਈ ਸੇਵਾ ਮੁਕਤ ਲੈਫਟੀਨੈਂਟ ਜਨਰਲ ਬੈਡਨ ਪਾਵਲ ਜੀ ਦੇ ਜਨਮ ਦਿਹਾੜੇ ਮੌਕੇ ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸ਼ੇਸ਼ ਪਰੋਗਰਾਮ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਵਲੋਂ ਕਰਵਾਏ ਗਏ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਨੇ ਕਿਹਾ ਕਿ ਬਚਪਨ ਨੂੰ ਆਦਰਸ਼ਵਾਦੀ ਗਤੀਵਿਧੀਆਂ ਬਾਰੇ ਜਾਣਕਾਰੀ ਦੇਕੇ ਬੱਚਿਆਂ ਵਿੱਚ ਪ੍ਰਮਾਤਮਾ ਕੁਦਰਤ ਇਨਸਾਨੀਅਤ ਵਾਤਾਵਰਨ ਅਤੇ ਪਸ਼ੂ ਪੰਛੀਆਂ ਦੇ ਮਿੱਤਰ ਬਣਾਇਆ ਜਾ ਸਕਦਾ ਹੈ। ਇਸ ਮੌਕੇ ਪੰਜਾਬ ਸਕਾਊਟ ਗਾਈਡਜ਼ ਦੇ ਸਾਬਕਾ ਟਰੇਨਿੰਗ ਕਮਿਸ਼ਨਰ ਅਤੇ ਰੈੱਡ ਕਰਾਸ ਦੇ ਸੀਨੀਅਰ ਲੈਕਚਰਾਰ ਸ੍ਰੀਮਤੀ ਰਾਵਿੰਦਰ ਕੋਰ ਸਿੱਧੂ, ਨੂੰ ਸਕੂਲ ਦੇ ਸਕਾਊਟ ਗਾਈਡਜ਼ ਨੇ ਗਾਰਡ ਆਫ ਆਨਰ ਪੇਸ਼ ਕੀਤਾ। ਉਨ੍ਹਾਂ ਨੇ ਸ੍ਰ ਬੈਡਨ ਪਾਵਲ, ਸਰ ਜੀਨ ਹੈਨਰੀ ਡਿਉਨਾ, ਫਲੋਰੈਂਸ ਲਾਇਟਿੰਗੈਲ ਅਤੇ ਭਾਈ ਘਨ੍ਹਈਆ ਜੀ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰਣ ਪ੍ਰਤਿਗਿਆ ਅਤੇ ਫਰਜ਼ਾਂ ਮਰਿਆਦਾਵਾਂ ਸਹਿਣਸ਼ੀਲਤਾ ਨਿਮਰਤਾ ਪ੍ਰੇਮ ਹਮਦਰਦੀ ਸਬਰ ਸੰਤੋਖ ਸਬੰਧੀ ਵਿਚਾਰ ਸਾਂਝੇ ਕੀਤੇ। ਰਾਵਿੰਦਰ ਕੋਰ ਸਿੱਧੂ ਨੇ ਕਿਹਾ ਕਿ ਹਰੇਕ ਸਕੂਲ ਅਤੇ ਕਾਲਜ ਵਲੋਂ ਆਪਣੇ ਵਿਦਿਆਰਥੀਆਂ ਨੂੰ ਨਸ਼ਿਆਂ ਅਪਰਾਧਾਂ ਹਾਦਸਿਆਂ ਅਤੇ ਤਣਾਓ ਬਿਮਾਰੀਆਂ ਤੋਂ ਬਚਾਉਣ ਲਈ ਸਕਾਊਟ ਗਾਈਡਜ਼ ਰੈੱਡ ਕਰਾਸ ਫ਼ਸਟ ਏਡ ਸੀ ਪੀ ਆਰ ਜ਼ਖਮੀਆਂ ਦੀ ਸੇਵਾ ਸੰਭਾਲ ਗਤੀਵਿਧੀਆਂ ਜ਼ਰੂਰ ਚਲਾਉਣੀਆਂ ਚਾਹੀਦੀਆਂ ਹਨ। ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸ੍ਰੀ ਉਪਕਾਰ ਸਿੰਘ ਨੇ ਸਕੂਲ ਦੇ ਪ੍ਰਿੰਸੀਪਲ ਦੀ ਪ੍ਰਸ਼ੰਸਾ ਅਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਅਗਲੇ ਸੈਸ਼ਨ ਤੋਂ ਅਸੀਂ ਪਟਿਆਲਾ ਵਿਖੇ 100000 ਵਿਦਿਆਰਥੀਆਂ ਨੂੰ ਪੀੜਤਾਂ ਦੇ ਮਦਦਗਾਰ ਫਰਿਸਤੇ ਬਣਾਉਣ ਲਈ ਯਤਨ ਸ਼ੁਰੂ ਕਰ ਰਹੇ ਹਾਂ ਜਿਸ ਹਿੱਤ ਪੰਜਾਬ ਰੈੱਡ ਕਰਾਸ ਦੇ ਸੇਵਾ ਮੁਕਤ ਟਰੇਨਿੰਗ ਅਫ਼ਸਰ ਸ੍ਰੀ ਕਾਕਾ ਰਾਮ ਵਰਮਾ ਜੀ ਦੀ ਅਗਵਾਈ ਹੇਠ ਮਿਸ਼ਨ ਸਿਹਤਮੰਦ ਤਦਰੁੰਸਤ ਸੁਰੱਖਿਆ ਖੁਸ਼ਹਾਲ ਪੰਜਾਬ ਸ਼ੁਰੂ ਕਰ ਰਹੇ ਹਾਂ। ਸ੍ਰੀ ਕਾਕਾ ਰਾਮ ਵਰਮਾ ਨੇ ਕਿਹਾ ਕਿ ਜ਼ਿੰਦਗੀ ਵਿਚ ਧੰਨ ਦੌਲਤ ਸ਼ੋਹਰਤ ਕਮਾਉਣ ਵਾਲੇ ਨਹੀਂ ਸਗੋਂ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਵਾਤਾਵਰਨ ਕੁਦਰਤ ਅਤੇ ਮਾਨਵਤਾ ਦੀ ਭਲਾਈ ਸੁਰੱਖਿਆ ਬਚਾਉ ਮਦਦ ਸਨਮਾਨ ਉੱਨਤੀ ਖੁਸ਼ਹਾਲੀ ਲਈ ਵੱਧ ਤੋਂ ਵੱਧ ਯਤਨ ਕਰਦੇ ਜਾਓ ਕਿਉਂਕਿ ਪਰਮੇਸ਼ੁਰ ਇਸੇ ਮਿਸ਼ਨ ਤਹਿਤ ਸਾਨੂੰ ਸ਼ਕਤੀਆਂ ਤਾਕਤ ਤਦੰਰੁਸਤੀ ਗੁਣ ਗਿਆਨ ਹੌਸਲੇ ਹਿੰਮਤ ਦਿੰਦਾ ਹੈ। ਗਤੀਵਿਧੀਆਂ ਵਿੱਚ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਣ ਕਰਵਾਇਆ ਕਿ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਵਾਤਾਵਰਨ ਨੂੰ ਸ਼ੁੱਧ ਸੁਰੱਖਿਅਤ ਸੁੰਦਰ ਸੋਹਣੇ ਸਵੱਛ ਭਾਈਚਾਰੇ ਨਾਲ ਜੋੜਣ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

# ਭਗਵੰਤ ਮਾਨ ਸਰਕਾਰ ਨੇ ਲੋਕ ਪੱਖੀ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਲੋੜਵੰਦ ਤੱਕ ਪਹੁੰਚਾਇਆ : ਹਰਜੋਤ ਬੈਂਸ

**➢ ਸਿੱਖਿਆ ਮੰਤਰੀ ਨੇ ਅਗੰਮਪੁਰ ਸਰਕਾਰੀ ਹਾਈ ਸਕੂਲ ਲਈ 40 ਲੱਖ, ਪ੍ਰਾਇਮਰੀ ਸਕੂਲ ਲਈ 10 ਲੱਖ, ਕਬੱਡੀ ਗਰਾਊਡ ਲਈ 7 ਲੱਖ ਦੀ ਗ੍ਰਾਂਟ ਕੀਤੀ ਜਾਰੀ ➢ ਅੰਬੇਡਕਰ ਭਵਨ, ਕਮਿਊਨਿਟੀ ਸੈਂਟਰ, ਸੇਵਾ ਕੇਂਦਰ ਵਰਗੀਆਂ ਸਹੂਲਤਾਂ ਜਲਦੀ ਉਪਲੱਬਧ ਕਰਵਾਉਣ ਦਾ ਕੀਤਾ ਵਾਅਦਾ**

**ਸ੍ਰੀ ਅਨੰਦਪੁਰ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਸ਼ਹਿਰਾ/ਪਿੰਡਾਂ ਵਿੱਚ ਨਿਰੰਤਰ ਲੱਗ ਰਹੇ ਸੇਵਾ ਕੈਂਪਾਂ ਵਿੱਚ ਸ਼ਿਰਕਤ ਕਰਨ ਮੌਕੇ ਹਰ ਪਿੰਡ ਦੇ ਸਕੂਲ, ਗਲੀਆਂ, ਨਾਲੀਆਂ, ਸਟਰੀਟ ਲਾਈਟ ਤੇ ਵਿਕਾਸ ਕਾਰਜਾਂ ਲਈ ਵੱਡੇ ਗੱਫੇ ਵੰਡਣ ਦੇ ਨਾਲ ਨਾਲ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਹੱਲ ਕਰਨ ਲਈ ਮੁਹਿੰਮ ਵਿੱਢੀ ਹੋਈ ਹੈ। ਉਹ ਪਿਛਲੇ 15 ਦਿਨਾਂ ਤੋਂ ਲਗਾਤਾਰ ਹਲਕੇ ਵਿਚ ਰੋਜ਼ਾਨਾ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪਾਂ ਵਿੱਚ ਪਹੁੰਚ ਕੇ ਆਮ ਲੋਕਾਂ ਨਾਲ ਵਿਚਾਰ ਵਟਾਦਰਾ ਕਰ ਰਹੇ ਹਨ ਅਤੇ ਸਰਕਾਰ ਦੀਆਂ ਲੋਕਪੱਖੀ ਭਲਾਈ ਸਕੀਮਾਂ ਦਾ ਲਾਭ ਯੋਗ ਲੋੜਵੰਦਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਹਨ। ਲਗਾਤਾਰ 130 ਸੇਵਾ ਕੈਂਪਾਂ ਦੇ ਦੌਰੇ ਦੌਰਾਨ ਇਸ ਇਲਾਕੇ ਦੇ ਲੋਕਾਂ ਵੱਲੋਂ ਕੈਬਨਿਟ ਮੰਤਰੀ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।



ਇਹ ਉਪਰਾਲਾ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਅਧੀਨ ਬਰੂਹਾਂ ਤੇ ਸਰਕਾਰੀ ਸਹੂਲਤਾਂ ਦੇਣ ਦੇ ਮੰਤਵ ਨਾਲ ਸੁਰੂ ਹੋਇਆ ਹੈ, ਜੋ ਇਸ ਇਲਾਕੇ ਵਿਚ ਬਹੁਤ ਹੀ ਅਸਰਦਾਰ ਸਿੱਧ ਹੋ ਰਿਹਾ ਹੈ।

ਅਗੰਮਪੁਰ ਵਿਖੇ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪ ਵਿੱਚ ਭਰਵੇ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਸ.ਬੈਂਸ ਨੇ ਕਿਹਾ ਕਿ ਬੀਤੇ 23 ਮਹੀਨੇ ਵਿੱਚ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਿਸਾਲੀ ਫੈਸਲੇ ਲਏ ਹਨ, ਲਗਭਗ 90 ਪ੍ਰਤੀਸ਼ਤ ਘਰਾਂ ਦੇ ਬਿਜਲੀ ਬਿੱਲ ਜੀਰੋ ਆ ਰਹੇ ਹਨ, ਸਿਹਤ ਸਹੂਲਤਾਂ ਵਿੱਚ ਹੋਏ ਸੁਧਾਰ ਬਾਰੇ ਉਨ੍ਹਾਂ ਕਿਹਾ ਕਿ ਅਲਟ੍ਰਾਸਾਊਡ ਦੀ ਸਹੂਲਤ ਸਰਕਾਰੀ ਹਸਪਤਾਲ ਦੀ ਪਰਚੀ ਤੇ ਪ੍ਰਾਈਵੇਟ ਸਕੈਨ ਸੈਂਟਰਾਂ ਤੋ ਮਿਲ ਰਹੀ ਹੈ, ਜਿਸ ਦੀ ਅਦਾਇਗੀ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ। ਹਲਕੇ ਵਿਚ ਬੀਤੇ 10 ਦਿਨਾਂ ਵਿੱਚ 300 ਅਲਟ੍ਰਾਸਾਊਡ ਇਸ ਯੋਜਨਾ ਤਹਿਤ ਹੋਏ ਹਨ, ਸਰਕਾਰੀ ਹਸਪਤਾਲਾ ਵਿਚ ਦਵਾਈਆਂ, ਟੈਸਟ ਤੇ ਇਲਾਜ ਦੀ ਸਹੂਲਤ ਹੁਣ ਮੁਫਤ ਹੋ ਗਈ ਹੈ। ਪੰਜਾਬ ਦੇ ਹੁਣ ਲਗਭਗ 20 ਹਜ਼ਾਰ ਸਰਕਾਰੀ ਸਕੂਲਾਂ ਵਿੱਚੋਂ 18 ਹਜਾਰ ਵਿਚ ਕੋਈ ਨਾ ਕੋਈ ਕੰਮ ਚੱਲ ਰਿਹਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਅਗੰਮਪੁਰ ਹਾਈ ਸਕੂਲ ਨੂੰ 40 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਨੂੰ 10 ਲੱਖ ਰੁਪਏ ਤੇ ਕਬੱਡੀ ਗਰਾਊਡ ਦੇ ਮੈਂਟਾਂ ਲਈ 7 ਲੱਖ ਰੁਪਏ ਦਿੱਤੇ ਗਏ ਹਨ। ਜਿਲ੍ਹੇ ਦਾ ਪਹਿਲਾ ਐਸਟ੍ਰੋਟਫ ਗਰਾਊਡ ਲੋਦੀਪੁਰ ਵਿਖੇ ਬਣਾਇਆ ਜਾਵੇਗਾ, ਜਿਸ ਵਿੱਚ ਸੂਟਿੰਗ ਰੇਂਜ਼ ਵੀ ਬਣੇਗੀ। ਉਨ੍ਹਾਂ ਨੇ ਕਿਹਾ ਕਿ ਯਾਤਰੀ ਸੂਚਨਾ ਕੇਂਦਰ, ਭਾਈ ਜੈਤਾ ਜੀ ਯਾਦਗਾਰ ਤੇ ਨੇਚਰ ਪਾਰਕ ਲਗਭਗ ਤਿਆਰ ਹਨ। ਜਿਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਜਲਦੀ ਲੋਕ ਅਰਪਣ ਕਰਨਗੇ। ਲੋਦੀਪੁਰ ਬਾਸ ਬਰੋਟੂ, ਅਗੰਮਪੁਰ- ਚੱਕ ਵਿਖੇ ਵੀ ਲਗਾਤਾਰ ਕੈਂਪ ਲਗਾਏ ਜਾ ਰਹੇ ਹਨ ਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਵੱਲੋਂ ਲੋਕਾਂ ਦੀਆਂ ਸਮੱਸਿਆਵਾ ਉਨ੍ਹਾਂ ਦੀਆਂ ਬਰੂਹਾਂ ਤੇ ਹੱਲ ਕੀਤੀਆ ਜਾ ਰਹੀਆਂ ਹਨ। ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਚੇਅਰਮੈਨ ਕਮਿੱਕਰ ਸਿੰਘ ਡਾਢੀ, ਜਸਵੀਰ ਸਿੰਘ ਅਰੋੜਾ ਜਿਲ੍ਹਾ ਪ੍ਰਧਾਨ ਵਪਾਰ ਮੰਡਲ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਠੇਕੇਦਾਰ ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਸ਼ੰਮੀ ਬਰਾਰੀ ਪ੍ਰਧਾਨ ਯੂਥ ਵਿੰਗ, ਜੋਗਾ ਸਿੰਘ ਸਰਪੰਚ, ਗੁਰਚਬਨ ਸਿੰਘ, ਬੱਲਮ ਸਿੰਘ, ਇੰਦਰਜੀਤ ਕੌਰ, ਤਲਵਿੰਦਰ ਸਿੰਘ, ਹਰਅਵਤਾਰ ਸਿੰਘ, ਸੁੱਚਾ ਸਿੰਘ, ਜਗਤਾਰ ਸਿੰਘ, ਹਰਜਾਪ ਸਿੰਘ, ਜੁਗਿੰਦਰ ਸਿੰਘ, ਗੁਰਮੀਤ ਸਿੰਘ, ਤੇਲੂ ਸਿੰਘ, ਹਰਮਿੰਦਰ ਸਿੰਘ, ਸੰਜੀਵਨ ਰਾਣਾ ਸਰਪੰਚ, ਜਸਵਿੰਦਰ ਸਿੰਘ ਬਾਠ, ਹੁਸਨ ਲਾਲ ਗਰਾਂ, ਰਾਮ ਮੂਰਤੀ ਪ੍ਰਾਸ਼ਰ, ਰਾਮ ਕੁਮਾਰ ਰਾਣਾ, ਤਰਲੋਕ ਸਿੰਘ, ਦਲਜੀਤ ਸਿੰਘ, ਇਕਬਾਲ ਸਿੰਘ, ਜਰਨੈਲ ਸਿੰਘ, ਨਿਤਿਨ ਸ਼ਰਮਾ ਤੇ ਸਟੇਜ ਸਕੱਤਰ ਦੀ ਭੂਮਿਕਾ ਦਿਨੇਸ਼ ਕੁਮਾਰ ਨੇ ਨਿਭਾਈ।

# ਤਾਇਕਵਾਡੋ ਖੇਡ ਨੂੰ ਕੀਤਾ ਖੇਲੋ ਇੰਡੀਆ ਵਿੱਚ ਸ਼ਾਮਿਲ : ਕੋਚ ਸਤਵਿੰਦਰ ਸਿੰਘ



ਖੇਲੋ ਇੰਡੀਆ ਤਾਇਕਵਾਡੋ ਵੂਮੈਨ ਲੀਗ ਲਈ ਸਲੈਕਟ ਹੋਈਆਂ ਖਿਡਾਰਨਾ ਸ਼ਿਵ ਕੁਮਾਰ, ਕੋਚ ਸਤਵਿੰਦਰ ਸਿੰਘ, ਨਿਖਿਲ ਹੰਸ ਅਤੇ ਹਰਮੀਤ ਸਿੰਘ ਨਾਲ ।

ਜਾਣਕਾਰੀ ਦਿੰਦਿਆਂ ਹੋਏ ਕੋਚ ਸਤਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਪੰਜਾਬ ਤਾਈਕਵਾਡੋ ਐਸੋਸੀਏਸ਼ਨ ਦੇ ਪ੍ਰਧਾਨ ਅਰਪਿਤ ਸ਼ੁਕਲਾ ਆਈ.ਪੀ.ਐਸ ਸਪੈਸ਼ਲ ਡੀ.ਜੀ.ਪੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਟੀਮ ਦੀ ਸਲੈਕਸ਼ਨ ਪੀ.ਏ.ਪੀ ਜਲੰਧਰ ਵਿਖੇ ਕੀਤੀ ਗਈ । ਜਿਸ ਵਿੱਚ ਕੋਚ ਸਤਵਿੰਦਰ ਸਿੰਘ ਪਟਿਆਲਾ ਦੀਆ 7 ਖਿਡਾਰਨਾ ਦੀ ਚੋਣ ਹੋਈ । ਇਹਨਾਂ ਵਿੱਚੋਂ ਜਸ਼ਨ ਜੌਹਲ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਕਿਜੰਲ ਨੂਰਜੋਤ ਕੌਰ, ਸੋਨਾਕਸ਼ੀ, ਖੁਸ਼ਪ੍ਰੀਤ ਕੌਰ ਨਾਮ ਸ਼ਾਮਿਲ ਹਨ ।

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਮੇ ਸਮੇਂ ਦੇ ਸੰਘਰਸ਼ ਤੋਂ ਬਾਅਦ ਤਾਇਕਵਾਡੋ ਖੇਡ ਨੂੰ ਖੇਲ ਮੰਤਰਾਲਿਆ ਭਾਰਤ ਸਰਕਾਰ ਵੱਲੋਂ ਖੇਲੋ ਇੰਡੀਆ ਵਿੱਚ ਸ਼ਾਮਿਲ ਕੀਤਾ ਗਿਆ। ਜਿਸ ਦੇ ਫੇਸ 2 ਦੇ ਮੁਕਾਬਲੇ ਖੇਲੋ ਇੰਡੀਆ ਤਾਇਕਵਾਡੋ ਵੂਮੈਨ ਲੀਗ ਕੇ . ਡੀ ਸਟੇਡੀਅਮ ਲਖਨਊ ਵਿਖੇ 22 ਤੋਂ 24 ਫਰਵਰੀ ਨੂੰ ਕਰਵਾਏ ਜਾ ਰਹੇ ਹਨ । ਜਿਸ ਵਿੱਚ ਪਟਿਆਲੇ ਦੀਆਂ 7 ਖਿਡਾਰਨਾ ਦੀ ਤਾਂਇਕਵਾਡੋ ਕੋਚ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਚੋਣ ਹੋਈ ਹੈ ।

# ਬੇਸਹਾਰਾ ਪਸ਼ੂਆਂ ਦੀ ਸਾਂਭ ਸੰਭਾਲ ਲਈ ਸਾਂਝਾ ਹੰਭਲਾ ਮਾਰਨ ਦਾ ਸੱਦਾ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਸਾਇਟੀ ਫਾਰ ਪ੍ਰੀਵੈਨਸ਼ਨ ਆਫ ਕਰੂਐਲਿਟੀ ਟੂ ਐਨੀਮਲਜ਼ ਦੀ ਮੀਟਿੰਗ ਮੁੱਖ ਮੰਤਰੀ ਫੀਲਡ ਅਫ਼ਸਰ ਗੋਪਾਲ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ, ਜਿਸ ਵਿੱਚ ਸੋਸਾਇਟੀ ਦੇ ਮੈਂਬਰਾਂ ਵੱਲੋਂ ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਮੁੱਖ ਮੰਤਰੀ ਫੀਲਡ ਅਫ਼ਸਰ ਗੋਪਾਲ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬੇਸਹਾਰਾ ਪਸ਼ੂਆਂ ਦੀ ਸੰਭਾਲ ਲਈ ਵਚਨਬੱਧ ਹੈ। ਇਸ ਮੌਕੇ ਉਨ੍ਹਾਂ ਬੇਸਹਾਰਾ ਪਸ਼ੂਆਂ ਦੀ ਸੰਭਾਲ ਲਈ ਸਮਾਜ ਸੇਵੀ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਵੀ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਐਸ.ਪੀ.ਸੀ.ਏ ਦਾ ਉਦੇਸ਼ ਪਸ਼ੂਆਂ ਦੀ ਭਲਾਈ ਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।



ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਜਾਨਵਰਾਂ ਪ੍ਰਤੀ ਹਮਦਰਦੀ ਤੇ ਭਲਾਈ ਨੂੰ ਉਤਸ਼ਾਹਤ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਮੀਟਿੰਗ ਦੌਰਾਨ ਉਨ੍ਹਾਂ ਬਿਮਾਰ ਅਤੇ ਜ਼ਖਮੀ ਜਾਨਵਰਾਂ ਦੀ ਸਾਂਭ ਸੰਭਾਲ ਲਈ ਸਬੰਧਤ ਵਿਭਾਗ ਨੂੰ ਐਂਬੂਲੈਂਸ ਖਰੀਦਣ ਲਈ ਕਾਰਵਾਈ ਅਰੰਭਣ ਦੀ ਹਦਾਇਤ ਕੀਤੀ। ਇਸ ਤੋਂ ਇਲਾਵਾ ਐਨੀਮਲ ਬਰਥ ਕੰਟਰੋਲ (ਏ. ਬੀ. ਸੀ.) ਪ੍ਰੋਗਰਾਮ ਤਹਿਤ ਮਿਊਂਸਪਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਇਸ ਪ੍ਰੋਗਰਾਮ ਦਾ ਰੀਵਿਊ ਕਰਨ ਲਈ ਕਿਹਾ। ਉਹਨਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਹੋਰ ਲੋਕਾਂ ਨੂੰ ਵੀ ਸੁਸਾਇਟੀ ਦੇ ਮੈਂਬਰ ਬਣਾਉਣ ਲਈ ਕਾਰਵਾਈ ਜਲਦੀ ਨੇਪਰੇ ਚਾੜ੍ਹੀ ਜਾਵੇ। ਮੀਟਿੰਗ ਦੌਰਾਨ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜੇ.ਡੀ. ਨੇ ਕਿਹਾ ਕਿ ਵਿਭਾਗ ਵੱਲੋਂ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਸਮੇਂ ਸਮੇਂ 'ਤੇ ਟੀਕਾਕਰਨ ਮੁਹਿੰਮ ਚਲਾਈ ਜਾਂਦੀ ਹੈ, ਪਰ ਪਸ਼ੂ ਪਾਲਕ ਕਈ ਵਾਰ ਟੀਕਾਕਰਨ ਕਰਵਾਉਣ ਤੋਂ ਇਨਕਾਰ ਕਰ ਦਿੰਦੇ ਹਨ, ਜਿਸ ਕਾਰਨ ਬਿਮਾਰੀ ਫੈਲਣ ਦਾ ਖਦਸ਼ਾ ਰਹਿੰਦਾ ਹੈ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਟੀਕਾਕਰਨ ਮੁਹਿੰਮ ਸਮੇਂ ਸਹਿਯੋਗ ਕਰਨ ਦੀ ਅਪੀਲ ਕੀਤੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਦੇ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਵੀ ਮੌਜੂਦ ਸਨ।

# ਪੰਜਾਬੀ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਲਈ ਹਦਾਇਤਾਂ ਦੀ ਪਾਲਣਾ ਲਾਜ਼ਮੀ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਰਾਜ ਭਾਸ਼ਾ ਪੰਜਾਬੀ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਦੀਆਂ ਹਦਾਇਤਾਂ ਪਹਿਲਾਂ ਤੋਂ ਹੀ ਜਾਰੀ ਹਨ। ਸਮੂਹ ਸਰਕਾਰੀ, ਅਰਧ ਸਰਕਾਰੀ, ਵਿਭਾਗਾਂ, ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ, ਪਬਲਿਕ ਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੱਟੀਆਂ/ਮੀਲ ਪੱਥਰ/ਸੰਕੇਤ ਬੋਰਡ ਪੰਜਾਬੀ ਭਾਸ਼ਾ (ਗੁਰਮੁੱਖੀ ਲਿਪੀ) ਵਿਚ ਲਿਖੇ ਜਾਣ।



ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ, ਪਬਲਿਕ ਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਦੀ ਚੈਕਿੰਗ ਕਰਕੇ ਨਾਮ ਪੱਟੀਆਂ/ਮੀਲ ਪੱਥਰ/ਸੰਕੇਤ ਬੋਰਡ ਪੰਜਾਬੀ ਭਾਸ਼ਾ (ਗੁਰਮੁੱਖੀ ਲਿਪੀ) ਵਿਚ ਲਿਖਣ ਸਬੰਧੀ ਰਿਪੋਰਟ ਭੇਜਣ ਦੀ ਹਦਾਇਤ ਕੀਤੀ।

ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਗੰਭੀਰ ਯਤਨ ਕੀਤੇ ਜਾ ਰਹੇ ਹਨ ਅਤੇ ਇਹਨਾਂ ਯਤਨ ਨੂੰ ਸਫ਼ਲ ਬਣਾਉਣ ਲਈ ਸਮੂਹ ਪੰਜਾਬ ਵਾਸੀ ਇਸ ਵਿਚ ਸਹਿਯੋਗ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਰਾਜ ਭਾਸ਼ਾ ਨੂੰ ਮਾਣ-ਸਤਿਕਾਰ ਦੇਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਤੇ ਇਸ ਨੂੰ ਪ੍ਰਮੁੱਖਤਾ ਦਿੱਤੀ ਜਾਣੀ ਲਾਜ਼ਮੀ ਹੈ।

# ਕਲਾਸ ਫੋਰਥ ਯੂਨੀਅਨ ਦੇ ਕੱਚੇ ਅਤੇ ਪੱਕੇ ਕਰਮਚਾਰੀਆਂ ਵੱਲੋਂ ਜ਼ੋਰਦਾਰ ਧਰਨਾ




**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਵਲੋਂ ਕੱਚੇ ਅਤੇ ਪੱਕੇ ਕਰਮਚਾਰੀਆਂ ਵਲੋਂ ਜੋਰਦਾਰ ਧਰਨਾ ਦਿੱਤਾ ਗਿਆ।

ਇਸ ਤੋਂ ਪਹਿਲਾਂ 20—02—2024 ਨੂੰ ਮਹਿੰਦਰਾ ਕਾਲਜ ਦੇ ਕੇਅਰ—ਟੇਕਰ ਵਲੋਂ ਬੁਲਾ ਕੇ ਕਿਹਾ ਗਿਆ ਸੀ ਕਿ ਅਸੀਂ ਅੱਜ ਕੰਪਨੀ ਦੇ ਰੱਖੇ ਗਏ ਕਰਮਚਾਰੀ ਨੂੰ ਫਾਰਗ ਕਰ ਦਿਆਗੇ ਪਰੰਤੂ ਆਈ ਗੱਲ ਤੋਂ ਮੁਕਰ ਗਏ ਸਨ ਤੇ ਇਸ ਲਈ 21—02—2024 ਨੂੰ ਹੋਰ ਧਰਨਾ ਦੇਣਾ ਪਿਆ। ਇਸ ਧਰਨੇ ਦੇ ਵਿੱਚ ਸ਼ਾਮਲ ਪਟਿਆਲਾ ਦੇ ਵੱਖ—ਵੱਖ ਵਿਭਾਗਾਂ ਦੇ ਆਗੂ ਵੀ ਸ਼ਾਮਲ ਹੋਏ ਅਤੇ ਇਸ ਦੌਰਾਨ ਕਾਲਜ ਦੇ ਸ੍ਰੀ ਅੰਮ੍ਰਿਤ ਸਮਰਾ ਜੀ ਨੇ ਬੁਲਾ ਕੇ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਕਿਹਾ ਕਿ ਅਸੀਂ ਕੰਪਨੀ ਦੇ ਮੁਲਾਜਮਾਂ ਨੂੰ ਫਾਰਕ ਕਰ ਦਿੱਤਾ ਗਿਆ ਹੈ ਜੀ। ਇਸ ਮੀਟਿੰਗ ਦੀ ਅਗਵਾਈ ਦੀ ਕਲਾਸ ਫੋਰਥ ਦੀ ਚੇਅਰਮੈਨ ਸ੍ਰੀ ਸੁਰੇਸ਼ ਗੰਗਾ ਜੀ ਨੇ ਕੀਤੀ ਹੈ ਜੀ।

ਬਰੇਸ਼ ਸਕਿਉਰਟੀ ਗਾਰਡ, ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਮਹਿੰਦਰਾ ਕਾਲਜ ਦੇ ਪ੍ਰਧਾਨ ਰਾਮ ਲਾਲ ਰਾਮਾ, ਮੀਤ ਪ੍ਰਧਾਨ ਫੈਡਰੇਸ਼ਨ ਪ੍ਰਕਾਸ਼ ਸਿੰਘ ਲੁਬਾਣਾ, ਮੱਖਣ, ਲਖਵੀਰ ਸਿੰਘ, ਪ੍ਰਮਜੀਤ ਸਿੰਘ ਟਿੱਕਾ, ਬਲਜਿੰਦਰ ਸਿੰਘ, ਰਾਜੇਸ਼ ਕੁਮਾਰ ਪ੍ਰਧਾਨ, ਰਾਜੇਸ਼ ਕੁਮਾਰ ਗੋਲੂ, ਸੁਨੀਤਾ, ਸਾਰੀਕਾ, ਦਿਆ ਸ਼ੰਕਰ, ਅਮਰਜੀਤ ਕੌਰ, ਆਦਿ ਹਾਜਰ ਸਨ।

**ਪੰਜਾਬ ਵਕਫ ਬੋਰਡ ਦੇ ਸੇਵਾਮੁਕਤ ਹੋ ਚੁੱਕੇ ਮੁਲਾਜ਼ਮਾਂ ਨੂੰ ਪੈਨਸ਼ਨ ਲਗਾਉਣ ਦਾ ਫੈਸਲਾ ਇਤਿਹਾਸਕ**

# ਵਕਫ ਬੋਰਡ ਦਾ ਸਮੁੱਚਾ ਅਮਲਾ ਐਡਮਨਿਸਟਰੇਟਰ ਫਿਆਜ਼ ਫਾਰੂਕੀ ਨੂੰ ਹਮੇਸ਼ਾ ਯਾਦ ਰੱਖੇਗਾ: ਬਸ਼ੀਰ ਖਾਨ

**ਮਲੇਰਕੋਟਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਕਫ ਬੋਰਡ ਦੇ ਐਡਮਨਿਸਟਰੇਟਰ ਜਨਾਬ ਫਿਆਜ਼ ਫਾਰੂਕੀ ਆਈ.ਪੀ.ਐਸ, ਏ.ਡੀ.ਜੀ.ਪੀ.ਪੰਜਾਬ ਪੁਲਿਸ ਵੱਲੋਂ ਵਕਫ ਬੋਰਡ ਦੇ ਸੇਵਾਮੁਕਤ ਹੋ ਚੁੱਕੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦਾ ਇਤਹਾਸਕ ਫੈਸਲਾ ਕਰਕੇ ਕਈ ਘਰਾਂ ਦੇ ਚੁੱਲਿਆਂ ਨੂੰ ਠੰਡੇ ਹੋਣ ਤੋਂ ਬਚਾ ਲਿਆ ਗਿਆ ਹੈ,ਇਸ ਲਈ ਪੰਜਾਬ ਵਕਫ ਬੋਰਡ ਦਾ ਸਮੁੱਚਾ ਅਮਲਾ ਉਹਨਾਂ ਨੂੰ ਹਮੇਸ਼ਾ ਯਾਦ ਰੱਖੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਕਫ ਬੋਰਡ ਦੇ ਰਿਟਾਇਰਡ ਅਸਟੇਟ ਅਫਸਰ ਬਸ਼ੀਰ ਅਹਿਮਦ ਖਾਨ ਨੇ ਕੀਤਾ। ਉਹਨਾਂ ਅੱਗੇ ਕਿਹਾ ਕਿ ਉਹ ਪਿਛਲੇ ਦਿਨੀਂ ਜਨਾਬ ਫਿਆਜ਼ ਫਾਰੂਕੀ ਸਾਹਿਬ ਨੂੰ ਮਿਲੇ ਸੀ ਤੇ ਇਕ ਮੈਮੋਰੰਡਮ ਦੇ ਕੇ ਮੰਗ ਕੀਤੀ ਸੀ ਕਿ ਪੰਜਾਬ ਵਕਫ ਬੋਰਡ ਤੋਂ ਰਿਟਾਇਰਡ ਹੋ ਚੁੱਕੇ ਮੁਲਾਜ਼ਮਾਂ ਨੂੰ ਪੈਨਸ਼ਨ ਨਾ ਹੋਣ ਕਾਰਨ ਉਹਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ,ਉਹਨਾਂ ਵਿੱਚੋਂ ਬਹੁਤਿਆਂ ਲਈ ਮਾਕੂਲ ਆਮਦਨ ਨਾ ਹੋਣ ਕਰਕੇ ਬੁਢਾਪਾ ਵਾਲੀ ਜ਼ਿੰਦਗੀ ਦੇ ਦਿਨ ਗੁਜ਼ਾਰਨਾ ਬਹੁਤ ਮੁਸ਼ਕਿਲ ਹੈ, ਇਸ ਕਰਕੇ ਵਕਫ ਬੋਰਡ ਤੋਂ ਰਿਟਾਇਰਡ ਹੋਣ ਵਾਲੇ ਮੁਲਾਜ਼ਮਾਂ ਨੂੰ ਜ਼ਿੰਦਗੀ ਗੁਜ਼ਾਰਨ ਲਈ ਪੈਨਸ਼ਨ ਦੇਣ ਦਾ ਪ੍ਰਬੰਧ ਕੀਤਾ ਜਾਵੇ। ਬਸ਼ੀਰ ਅਹਿਮਦ ਖਾਨ ਨੇ ਕਿਹਾ ਕਿ ਉਹ ਜਨਾਬ ਫਿਆਜ਼ ਫਾਰੂਕੀ ਸਾਹਿਬ ਦੇ ਦਿਲੋਂ ਸ਼ੁਕਰਗੁਜ਼ਾਰ ਹਨ ਕਿ ਉਹਨਾਂ ਬੋਰਡ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦਾ ਇਤਹਾਸਕ ਫੈਸਲਾ ਲਿਆ। ਉਹਨਾਂ ਇਸ ਮੌਕੇ ਇਹ ਵੀ ਮੰਗ ਕੀਤੀ ਕਿ ਉਕਤ ਲਏ ਗਏ ਫੈਸਲਾ ਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਜਾਵੇ ਅਤੇ ਇਹ ਪੈਨਸ਼ਨ ਬਿਨਾਂ ਸ਼ਰਤ ਤਾਹਯਾਤ ਦਿਤੀ ਜਾਵੇ ।



ਬਸ਼ੀਰ ਅਹਿਮਦ ਖਾਨ ਨੇ ਇਸ ਮੌਕੇ ਇਹ ਵੀ ਕਿਹਾ ਕਿ ਬਤੌਰ ਐਡਮਨਿਸਟਰੇਟਰ ਪੰਜਾਬ ਵਕਫ ਬੋਰਡ ਦੇ ਜੋ ਫੈਸਲੇ ਜਨਾਬ ਫਾਰੂਕੀ ਸਾਹਿਬ ਨੇ ਲਏ ਹਨ ਉਹਨਾਂ ਨੂੰ ਬੋਰਡ ਦੇ ਇਤਿਹਾਸ ਵਚ ਸੁਨਿਹਰੇ ਪੰਨਿਆਂ ਤੇ ਲਿਖਿਆ ਜਾਵੇਗਾ।

# 10,000 ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਵਿਜੀਲੈਂਸ ਬਿਊਰੋ ਵੱਲੋਂ ਕਾਬੂ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸੰਗਰੂਰ ਜ਼ਿਲ੍ਹੇ ਦੇ ਥਾਣਾ ਲੌਂਗੋਵਾਲ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਚਤਰ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਿਸ ਮੁਲਾਜ਼ਮ ਨੂੰ ਬਿੰਦਰ ਸਿੰਘ ਵਾਸੀ ਪਿੰਡ ਝਾੜੋਂ ਜ਼ਿਲ੍ਹਾ ਸੰਗਰੂਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਏ.ਐਸ.ਆਈ. ਉਸ ਦੇ ਰਿਸ਼ਤੇਦਾਰ ਰਣਜੀਤ ਸਿੰਘ ਵਾਸੀ ਪਿੰਡ ਝਾੜੋਂ, ਸੁਨਾਮ, ਜ਼ਿਲ੍ਹਾ ਸੰਗਰੂਰ ਨੂੰ ਥਾਣਾ ਲੌਂਗੋਵਾਲ ਵਿਖੇ ਪੁਲੀਸ ਕੇਸ ਵਿੱਚ ਨਾਮਜ਼ਦ ਕੀਤੇ ਜਾਣ ਉਪਰੰਤ ਉਸ ਕੋਲੋਂ 10,000 ਰੁਪਏ ਦੀ ਰਿਸ਼ਵਤ ਦੀ ਮੰਗ ਰਿਹਾ ਹੈ।



ਸ਼ਿਕਾਇਤਕਰਤਾ ਨੇ ਅੱਗੇ ਕਿਹਾ ਕਿ ਉਕਤ ਛੋਟਾ ਥਾਣੇਦਾਰ ਰਣਜੀਤ ਸਿੰਘ ਦੇ ਘਰੋਂ ਇੱਕ ਗੱਡੀ (ਅਰਟਿਗਾ ਕਾਰ) ਵੀ ਚੁੱਕ ਕੇ ਲੈ ਗਿਆ ਹੈ ਜੋ ਉਸਦੀ ਪਤਨੀ ਦੇ ਨਾਮ 'ਤੇ ਰਜਿਸਟਰਡ ਹੈ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਮੁਲਜ਼ਮ ਏ.ਐਸ.ਆਈ. ਰਣਜੀਤ ਸਿੰਘ ਨੂੰ ਰਿਸ਼ਵਤ ਦੇਣ ਲਈ ਧਮਕੀਆਂ ਦੇ ਰਿਹਾ ਹੈ ਨਹੀਂ ਤਾਂ ਉਹ ਇਸ ਮਾਮਲੇ ਵਿੱਚ ਉਸਦੀ ਪਤਨੀ ਨੂੰ ਵੀ ਨਾਮਜ਼ਦ ਕਰ ਦੇਵੇਗਾ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਏ.ਐਸ.ਆਈ. ਚਤਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਬਿੰਦਰ ਸਿੰਘ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

# ਸਰਕਾਰੀ ਕਾਲਜ ਮਾਲੇਰਕੋਟਲਾ ਵਿੱਚ ਕੰਪਿਊਟਰ ਵਰਕਸ਼ਾਪ ਸਫਲਤਾਪੂਰਵਕ ਸੰਪੰਨ



**ਮਲੇਰਕੋਟਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਕਾਲਜ ਮਾਲੇਰਕੋਟਲਾ ਵੱਲੋਂ ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਿੰਸੀਪਲ ਡਾ ਬਲਜਿੰਦਰ ਸਿੰਘ ਟੌਹੜਾ ਦੀ ਯੋਗ ਅਗਵਾਈ ਹੇਠ ਐਸ ਸੀ ਵਿਦਿਆਰਥੀਆਂ ਲਈ ਕੰਪਿਊਟਰ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਸੀ। ਜੋ 10 ਦਿਨ ਲਗਾਤਾਰ ਲਗਾਈ ਗਈ, ਉਹ ਸਫਲਤਾ ਪੂਰਵਕ ਅਤੇ ਵਿਦਿਆਰਥੀਆਂ ਵਿੱਚ ਕੰਪਿਊਟਰ ਪ੍ਰਤੀ

ਦਿਲਚਸਪੀ ਪੈਦਾ ਕਰਦੀ ਹੋਈ ਸਪੰਨ ਹੋ ਗਈ ਹੈ। ਇਸ ਮੌਕੇ ਪ੍ਰਿੰਸੀਪਲ ਨੇ ਕਿਹਾ ਕਿ ਕੰਪਿਊਟਰ ਆਧੁਨਿਕ ਦੌਰ ਵਿੱਚ ਬਹੁਤ ਜਰੂਰੀ ਹੈ ਇਸ ਤੋਂ ਬਗੇਰ ਜਮਾਨੇ ਦੀ ਰਫਤਾਰ ਨਾਲ ਨਹੀਂ ਚਲਿਆ ਜਾ ਸਕਦਾ, ਜਿੱਥੇ ਅਸੀਂ ਰਵਾਇਤੀ ਸਿੱਖਿਆ ਹਾਸਿਲ ਕਰਦੇ ਹਾਂ ਉਥੇ ਸਾਨੂੰ ਆਧੁਨਿਕ ਸਿੱਖਿਆ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਇਸ ਵਰਕਸ਼ਾਪ ਦੇ ਰਿਸੋਰਸ ਪਰਸਨ ਪ੍ਰੋਫੈਸਰ ਮੁਹੰਮਦ ਇਰਫਾਨ ਪ੍ਰੋਫੈਸਰ

ਨਰਿੰਦਰ ਕੌਰ ਅਤੇ ਪ੍ਰੋਫੈਸਰ ਗੌਰਵ ਮਿੱਤਲ ਨੇ ਬੜੀ ਤਨਦੇਹੀ ਨਾਲ ਵਿਦਿਆਰਥੀਆਂ ਨੂੰ ਕੰਪਿਊਟਰ ਦੀਆਂ ਬਾਰੀਕੀਆਂ ਬਾਰੇ ਜਾਣੂ ਕਰਵਾਇਆ ਤੇ ਉਹਨਾਂ ਦੇ ਵਿੱਚ ਦਿਲਚਸਪੀ ਪੈਦਾ ਕੀਤੀ ਕਿ ਉਹ ਸਮੇਂ ਦੇ ਹਾਣੀ ਹੋ ਕੇ ਚੱਲਣ ਯੋਗ ਬਣਨ।

ਅੰਤ ਵਿੱਚ ਵਰਕਸ਼ਾਪ ਆਯੋਜਨ ਕਮੇਟੀ ਪ੍ਰੋਫੈਸਰ ਮੁਹੰਮਦ ਅਸ਼ਰਫ, ਪ੍ਰੋਫੈਸਰ ਬਲਜਿੰਦਰ ਕੌਰ ਅਤੇ ਪ੍ਰੋਫੈਸਰ ਗੁਰਤੇਜ ਸਿੰਘ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

# ਚੇਤਨ ਸਿੰਘ ਜੌੜਾਮਾਜਰਾ ਵੱਲੋਂ ਤਲਵੰਡੀ ਭਾਈ ਅਤੇ ਜ਼ੀਰਾ ਵਿਖੇ ਸੋਧੇ ਪਾਣੀ ਨੂੰ ਸਿੰਜਾਈ ਲਈ ਵਰਤਣ ਦੇ ਪ੍ਰਾਜੈਕਟਾਂ ਦਾ ਉਦਘਾਟਨ

**➢ 4.45 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਦੋਵੇਂ ਪ੍ਰਾਜੈਕਟ; ਪੰਜ ਪਿੰਡਾਂ ਦੇ 360 ਕਿਸਾਨ ਪਰਿਵਾਰ ਦੀ 556 ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਮਿਲੇਗਾ ਲਾਭ ➢ ਖੇਤੀਬਾੜੀ ਲਈ ਸੰਗਠਿਤ ਤਰੀਕੇ ਨਾਲ ਟ੍ਰੀਟਿਡ ਪਾਣੀ ਦੀ ਵਰਤੋਂ ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ**

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਸੀਵਰੇਜ ਟਰੀਟਮੈਂਟ ਪਲਾਂਟ ਤਲਵੰਡੀ ਭਾਈ ਅਤੇ ਜ਼ੀਰਾ ਵਿਖੇ ਕ੍ਰਮਵਾਰ 4 ਅਤੇ 8 ਐਮ.ਐਲ.ਡੀ. ਦੀ ਸਮਰੱਥਾ ਵਾਲੇ ਸੋਧੇ (ਟ੍ਰੀਟਿਡ) ਪਾਣੀ ਆਧਾਰਤ ਸਿੰਜਾਈ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਕੁੱਲ 4.45 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਦੋਵੇਂ ਪ੍ਰਾਜੈਕਟਾਂ ਨਾਲ ਪੰਜ ਪਿੰਡਾਂ ਦੇ 360 ਕਿਸਾਨ ਪਰਿਵਾਰ ਦੀ 556 ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਲਾਭ ਮਿਲੇਗਾ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਸੂਬੇ ਦੇ ਕਿਸਾਨ ਭਾਈਚਾਰੇ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਕਿਸਾਨਾਂ ਦੇ ਖੇਤਾਂ ਵਿੱਚ ਸਿੰਜਾਈ ਲਈ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਤਰਜੀਹੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਆਧਾਰਤ ਖਾਲਾਂ ਨੂੰ ਬਹਾਲ ਕਰਨ ਦੀ ਮੁਹਿੰਮ ਤਹਿਤ ਲਗਭਗ 14000 ਤੋਂ ਵੱਧ ਖਾਲ



ਬਹਾਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਪਿਛਲੇ 2 ਸਾਲਾਂ ਵਿੱਚ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟਾਉਣ ਲਈ ਨਹਿਰੀ ਪਾਣੀ ਆਧਾਰਤ ਸਿੰਜਾਈ ਸਹੂਲਤਾਂ ਨੂੰ ਉਤਸ਼ਾਹਤ ਕਰਨ ਨੂੰ ਵੱਡਾ ਬੱਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿੰਜਾਈ ਲਈ ਸੋਧੇ ਪਾਣੀ ਦੀ ਵਰਤੋਂ ਵੀ, ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਂਗ ਇੱਕ ਅਹਿਮ ਕਦਮ ਹੈ ਕਿਉਂਕਿ ਇਹ ਪਾਣੀ ਪਹਿਲਾਂ ਡਰੇਨਾਂ ਵਿੱਚ ਜਾਂਦਾ ਸੀ, ਜਦਕਿ ਹੁਣ ਖੇਤੀਬਾੜੀ ਵਿੱਚ ਵਰਤਿਆ ਜਾ ਸਕੇਗਾ।

ਰਾਜ ਦੇ ਸੋਧੇ (ਟ੍ਰੀਟਿਡ) ਵਾਟਰ ਪ੍ਰੋਗਰਾਮ 'ਤੇ ਜ਼ੋਰ ਦਿੰਦੇ ਹੋਏ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਹੁਣ ਤੱਕ ਰਾਜ ਵਿੱਚ 60 ਐਸ.ਟੀ.ਪੀਜ਼ ਤੋਂ 340 ਐਮ.ਐਲ.ਡੀ ਸੋਧੇ ਪਾਣੀ ਦੀ ਵਰਤੋਂ ਕਰਕੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ, ਜਿਸ ਨਾਲ ਲਗਭਗ 11000 ਹੈਕਟੇਅਰ ਖੇਤੀਬਾੜੀ ਰਕਬੇ ਨੂੰ ਫਾਇਦਾ ਹੋ ਰਿਹਾ ਹੈ ਅਤੇ ਅਗਲੇ ਫਸਲੀ ਸੀਜ਼ਨ ਤੱਕ ਸੋਧੇ ਪਾਣੀ ਦੀ ਵਰਤੋਂ 600 ਐਮ.ਐਲ.ਡੀ ਤੱਕ ਵਧਾ ਦਿੱਤੀ ਜਾਵੇਗੀ ਜਿਸ ਨਾਲ 25000 ਹੈਕਟੇਅਰ ਤੋਂ ਵੱਧ ਖੇਤੀਯੋਗ ਜ਼ਮੀਨ ਨੂੰ ਲਾਭ ਹੋਵੇਗਾ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਲਈ ਸੰਗਠਿਤ ਤਰੀਕੇ ਨਾਲ ਟ੍ਰੀਟਿਡ ਪਾਣੀ ਦੀ ਵਰਤੋਂ ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਅਤੇ ਹੁਣ ਹੋਰ ਸੂਬੇ ਵੀ ਅਜਿਹੇ ਪ੍ਰੋਗਰਾਮ ਲਾਗੂ ਕਰਨਾ ਸ਼ੁਰੂ ਕਰ ਰਹੇ ਹਨ।

ਇਨ੍ਹਾਂ ਪ੍ਰਾਜੈਕਟਾਂ ਦੇ ਲਾਭਪਾਤਰੀ ਕਿਸਾਨ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਪਾਣੀ ਦੀ ਹਰ ਬੂੰਦ ਨੂੰ ਸਮਝਦਾਰੀ ਨਾਲ ਵਰਤਣ ਅਤੇ ਸਿੰਜਾਈ ਦੀਆਂ ਬਿਹਤਰ ਤਕਨੀਕਾਂ ਅਪਣਾਉਣ ਦਾ ਸੱਦਾ ਦਿੱਤਾ ਕਿਉਂਕਿ ਖੇਤੀਬਾੜੀ, ਜਲ ਸਰੋਤਾਂ ਦਾ ਮੁੱਖ ਖਪਤਕਾਰ ਹੈ।

ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਸਰਕਾਰ ਪਾਣੀ ਦੀ ਸੰਭਾਲ ਲਈ ਵਚਨਬੱਧ ਹੈ ਅਤੇ ਹਾਲ ਹੀ ਵਿੱਚ ਸੂਬੇ ਦੇ ਇੱਕ ਵੱਡੇ ਉਦਯੋਗ ਨਾਲ ਸਮਝੌਤਾ ਕੀਤਾ ਹੈ, ਜੋ ਕਿਸੇ ਨਿੱਜੀ ਅਦਾਰੇ ਨਾਲ ਅਜਿਹਾ ਪਹਿਲਾ ਸਮਝੌਤਾ ਹੈ, ਜਿਸ ਤਹਿਤ ਨਿਜੀ ਅਦਾਰਾ ਰਾਜ ਦੇ ਪਾਣੀ ਦੀ ਸੰਭਾਲ ਦੇ ਖੇਤਰ ਵਿੱਚ ਯੋਗਦਾਨ ਅਤੇ ਨਿਵੇਸ਼ ਕਰੇਗਾ।

ਕੈਬਨਿਟ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਲਵੰਡੀ ਭਾਈ ਵਿਖੇ 4.5 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਜਦਕਿ ਜ਼ੀਰਾ ਵਿਖੇ 10.3 ਕਿਲੋਮੀਟਰ ਜ਼ਮੀਨਦੋਜ਼ ਪਾਈਪ ਲਾਈਨ ਵਿਛਾਈ ਗਈ ਹੈ, ਜੋ ਕ੍ਰਮਵਾਰ 1.41 ਕਰੋੜ ਰੁਪਏ ਅਤੇ 3.04 ਕਰੋੜ ਰੁਪਏ ਦੀ ਲਾਗਤ ਨਾਲ ਨੇਪਰੇ ਚਾੜ੍ਹੀ ਗਈ ਹੈ। ਪ੍ਰਾਜੈਕਟਾਂ ਨਾਲ 556 ਹੈਕਟੇਅਰ ਖੇਤੀਬਾੜੀ ਜ਼ਮੀਨ ਅਤੇ ਪੰਜ ਪਿੰਡਾਂ ਹਰਾਜ, ਤਲਵੰਡੀ ਭਾਈ, ਨਿਊ ਜ਼ੀਰਾ, ਗਾਦੜੀ ਵਾਲਾ ਅਤੇ ਬੋਤੀਆਂ ਵਾਲਾ, ਜਿਸ ਵਿੱਚ ਕਿਸਾਨ ਭਾਈਚਾਰੇ ਦੇ 360 ਕਿਸਾਨ ਪਰਿਵਾਰ ਸ਼ਾਮਲ ਹਨ, ਨੂੰ ਲਾਭ ਹੋਵੇਗਾ।

ਸ. ਮਹਿੰਦਰ ਸਿੰਘ ਸੈਣੀ, ਮੁੱਖ ਭੂਮੀ ਪਾਲ ਪੰਜਾਬ ਨੇ ਇਸ ਮੌਕੇ ਦੱਸਿਆ ਕਿ ਸੋਧੇ ਵਾਟਰ ਯੂਜ਼ ਪ੍ਰਾਜੈਕਟ ਵਿਭਾਗ ਦਾ ਫਲੈਗਸ਼ਿਪ ਪ੍ਰੋਗਰਾਮ ਹੈ। ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਵਿਭਾਗ ਨੇ ਹੁਣ ਅਮਰੁਤ-2 ਪ੍ਰੋਗਰਾਮ ਤਹਿਤ 87 ਐਸ.ਟੀ.ਪੀਜ਼ ਤੋਂ ਟ੍ਰੀਟ ਕੀਤੇ ਪਾਣੀ ਦੀ ਵਰਤੋਂ ਦਾ ਡੀ.ਪੀ.ਆਰ ਤਿਆਰ ਕੀਤਾ ਹੈ, ਜੋ ਆਉਣ ਵਾਲੇ ਮਹੀਨਿਆਂ ਦੌਰਾਨ ਸ਼ੁਰੂ ਕੀਤਾ ਜਾਵੇਗਾ। ਵਰਣਨਯੋਗ ਹੈ ਕਿ ਵਿਭਾਗ ਨੇ ਐਸ.ਟੀ.ਪੀ. ਫਗਵਾੜਾ ਤੋਂ ਖੇਤੀਬਾੜੀ ਵਿੱਚ ਟਰੀਟ ਕੀਤੇ ਪਾਣੀ ਦੀ ਵਰਤੋਂ ਲਈ ਨੈਸ਼ਨਲ ਵਾਟਰ ਮਿਸ਼ਨ ਐਵਾਰਡ ਵੀ ਜਿੱਤਿਆ ਹੈ। ਉਨ੍ਹਾਂ ਕਿਸਾਨਾਂ ਨੂੰ ਟਰੀਟ ਕੀਤੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਅਪੀਲ ਕੀਤੀ ਕਿਉਂਕਿ ਇਸ ਨਾਲ ਕਿਸਾਨਾਂ ਦੀ ਲਾਗਤ ਘੱਟ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਪਾਣੀ ਖਣਿਜ ਪਦਾਰਥਾਂ ਨਾਲ ਭਰਪੂਰ ਹੁੰਦਾ ਹੈ ਜਿਸ ਨਾਲ ਖਾਦ ਦੀ ਵਰਤੋਂ ਘਟਦੀ ਹੈ ਅਤੇ ਨਾਲ ਹੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਵੀ ਵਾਧਾ ਹੁੰਦਾ ਹੈ।

ਇਸ ਮੌਕੇ ਹਾਜ਼ਰ ਲਾਭਪਾਤਰੀ ਪਿੰਡਾਂ ਦੇ ਕਿਸਾਨ ਭਾਈਚਾਰੇ ਨੇ ਇਸ ਪ੍ਰਾਜੈਕਟ ਨੂੰ ਖੇਤਰ ਵਿੱਚ ਲਿਆਉਣ ਲਈ ਸੂਬਾ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ੍ਰੀ ਰਜਨੀਸ਼ ਦਹੀਯਾ, ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ, ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ. ਚੰਦ ਸਿੰਘ ਗਿੱਲ ਅਤੇ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਵਿਅੰਗ

# ਰੈਡੀਮੇਡ ਲੀਡਰ ਤੇ ਖਾਨਦਾਨੀ ਲੀਡਰ



ਰੈਡੀਮੇਡ ਬਣੇ ਬਣਾਏ ਕੱਪੜਿਆਂ ਦਾ ਰਿਵਾਜ ਤਾਂ ਹੁਣ ਆ ਹੋ ਗਿਆ ਹੈ ਚਾਹੇ ਕਈ ਸਾਡੇ ਜਿਹੇ ਬੇਢੱਬੇ ਸਰੀਰਾਂ ਵਾਲਿਆਂ ਨੂੰ ਇਹ ਘੱਟ ਹੀ ਫਿੱਟ ਆਉਂਦੇ ਹਨ। ਫਲਸਰੂਪ ਦਰਜੀ ਨੂੰ ਮੇਚ ਦੇ ਕੇ ਹੀ ਕੱਪੜੇ ਬਣਾਉਣੇ ਪੈਂਦੇ ਹਨ। ਉਂਝ ਰੈਡੀਮੇਡ ਕੱਪੜਿਆਂ ਦਾ ਰਿਵਾਜ ਵੀ ਪੱਛਮੀ ਦੇਸ਼ਾਂ ਦੀ ਹੀ ਦੇਣ ਹੈ ਜਿਸ ਤਰ੍ਹਾਂ ਹੁਣ ਟੀ.ਵੀ. 'ਤੇ ਨੰਗੇਜਵਾਦ ਤੇ ਪੌਪ ਸੰਗੀਤ ਹਨ। ਸੱਚਮੁੱਚ ਸਮੇਂ ਦੇ ਰੰਗ ਨਿਆਰੇ ਹੁੰਦੇ ਹਨ। ਉਂਝ ਵੀ ਤਬਦੀਲੀ ਜੀਵਨ ਦੀ ਪ੍ਰਮੁੱਖ ਨਿਸ਼ਾਨੀ ਹੈ।

ਗੱਲ ਕਰਨੀ ਹੈ ਰੈਡੀਮੇਡ ਲੀਡਰ ਜਾਂ ਲੀਡਰਾਂ ਦੀ। ਖਾਨਦਾਨੀ ਲੀਡਰਾਂ ਨਾਲੋਂ ਇਹ ਕਈ ਕੇਸਾਂ ਵਿਚ ਵੱਖਰੇ ਹੁੰਦੇ ਹਨ, ਚਾਹੇ ਹੁੰਦੇ ਇਹ ਵੀ ਖਾਨਦਾਨ 'ਤੇ ਆਧਾਰਤ ਹੀ ਹਨ। ਕਿਸੇ ਵੇਲੇ ਖਾਨਦਾਨੀ ਹਕੀਮ ਮਸ਼ਹੂਰ ਹੋਇਆ ਕਰਦੇ ਸਨ। ਬਾਪ ਦੇ ਨਾਲ ਬੱਚੇ ਵੀ ਦਵਾਈਆਂ-ਬੂਟੀਆਂ ਤਿਆਰ ਕਰਨ ਤੇ ਦੇਣ ਵਿਚ ਰੁਝ ਜਾਇਆ ਕਰਦੇ ਸਨ। ਹੌਲੀ-ਹੌਲੀ ਸਾਲਾਂ ਬੱਧੀ ਤਜਰਬੇ ਦੇ ਆਧਾਰ 'ਤੇ ਬੱਚੇ ਪੂਰੀ ਹਿਕਮਤ ਕਰਨ ਯੋਗ ਹੋ ਜਾਇਆ ਕਰਦੇ ਸਨ। ਫਲਸਰੂਪ ਬਾਪ ਦੇ ਪਿਛੋਂ ਲੜਕਾ ਜਾਂ ਲੜਕੇ ਕੰਮ ਸੰਭਾਲ ਲੈਂਦੇ ਸਨ। ਪੀੜ੍ਹੀ-ਦਰ-ਪੀੜ੍ਹੀ ਇਹ ਕੰਮ ਚਲਦਾ ਰਹਿੰਦਾ ਸੀ। ਹੁਣ ਐਲੋਪੈਥੀ ਭਾਵ ਡਾਕਟਰੀ ਨੇ ਹਕੀਮ ਫਿੱਕੇ ਪਾ ਛੱਡੇ ਹਨ ਤੇ ਤੁਰਤ-ਫੁਰਤ ਆਰਾਮ ਤੋਂ ਉਪਰੰਤ ਆਪਰੇਸ਼ਨਾਂ ਦਾ ਦੌਰ ਆ ਗਿਆ ਹੈ। ਸੋ ਖਾਨਦਾਨੀ ਹਕੀਮ ਹੁਣ ਟਾਵੇਂ-ਟਾਵੇਂ ਹੀ ਰਹਿ ਗਏ ਹਨ। ਖਾਨਦਾਨੀ ਲੀਡਰ ਤਾਂ ਹੁਣ ਆਮ ਹੀ ਮਿਲਦੇ ਹਨ।

ਪਿਓ ਵਜ਼ੀਰ ਤੇ ਪੁੱਤ ਐੱਮ.ਐੱਲ ਏ ਜਾਂ ਪਿਓ ਪਾਰਟੀ ਪ੍ਰਧਾਨ ਤੇ ਪੁੱਤ ਸਕੱਤਰ ਦੇ ਕੇਸ ਆਮ ਹੀ ਹੋ ਗਏ ਹਨ। ਚਾਹੇ ਕਿਸੇ ਵੇਲੇ ਹੁਣ ਦੀ ਪੀੜ੍ਹੀ ਦੇ ਲੀਡਰ ਪੰਡਤ ਜਵਾਹਰ ਲਾਲ ਨੂੰ ਨਿੰਦਿਆ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਆਪਣੀ ਬੇਟੀ ਇੰਦਰਾ ਗਾਂਧੀ ਨੂੰ ਲੀਡਰੀ ਵੱਲ ਲਿਆਂਦਾ ਸੀ ਪਰ ਇਨਸਾਨ ਦੂਜੇ ਨੁਕਸ ਕੱਢਣ ਵਿਚ ਸ਼ੇਰ ਹੁੰਦਾ ਹੈ ਪਰ ਜਦੋਂ ਆਪਣੇ ਵਿਚ ਉਹੀ ਨੁਕਸ ਪੈ ਜਾਵੇ ਤਾਂ ਮਚਲਾ ਹੋ ਜਾਂਦਾ ਹੈ ਜਾਂ ਫਿਰ ਪੁੱਠੀਆਂ ਸਿੱਧੀਆਂ ਦਲੀਲਾਂ ਦੇ ਕੇ ਉਸ ਨੂੰ ਯੋਗ ਠਹਿਰਾਉਂਦਾ ਹੈ। ਜਿਸ ਤਰ੍ਹਾਂ ਕਈ ਸਤਿਕਾਰਯੋਗ ਨੇਤਾ ਕਹਿੰਦੇ ਹਨ ਕਿ ਜੇ ਡਾਕਟਰ ਦਾ ਪੁੱਤ ਡਾਕਟਰ ਬਣ ਸਕਦਾ ਹੈ ਤਾਂ ਸਿਆਸਤਦਾਨ ਉਰਫ ਲੀਡਰ ਦਾ ਪੁਤ ਲੀਡਰ ਜਾਂ ਸਿਆਸਤਦਾਨ ਕਿਉਂ ਨਹੀਂ ਬਣ ਸਕਦਾ? ਇਨ੍ਹਾਂ ਪਿਓ ਦੇ ਸਿਰ 'ਤੇ ਬਣਿਆ ਲੀਡਰਾਂ ਵਿਚੋਂ ਕੁੱਝ ਤਾਂ ਹੌਲੀ-ਹੌਲੀ ਟੰਬੇ ਚੜ੍ਹਕੇ ਉਤਾਂਹ ਆਉਂਦੇ ਹਨ ਪਰ ਕਈ ਵਾਰ ਇਹ ਨਿਰੇ ਹੀ ਰੈਡੀਮੇਡ ਹੁੰਦੇ ਹਨ ਭਾਵ ਨਵੇਂ ਨਕੋਰ। ਜ਼ਿਆਦਾ ਕੇਸ ਤਾਂ ਅਜਿਹੇ ਉਹ ਹੁੰਦੇ ਹਨ ਜਿੱਥੇ ਬਾਪ ਜਾਂ ਮਾਂ ਦੀ ਮੌਤ ਹੋ ਜਾਵੇ ਥਾਂ ਖਾਲੀ ਹੋ ਜਾਵੇ। ਕਈ ਵਾਰ ਪਾਰਲੀਮੈਂਟ ਦੀ ਸੀਟ ਖਾਲੀ ਹੋ ਜਾਂਦੀ ਹੈ ਤੇ ਕਈ ਵਾਰ ਅਸੈਂਬਲੀ ਦੀ। ਸਾਡਾ ਚਰਿੱਤਰ ਭਾਵੁਕ ਵੱਧ ਹੈ ਤੇ ਬੌਧਿਕ ਘੱਟ।

ਸੋ ਫਟਾ-ਫਟ ਸਵਰਗਵਾਸੀ ਦੇ ਪੁੱਤ ਜਾਂ ਧੀ ਨੂੰ ਮੋਹਰੇ ਲਿਆਇਆ ਜਾਂਦਾ ਹੈ। ਚੋਣ ਲੜਾ ਕੇ ਉਸਨੂੰ ਜਿਤਾਇਆ ਜਾਂਦਾ ਹੈ। ਕੋਈ ਤਜਰਬਾ ਨਹੀਂ ਹੁੰਦਾ ਪਰ ਹਮਦਰਦੀ ਦੀ ਲਹਿਰ ਕਾਰਨ ਆਮ ਕਰਕੇ ਲੋਕ ਵੀ ਵੋਟਾਂ ਪਾ ਕੇ ਜਿਤਾ ਦਿੰਦੇ ਹਨ। ਅਜਿਹੇ ਕੇਸ ਸ਼ੁੱਧ ਰੈਡੀਮੇਡ ਲੀਡਰੀ ਦੇ ਹੁੰਦੇ ਹਨ। ਹਾਂ, ਆਧਾਰ ਇਨ੍ਹਾਂ ਦਾ ਵੀ ਖਾਨਦਾਨੀ ਹੀ ਹੁੰਦਾ ਹੈ। ਇਸ ਤੋਂ ਉਪਰੰਤ ਅਨੇਕਾਂ ਮੰਤਰੀਆਂ ਦੇ ਕਾਕਿਆਂ ਨੂੰ ਪਾਰਟੀ ਦਾ ਸਕੱਤਰ ਬਣਾ ਦਿੱਤਾ ਜਾਂਦਾ ਹੈ ਜਾਂ ਫਿਰ ਯੂਥ ਵਿੰਗ ਦੀ ਪ੍ਰਧਾਨਗੀ ਤਾਂ ਵੱਟ 'ਤੇ ਪਈ ਹੀ ਹੁੰਦੀ ਹੈ। ਇਸ ਵਬਾ ਜਾਂ ਰੁਝਾਨ ਤੋਂ ਕਾਮਰੇਡ ਕਾਫੀ ਹੱਦ ਤੱਕ ਬਚੇ ਹੋਏ ਹਨ। ਬਾਕੀ ਪਾਰਟੀਆਂ ਤਾਂ ਖਾਨਦਾਨੀ ਲੀਡਰ ਪੈਦਾ ਕਰ ਹੀ ਜਾਂਦੀਆਂ ਹਨ। ਇਨ੍ਹਾਂ ਵਿਚੋਂ ਕਈ ਨਿਰੇ ਰੈਡੀਮੇਡ ਹੀ ਹੁੰਦੇ ਹਨ ਭਾਵ ਭੋਰਾ ਘਸੇ ਨਹੀਂ ਹੁੰਦੇ। ਦੂਜੇ ਸ਼ਬਦਾਂ ਵਿਚ ਤਜਰਬੇ ਤੋਂ ਰਹਿਤ ਹੁੰਦੇ ਹਨ। ਪਾਰਟੀਆਂ ਦੇ ਹੰਢੇ ਹੋਏ ਕਾਰਜ ਕਰਤਾਵਾਂ ਦੀ ਹਾਲਤ 'ਕਾਰਵਾਂ ਗੁਜ਼ਰ ਗਿਆ, ਗੁਬਾਰ ਦੇਖਤੇ ਰਹੇ' ਵਾਲੀ ਹੁੰਦੀ ਹੈ।

ਸਪਸ਼ਟ ਹੈ ਕਿ ਪਾਰਟੀਆਂ ਲਈ 'ਸਾਲਾ ਬੱਧੀ' ਕੰਮ ਕਰਨ ਵਾਲੇ ਲੋਕ ਪਿਛੇ ਰਹਿ ਜਾਂਦੇ ਹਨ ਤੇ ਰੈਡੀਮੇਡ ਲੀਡਰ ਅਗਾਂਹ ਲੰਘ ਜਾਂਦੇ ਹਨ। ਸਿਆਸੀ ਯੋਧਿਆਂ ਨੂੰ ਇਹ ਪੱਖ ਵਿਚਾਰ ਕੇ ਚੱਲਣਾ ਚਾਹੀਦਾ ਹੈ। ਸੋ ਰੈਡੀਮੇਡ ਲੀਡਰ ਹਿਸਾਬ ਨਾਲ ਹੀ ਅੱਗੇ ਲਿਆਉਣੇ ਚਾਹੀਦੇ ਹਨ। ਇਹ ਕਈ ਤਜਰਬੇਦਾਰਾਂ ਦਾ ਹੱਕ ਮਾਰ ਲੈਂਦੇ ਹਨ ਜੋ ਸਾਡੇ ਸਿਆਸੀ ਢਾਂਚੇ ਲਈ ਹਾਨੀਕਾਰਕ ਸਿੱਧ ਹੁੰਦਾ ਹੈ। ਸੋ ਬਾ ਮੁਲਾਹਜ਼ਾ ਹੋਸ਼ਿਆਰ।

**-ਰਜਿੰਦਰ ਪਾਲ ਸ਼ਰਮਾ**

## ਕਾਵਿ-ਰਚਨਾ

### ਗਜ਼ਲਾਂ



ਸ਼ੀਸ਼ੇ 'ਤੇ ਖਿੜਦੇ ਫੁੱਲ ਉਹ ਬਹਿ ਕੇ ਨਿਹਾਰਦਾ।
ਸਕਰੀਨ ਸੇਵਰ 'ਚੋਂ ਭਰਮ ਪਾਲੇ ਬਹਾਰ ਦਾ।
ਬੰਦੂਕ ਫੜ ਕੇ ਮੈਂ ਨਹੀਂ ਜਦ ਕੁਝ ਵਿਚਾਰਦਾ।
ਤਾਂ ਫਰਕ ਕੀ ਗੋਲੀ ਨੂੰ ਪੈਣਾ ਆਰ ਪਾਰ ਦਾ।
ਮੱਥੇ 'ਤੇ ਭਾਵੇਂ ਬੀਨ ਦਾ 'ਟੈਟੂ' ਬਣਾ ਲਿਆ,
ਹਾਲੇ ਵੀ ਮੇਰੇ ਦਿਲ 'ਚ ਸੱਪ ਫੰਨ ਖਿਲਾਰਦਾ।
ਮਰਦੇ ਮਿਰਗ ਦੀ ਚੀਕ ਵੀ ਕਰਦਾ ਰਿਹਾ ਰਿਕਾਰਡ,
ਐਸਾ ਅਵੱਲਾ ਸ਼ੌਕ ਸੀ ਉਸ ਨੂੰ ਸ਼ਿਕਾਰ ਦਾ।
ਕੱਖਾਂ ਦੀ ਕੁੱਲੀ ਸੜ ਗਈ ਸੀ ਆਲ੍ਹਣੇ ਸਮੇਤ,
ਚੇਤੇ 'ਚ ਮੇਰੇ ਜੰਮ ਗਿਆ ਚੱਲਣਾ ਅਨਾਰ ਦਾ।
ਮਾਂ ਧਰਤ ਧੋ ਕੇ ਫੇਰ ਸਾਵਾ ਰੰਗ ਰੰਗਦੀ,
ਵਣ-ਪੁੱਤਰ ਜਦ ਪੀਲੇ ਹੋਏ ਵਸਤਰ ਉਤਾਰਦਾ।
ਬਸ ਤਾੜੀਆਂ ਦੀ ਗੂੰਜ ਸੀ, ਪੌਣਾਂ 'ਚ ਰਲ ਗਈ,
ਤੱਕਿਐ 'ਸੁਰਿੰਦਰ' ਡਿੱਗਣਾ ਇਕ ਸ਼ਾਹਸਵਾਰ ਦਾ।

✿ ✿ ✿ ✿ ✿

ਇਹ ਕਿਹੜੇ ਗੁਨਾਹ ਦੀ ਸਜ਼ਾ ਭੋਗਦੇ ਨੇ।
ਪਰਿੰਦੇ ਪਰਾਂ ਤੋਂ ਬਿਨਾਂ ਉਡ ਰਹੇ ਨੇ।
ਤੁਸੀਂ ਕਵਚ ਪਾਵੋ, ਬੰਦੂਕਾਂ ਵੀ ਰੱਖੋ,
ਅਸੀਸਾਂ ਦੇ ਸਾਨੂੰ ਬਹੁਤ ਆਸਰੇ ਨੇ।
ਗਏ ਘਰ ਦੇ ਘੜਿਆਂ ਲਈ ਲੈਣ ਪਾਣੀ,
ਉਹ ਬੱਦਲ, ਸਮੁੰਦਰਾਂ 'ਚ ਮਰ ਖਪ ਗਏ ਨੇ।
ਵਧੀ ਜਾ ਰਹੇ, ਸੱਥ 'ਚ ਭੱਖੜਾ ਤੇ ਪੋਹਲੀ,
ਉਹ ਬੋਹੜਾਂ ਜਿਹੇ ਲੋਕ ਕਿਧਰ ਗਏ ਨੇ।
ਟਿਕਾ ਮੋਮ ਦੀ ਮੂਰਤੀ ਅੱਗ ਸਾਹਵੇਂ,
ਇਹ ਪਿਘਲੇ ਨਾ ਹੁਣ ਉਹ ਦੁਆ ਮੰਗਦੇ ਨੇ।
ਪਵੇਗਾ ਹੁਣੇ ਰੁੱਖ ਦੀ ਮਿਹਨਤ 'ਤੇ ਡਾਕਾ,
ਫਲਾਂ ਦੇ ਵਪਾਰੀ ਇੱਧਰ ਆ ਰਹੇ ਨੇ।
ਵਲੀ ਤਾਰ ਕੰਡਿਆਂ ਦੀ ਜਿਸ ਦੇ ਦੁਆਲੇ,
ਮਿਰੇ ਫੁੱਲ ਖਿੜੇ ਵੀ ਤਾਂ ਕਿਸ ਸ਼ਾਖ 'ਤੇ ਨੇ।

✿ ✿ ✿ ✿ ✿

ਮਿੰਨੀ ਕਹਾਣੀ

## ਸੋਧ

ਪ੍ਰਿੰਸੀਪਲ ਸਾਹਿਬ ਦਫਤਰ ਵਿਚ ਬੈਠੇ ਸਨ ਤਾਂ ਇਕ ਪਬਲਿਸ਼ਰ ਆਪਣੀ ਕੈਮਿਸਟਰੀ ਦੀ ਨਵੀਂ ਛਪੀ ਕਿਤਾਬ ਲੈ ਕੇ ਆਇਆ। ਕਿਤਾਬ ਦੀਆਂ ਉਸ ਨੇ ਕਈ ਸਿਫਤਾਂ ਕੀਤੀਆਂ। ਪ੍ਰਿੰਸੀਪਲ ਨੇ ਕਿਤਾਬ ਫੜੀ ਤੇ ਕਿਤਾਬ ਦੇ ਵਿਚੋਂ ਵਿਚੋਂ ਕਈ ਸਫੇ ਉਲਟਾ-ਪੁਲਟਾ ਕੇ ਸਰਸਰੀ ਜਿਹੀ ਨਜ਼ਰ ਮਾਰੀ। ਫਿਰ ਕਹਿਣ ਲੱਗਾ ਮੈਨੂੰ ਇਹ ਕਿਤਾਬ ਕੁਝ ਚੰਗੀ ਨਹੀਂ ਲੱਗੀ। ਇਸ ਵਿਚ ਕਾਫੀ ਗਲਤੀਆਂ ਹਨ।

ਦੋ-ਤਿੰਨ ਦਿਨਾਂ ਬਾਅਦ ਪਬਲਿਸ਼ਰ ਫਿਰ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਆ ਗਿਆ ਅਤੇ ਉਹੋ ਕਿਤਾਬ ਫੜਾ ਕੇ ਕਹਿਣ ਲੱਗਾ, 'ਪ੍ਰਿੰਸੀਪਲ ਸਾਹਿਬ, ਜ਼ਰਾ ਹੁਣ ਝਾਤੀ ਮਾਰੋ। ਗਲਤੀਆਂ ਸੋਧ ਦਿੱਤੀਆਂ ਗਈਆਂ ਹਨ।' ਪ੍ਰਿੰਸੀਪਲ ਨੇ ਕਿਤਾਬ ਖੋਲ੍ਹੀ ਤੇ ਸਫੇ ਪਲਟਾ ਕੇ ਦੇਖਿਆ।

ਚਾਰ ਵੱਖੋ-ਵੱਖ ਥਾਵਾਂ 'ਤੇ ਸੌ-ਸੌ ਦੇ ਨੋਟ ਪਏ ਹੋਏ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ ਮੈਂ ਸਬੰਧਤ ਟੀਚਰ ਨੂੰ ਕਿਤਾਬ ਲਗਾਉਣ ਲਈ ਕਹਿ ਦੇਵਾਂਗਾ। ਪਰਸੋਂ ਆ ਕੇ ਆਰਡਰ ਲੈ ਜਾਣਾ।

**-ਏ. ਐਸ. ਦੀਪਕ**

✿ ✿ ✿ ✿ ✿

# ਬਿਜਲੀ ਫ੍ਰੀ, ਪਾਣੀ ਫ੍ਰੀ, ਸੀਵਰੇਜ ਫ੍ਰੀ....



ਦੋ ਕੁ ਸਾਲਾਂ ਦੀ ਗੱਲ ਹੈ ਕਿ ਇਕ ਪਿੰਡ ਵਿਚ ਮੰਤਰੀ ਜੀ ਚੌਵੀਂ ਘੰਟੇ ਬਿਜਲੀ ਸਪਲਾਈ ਦੇ ਨੀਂਹ ਪੱਥਰ ਦਾ ਉਦਘਾਟਨ ਕਰਕੇ ਗਏ। ਪਿੰਡ ਵਾਲਿਆਂ ਨੇ ਪਹਿਲਾਂ ਤਾਂ ਬਿਜਲੀ ਦਫਤਰ ਦੇ ਸੌ ਕੁ ਗੇੜੇ ਮਾਰੇ , ਫਿਰ ਸਾਰੇ ਕਾਗਜ਼ ਪੂਰੇ ਕੀਤੇ, ਲੋੜੀਂਦੀ ਫੀਸ ਭਰੀ ਤੇ ਫਿਰ ਉਹ ਸੁਲੱਖਣਾ ਦਿਨ ਆਇਆ ਜਦੋਂ ਵਿਭਾਗ ਨੇ ਉਸ ਪਿੰਡ ਨੂੰ ਚੌਵੀ ਘੰਟੇ ਬਿਜਲੀ ਸਪਲਾਈ ਸਬੰਧੀ ਪ੍ਰਵਾਨਗੀ ਦੇ ਦਿੱਤੀ। ਪਿੰਡ ਵਾਲੇ ਬੜੇ ਖੁਸ਼ ਹੋਏ। ਪਿੰਡ ਦੇ ਛੁਟ ਭਈਏ ਨੇਤਾਵਾਂ ਨੇ ਤਾਂ ਇਲਾਕੇ ਦੇ ਮੰਤਰੀ ਜੀ ਨੂੰ ਨੀਂਹ ਪੱਥਰ ਤੋਂ ਪਰਦਾ ਹਟਾਉਣ ਲਈ ਇਕ ਸਮਾਗਮ ਰੱਖ ਕੇ ਸੱਦਿਆ। ਖੈਰ ਮੰਤਰੀ ਜੀ ਹਾਲੇ ਪਿੰਡੋਂ ਨਿਕਲੇ ਹੀ ਸਨ ਕਿ ਬਿਜਲੀ ਵੀ ਨਾਲ ਹੀ ਲੈ ਗਏ। ਉਸ ਤੋਂ ਬਾਅਦ ਫਿਰ ਉਹੀ ਪਹਿਲਾਂ ਵਾਲਾ ਹਾਲ। ਆਖਰ ਗਰਮੀ ਅਤੇ ਮੱਛਰਾਂ ਦੇ ਸਤਾਏ ਲੋਕ ਮਹੀਨੇ ਕੁ ਮਗਰੋਂ ਮੰਤਰੀ ਜੀ ਕੋਲ ਗਏ ਤਾਂ ਮੰਤਰੀ ਜੀ ਨੇ ਪਤਾ ਕੀ ਜਵਾਬ ਦਿੱਤਾ, "ਓ ਭਲਿਓ ਲੋਕੋ ਅਸੀਂ ਦਿਹਾੜੀ ਵਿਚ ਚੌਵੀ ਘੰਟੇ ਨਹੀਂ ਸਗੋਂ ਮਹੀਨੇ ਵਿਚ ਚੌਵੀਂ ਘੰਟੇ ਬਿਜਲੀ ਸਪਲਾਈ ਦਾ ਨੀਂਹ ਪੱਥਰ ਰੱਖ ਕੇ ਆਏ ਹਾਂ। ਬਾਕੀ ਤੁਹਾਨੂੰ ਕੋਈ ਸ਼ੱਕ ਹੈ ਤਾਂ ਮੁੱਖ ਮੰਤਰੀ ਜੀ ਨਾਲ ਗੱਲ ਕਰ ਲਓ।" ਤੇ ਪਿੰਡ ਵਾਲੇ ਮੂੰਹ ਲਟਕਾ ਕੇ ਵਾਪਸ ਤੁਰ ਆਏ।

ਖੈਰ ਇਹ ਤਾਂ ਸਮਝੋ ਇਕ ਚੁਟਕਲਾ ਹੀ ਸੀ ਜਿਸਨੂੰ ਬੜਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਹੁਣ ਆਉਂਦੇ ਹਾਂ ਅਸਲੀ ਗੱਲ 'ਤੇ। ਸਰਕਾਰ ਨੇ ਸਾਢੇ ਚਾਰ ਸਾਲ ਦੇ ਲਾਰਿਆਂ ਤੋਂ ਬਾਅਦ ਮੋਟਰਾਂ ਦੀ ਬਿਜਲੀ ਆਖਿਰ ਫ੍ਰੀ ਕਰ ਹੀ ਦਿੱਤੀ।

ਮੋਟਰਾਂ ਦੀ ਬਿਜਲੀ ਫ੍ਰੀ ਕੀ ਹੋਈ, ਰਿਹਾਇਸ਼ੀ ਘਰਾਂ ਤੇ ਖਾਸ ਕਰਕੇ ਸ਼ਹਿਰੀਆਂ ਨੂੰ ਤਾਂ ਪਿੱਸੂ ਹੀ ਪੈ ਗਏ। ਉਹ ਵੀ ਇਕ ਵਫਦ ਦੇ ਰੂਪ ਵਿਚ ਮੰਤਰੀ ਜੀ ਨੇ ਕਿਹਾ "ਤਥਾਅਸਤੂ, ਜਾਓ ਬੱਚਾ, ਅੱਜ ਤੋਂ ਸਾਰੇ ਘਰਾਂ, ਦੁਕਾਨਾਂ, ਫੈਕਟਰੀਆਂ, ਹਸਪਤਾਲਾਂ ਦੀ ਬਿਜਲੀ ਵੀ ਫ੍ਰੀ।" ਅਸਲ ਵਿਚ ਉਨ੍ਹਾਂ ਦਾ ਕਹਿਣ ਦਾ ਮਤਲਬ ਸੀ ਕਿ ਹੁਣ ਬਿਜਲੀ ਹੀ ਨਹੀਂ ਆਉਣੀ।

ਇਸ ਲਈ ਬਿੱਲ ਵੀ ਨਹੀਂ ਆਉਣੇ ਤਾਂ ਬਿਜਲੀ ਤਾਂ ਆਪੇ ਹੀ ਫ੍ਰੀ ਹੋ ਹੀ ਗਈ। ਹੁਣ ਇਕ ਨਵੇਂ ਸ਼ੋਸ਼ੇ ਅਨੁਸਾਰ ਸਰਕਾਰਾਂ ਨੇ ਪੰਜ ਮਰਲੇ ਤੱਕ ਦੇ ਘਰਾਂ ਦੇ ਪਾਣੀ ਤੇ ਸੀਵਰੇਜ ਦੇ ਬਿੱਲ ਵੀ ਮਾਫ ਕਰ ਦਿੱਤੇ ਹਨ। ਹਾਂ ਬਈ, ਸਰਕਾਰ ਸਿਆਣੀ ਹੈ, ਉਸਨੂੰ ਪਤਾ ਹੈ ਕਿ ਬਿਜਲੀ ਹੀ ਨਹੀਂ ਤਾਂ ਜਲ ਸਪਲਾਈ ਦੀ ਮੋਟਰ ਕਿਵੇਂ ਚੱਲੂਗੀ। ਜੇ ਮੋਟਰ ਨਾ ਚੱਲੀ ਤਾਂ ਘਰਾਂ ਦਾ ਪਾਣੀ ਕਿਵੇਂ ਜਾਊਂਗਾ ਤੇ ਪਾਣੀ ਹੀ ਨਾ ਪਹੁੰਚਿਆ ਤਾਂ ਪਾਣੀ ਦਾ ਬਿੱਲ ਵੀ ਨਹੀਂ ਆਵੇਗਾ। ਫਿਰ ਪਾਣੀ ਹੋ ਗਿਆ ਨਾ ਫ੍ਰੀ। ਇਸੇ ਤਰ੍ਹਾਂ ਨਿਗਮਾਂ ਦੀਆਂ ਗ੍ਰਾਂਟਾਂ ਬੰਦ ਕਰ ਦਿੱਤੀਆਂ ਜੇ ਕੋਈ ਪੈਸਾ ਆਉਂਦਾ ਵੀ ਹੈ ਤਾਂ ਕੌਂਸਲ ਦੇ ਮੈਂਬਰ ਤੇ ਪ੍ਰਧਾਨ ਮਿਲ ਮਿਲਾ ਕੇ ਪਹਿਲਾਂ ਹੀ ਛੱਕ ਜਾਂਦੇ ਹਨ। ਫਿਰ ਸੀਵਰੇਜ ਬੰਦ, ਸੀਵਰੇਜ ਦਾ ਪਾਣੀ ਪੀਣ ਵਾਲੀਆਂ ਟੂਟੀਆਂ ਤੇ ਨਾਲੀਆਂ ਰਾਹੀਂ ਬੈਕ ਮਾਰ ਕੇ ਘਰਾਂ ਵਿਚ ਵਾਪਸ ਹੋ ਗਿਆ ਨਾ ਸੀਵਰੇਜ ਫ੍ਰੀ ਹੁਣ ਇਕ ਹੋਰ ਨਵਾਂ ਸ਼ੋਸ਼ਾ.... ਕਹਿੰਦੇ ਬਿਜਲੀ ਪੈਟਰੋਲ ਤੇ ਸ਼ਰਾਬ ਤੋਂ ਚੁੰਗੀ ਵੀ ਫ੍ਰੀ.... ਬਈ ਸਰਕਾਰੇ, ਪਿਆਕੜਾਂ ਦਾ ਵੀ ਮਾੜਾ ਮੋਟਾ ਧਿਆਨ ਰੱਖ ਲੈਂਦੀ, ਵੋਟਾਂ ਤਾਂ ਆਖਿਰ ਦਾਰੂ ਪਿਲਾਉਣ 'ਤੇ ਹੀ ਪੈਣੀਆਂ ਹਨ। ਫਿਰ ਸ਼ਰਾਬ 'ਤੇ ਚੁੰਗੀ ਕਿਉਂ ਨਹੀਂ ਫ੍ਰੀ। ਪੈਟਰੋਲ ਜੋਗੇ ਗਰੀਬਾਂ ਕੋਲ ਪੈਸੇ ਹੀ ਨਹੀਂ.... ਤੇ ਹੋ ਗਈ ਨਾ ਪੈਟਰੋਲ ਤੇ ਚੂੰਗੀ ਵੀ ਫ੍ਰੀ। ਵਾਹ ਮੇਰੀ ਏ ਸਰਕਾਰੇ ਹੋਰ ਨਾ ਲਾਈਂ ਲਾਰੇ....

**-ਅਰਵਿੰਦਰ ਸਿੰਘ ਕੋਹਲੀ**

ਮਿੰਨੀ ਕਹਾਣੀ

## ਜਿੱਤ

ਥਾਣੇਦਾਰ ਦੇ ਹੱਥੋਂ ਬੁਰੀ ਤਰ੍ਹਾਂ ਕੁੱਟ ਖਾਣ ਦੇ ਬਾਵਜੂਦ ਉਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਚੋਰੀ ਉਸ ਨੇ ਕੀਤੀ ਹੈ। ਥਾਣੇਦਾਰ ਉਸ ਨੂੰ ਤਸੀਹੇ ਦੇ ਦੇ ਕੇ ਥੱਕ ਗਿਆ ਸੀ, ਪਰ ਉਸ ਦੀ ਇਕੋ ਰੱਟ ਸੀ, "ਨਹੀਂ ਥਾਣੇਦਾਰ ਸਾਹਿਬ! ਮੈਂ ਬੇਕਸੂਰ ਹਾਂ। ਮੇਰਾ ਯਕੀਨ ਕਰੋ। ਮੈਂ ਆਪਣੀਆਂ ਅੱਖਾਂ ਨਾਲ ਵੱਡੇ ਸਾਬ ਦੇ ਬੇਟੇ ਨੂੰ ਚੋਰੀ ਕਰਦੇ ਵੇਖਿਆ ਸੀ। ਅਸਲ ਵਿਚ ਮੁਜਰਿਮ ਮੈਂ ਨਹੀਂ, ਵੱਡੇ ਸਾਬ ਦਾ ਬੇਟਾ..!"

"ਕੀ ਬਕਦੈਂ ਓਏ? ਇਸ ਵਾਰ ਥਾਣੇਦਾਰ ਦੀ ਬੋਹੜ ਨਾਲ ਸਾਰਾ ਥਾਣਾ ਗੂੰਜ ਪਿਆ। "ਤੇਰੀ ਇਹ ਮਜਾਲ? ਵੱਡੇ ਸਾਹਿਬ ਦੇ ਬੇਟੇ 'ਤੇ ਇਲਜ਼ਾਮ ਲਾਉਂਦਾ ਏ?" ਕਹਿੰਦਾ ਹੋਇਆ ਥਾਣੇਦਾਰ ਹਵਾਲਦਾਰ ਵੱਲ ਮੁੜਿਆ ਅਤੇ ਬੋਲਿਆ, "ਜਾ ਓਏ ਹੌਲਦਾਰਾ! ਇਸ ਨੇ ਐਂ ਨੀ ਮੰਨਣਾ। ਜਾ ਕੇ ਇਸ ਦੀ ਘਰਵਾਲੀ ਤੇ ਲੜਕੀ ਨੂੰ ਚੁੱਕੇ ਕੇ ਇਥੇ..।"

"ਨਹੀਂ..," ਉਹ ਕੰਬ ਗਿਆ, "ਥਾਣੇਦਾਰ ਸਾਹਿਬ, ਮੈਂ ਚੋਰ ਹਾਂ। ਵੱਡੇ ਸਾਬ ਦਾ ਬੇਟਾ ਨਿਰਦੋਸ਼ ਹੈ।" ਇਹ ਕਹਿੰਦਿਆਂ ਉਹ ਫੁੱਟ-ਫੁੱਟ ਕੇ ਰੋ ਪਿਆ। ਮੁਜਰਿਮ ਦੇ ਜੁਰਮ ਕਬੂਲਦਿਆਂ ਹੀ ਥਾਣੇਦਾਰ ਦੇ ਤਣੇ ਹੋਏ ਚਿਹਰੇ 'ਤੇ ਜਿੱਤ ਭਰੀ ਮੁਸਕਾਨ ਫੈਲ ਗਈ।

**-ਪ੍ਰਵੀਨ ਮਲਿਕ**

## ਮੜ੍ਹੀਆਂ ਤੱਕ

ਮੁਲਾਜ਼ਮਾਂ ਦੇ ਇਕ ਸਥਾਨਕ ਆਗੂ ਦੀ ਮੌਤ ਹੋ ਗਈ। ਇਹ ਆਗੂ ਆਪਣੇ ਇਲਾਕੇ ਵਿਚ ਬਹੁਤ ਹਰਮਨ-ਪਿਆਰਾ ਸੀ। ਉਸ ਦੇ ਸਸਕਾਰ ਅਤੇ ਫਿਰ ਸ਼ੋਕ ਸਮਾਗਮ 'ਤੇ ਵਿਸ਼ਾਲ ਇਕੱਠ ਹੋਇਆ। ਸ਼ੋਕ ਸਮਾਗਮ 'ਚ ਆਲੇ-ਦੁਆਲੇ ਦੇ ਅਧਿਆਪਕਾਂ, ਕਰਮਚਾਰੀਆਂ ਤੋਂ ਇਲਾਵਾ ਪਿੰਡਾਂ ਦੇ ਬਲਾਕ ਸਮਿਤੀ ਮੈਂਬਰਾਂ ਅਤੇ ਕਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਮ੍ਰਿਤਕ ਦੇ ਵਿਭਾਗ ਦਾ ਡਿਪਟੀ ਡਾਇਰੈਕਟਰ ਵੀ ਪਹੁੰਚਿਆ ਹੋਇਆ ਸੀ। ਇਸ ਸ਼ੋਕ ਸਮਾਗਮ ਦੀ ਖਬਰ ਸਾਰੇ ਅਖਬਾਰਾਂ 'ਚ ਅਜਿਹੇ ਜਿਹੜੇ ਖੱਬੀ ਸੋਚ ਨਾਲ ਸਬੰਧਤ ਸਨ, ਉਨ੍ਹਾਂ ਨੂੰ ਵੀ ਖਬਰਾਂ ਭੇਜੀਆਂ ਗਈਆਂ। ਲਗਭੱਗ ਸਾਰੇ ਅਖਬਾਰਾਂ ਨੇ ਇਹ ਖਬਰਾਂ ਛਾਪੀਆਂ। ਕੁਝ ਇਕ ਅਖਬਾਰਾਂ ਨੇ ਤਾਂ ਮ੍ਰਿਤਕ ਆਗੂ ਦੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ ਨਾਲ ਉਸ ਦੀ ਫੋਟੋ ਵੀ ਛਾਪੀ। ਪਰ ਉਦੋਂ ਸਭ ਨੂੰ ਹੈਰਾਨੀ ਹੋਈ ਜਦੋਂ ਇਕ ਖੱਬੀ ਸੋਚ ਵਾਲੇ ਅਖਬਾਰ ਨੇ ਨਾ ਤਾਂ ਉਸ ਦੀ ਸਸਕਾਰ ਦੀ ਖਬਰ ਛਾਪੀ ਤੇ ਨਾ ਹੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ, ਹਾਲਾਂਕਿ ਉਹ ਆਗੂ ਇਸ ਅਖਬਾਰ ਦੀ ਸੋਚ ਨਾਲ ਸਬੰਧਤ ਮੁਲਾਜ਼ਮ ਫੈਡਰੇਸ਼ਨ ਦਾ ਆਗੂ ਸੀ। ਅਸਲ ਵਿਚ ਡੈਸਕ ਦੀ ਕਮਾਨ ਸੰਭਾਲਣ ਵਾਲੇ ਪੱਤਰਕਾਰ ਨੂੰ ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਇਹ ਤਸਦੀਕ ਨਹੀਂ ਹੋ ਸਕੀ ਕਿ ਮ੍ਰਿਤਕ ਆਗੂ ਉਨ੍ਹਾਂ ਦੀ ਅਖਬਾਰ ਦੀ ਸੋਚ ਨਾਲ ਸਬੰਧਤ ਫੈਡਰੇਸ਼ਨ ਦਾ ਆਗੂ ਸੀ ਜਾਂ ਹੁਣੇ-ਹੁਣੇ ਉਨ੍ਹਾਂ ਨਾਲੋਂ ਵੱਖ ਹੋਈ ਫੈਡਰੇਸ਼ਨ ਵਿਚ ਚਲਾ ਗਿਆ ਸੀ। ਪਾਰਟੀ ਦੇ ਉਤਲੇ ਆਗੂਆਂ ਦੀ ਝਾੜ-ਝੰਬ ਤੋਂ ਡਰਦਿਆਂ ਉਸ ਪੱਤਰਕਾਰ ਨੇ ਇਸ ਆਗੂ ਦੀ ਖਬਰ ਨੂੰ ਬਲੈਕ ਆਊਟ ਕਰਨਾ ਹੀ ਠੀਕ ਸਮਝਿਆ। ਖੱਬੀ ਲਹਿਰ ਵਿਚ ਪਈ ਦੁਫੇੜ ਤੇ ਗੁੱਟਬੰਦੀ, ਮੜ੍ਹੀਆਂ ਤੱਕ ਇਸ ਮਰਨ ਵਾਲੇ ਆਗੂ ਦੇ ਨਾਲ ਗਈ ਸੀ।

**-ਰਿਪੁਦਮਨ ਸਿਘ**

# ਜ਼ਿੰਦਗੀ 'ਚ ਰਸ ਪੈਦਾ ਕਰਦਾ ਹੈ ਮਿਲਣਾ-ਜੁਲਣਾ

**ਹਰੀ ਸ਼ੰਕਰ ਜੋਸ਼ੀ**



ਮਿਲਦੇ-ਜੁਲਦੇ ਰਹਿਣਾ ਸਮਾਜ ਦੀ ਇਕ ਰਵਾਇਤ ਹੈ ਜੋ ਪਤਾ ਨਹੀਂ ਕਦੋਂ ਦੀ ਚੱਲੀ ਆ ਰਹੀ ਹੈ ਅਤੇ ਇਹ ਕਹਿਣਾ ਵੀ ਮੁਸ਼ਕਲ ਹੈ ਕਿ ਕਦ ਹੋਂਦ 'ਚ ਆਈ। ਕੋਈ ਕਿਸੇ ਨਾਲ ਵੀ ਮਿਲ ਸਕਦਾ ਹੈ ਅਤੇ ਉਨ੍ਹਾਂ ਦਰਮਿਆਨ ਖਾਹਮਖਾਹ ਦੀ ਰੁਕਾਵਟ ਖੜ੍ਹੀ ਕਰਨਾ ਯੋਗ ਨਹੀਂ ਕਿਹਾ ਜਾਂਦਾ।

ਆਪਸ ਵਿਚ ਮਿਲ-ਜੁਲ ਕੇ ਇਕ ਨਵਾਂ ਰੂਪ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਹੀ ਅੱਜ-ਕੱਲ੍ਹ ਚੀਜ਼ਾਂ ਨੂੰ ਵੀ ਇਕ ਦੂਸਰੇ ਨਾਲ ਮਿਲਾਇਆ ਜਾਂਦਾ ਹੈ ਜਿਵੇਂ ਕਿ ਦੁੱਧ 'ਚ ਪਾਣੀ ਮਿਲਾਇਆ ਜਾਂਦਾ ਹੈ। ਵੱਖ-ਵੱਖ ਚੀਜ਼ਾਂ ਮਿਲਾਉਣ ਨਾਲ ਇਕ ਨਵੀਂ ਚੀਜ਼ ਦਾ ਵੀ ਨਿਰਮਾਣ ਹੋ ਜਾਂਦਾ ਹੈ ਜਿਵੇਂ ਪਾਣੀ 'ਚ ਚੀਨੀ ਮਿਲਾਈ ਜਾਵੇ ਤਾਂ ਸਰਬਤ ਤਿਆਰ ਹੋ ਜਾਂਦਾ ਹੈ। ਜਿੱਥੇ ਸੜਕਾਂ ਆ ਕੇ ਮਿਲਦੀਆਂ ਹਨ ਉਥੇ ਨਵੀਂ ਚੀਜ਼ ਚੌਕ ਦਾ ਨਿਰਮਾਣ ਹੋ ਜਾਂਦਾ ਹੈ।

ਸਮਾਜ 'ਚ ਅੱਡ-ਅੱਡ ਉਮਰ ਵਰਗਾਂ ਦੇ ਲੋਕ ਮਿਲਦੇ-ਮਿਲਾਉਂਦੇ ਹਿੰਦੇ ਹਨ। ਬੱਚੇ ਬੱਚੇ ਨਾਲ ਮਿਲਦੇ ਹਨ ਅਤੇ ਟੀਮਾਂ ਬਣਾ ਲੈਂਦੇ ਹਨ। ਬਜ਼ੁਰਗ ਬਜ਼ੁਰਗਾਂ ਨਾਲ ਮਿਲ ਕੇ ਨਵੇਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦੇ ਹਨ। ਇਸ ਮੇਲ-ਮਿਲਾਪ ਨਾਲ ਹੀ ਭਾਈਚਾਰਿਆਂ ਦਾ ਨਿਰਮਾਣ ਹੁੰਦਾ ਹੈ।

ਭਾਈਚਾਰੇ ਵੱਖ-ਵੱਖ ਕਿਸਮ ਦੇ ਹੁੰਦੇ ਹਨ ਅਤੇ ਇਨ੍ਹਾਂ ਦੇ ਰੂਪ ਤੈਅ ਕਰਦੇ ਹਨ ਕਿ ਕੋਈ ਭਾਈਚਾਰਾ ਹੈ, ਟੋਲੀ ਹੈ ਜਾਂ ਕਿ ਕੋਈ ਗਿਰੋਹ ਹੈ। ਚੋਰ ਅਤੇ ਡਾਕੂ ਵੀ ਦੂਰੋ-ਦੂਰੋ ਇਕ ਦੂਸਰੇ ਨੂੰ ਆਣ ਮਿਲਦੇ ਹਨ ਅਤੇ ਆਪਣਾ ਵਿਸ਼ੇਸ਼ ਟੋਲਾ ਬਣਾ ਲੈਂਦੇ ਹਨ। ਭਾਵੇਂ ਇਹ ਗੈਰ-ਸਮਾਜਿਕ ਕੰਮ ਕਰਦੇ ਹਨ ਅਤੇ ਕਈ ਵਾਰ ਤਾਂ ਭੈੜੇ ਤੋਂ ਭੈੜਾ ਜੁਰਮ ਵੀ ਅੰਜਾਮ ਦਿੰਦੇ ਹਨ ਪਰ ਆਪਸ ਵਿਚ ਇਹ ਇਹੋ ਸਮਝਦੇ ਹਨ ਕਿ ਉਹ ਮਿਲ-ਜੁਲ ਕੇ ਹੀ ਕੰਮ ਚਲਾ ਰਹੇ ਹਨ।

ਦੂਸਰੇ ਪਾਸੇ ਪਰਿਵਾਰ ਨਾਲ ਮੇਲ-ਮਿਲਾਪ, ਰਿਸ਼ਤੇਦਾਰਾਂ ਦਾ ਆਪਸ ਵਿਚ ਮਿਲਣਾ-ਮਿਲਾਉਣਾ ਬਹੁਤ ਵਧੀਆ ਰਹਿੰਦਾ ਹੈ। ਇਹ ਦੇਖਣ ਨੂੰ ਵੀ ਬੜਾ ਚੰਗਾ ਲੱਗਦਾ ਹੈ ਅਤੇ ਇਸ ਦੇ ਸਭਨਾਂ ਲਈ ਫਾਇਦੇ ਵੀ ਹਨ। ਮਿਲੇ-ਜੁਲੇ ਬਿਨਾਂ ਕੰਮ ਨਹੀਂ ਚਲਦੇ।

ਮੇਲ-ਜੋਲ ਨੇ ਇਤਿਹਾਸ ਵਿਚ ਵੀ ਵੱਡੀਆਂ ਮੱਲ੍ਹਾਂ ਮਾਰੀਆਂ ਹਨ। ਸਾਡੇ ਦੇਸ਼ ਵਿਚ ਹਿੰਦੀ ਅਤੇ ਫਾਰਸੀ ਦੇ ਮੇਲ ਨੇ ਉਰਦੂ ਜਿਹੀ ਸ਼ਾਨਦਾਰ ਬੋਲੀ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ ਹੀ ਯੂਰਪ 'ਚ ਵੀ ਵਾਪਰਿਆ ਹੈ ਜਿੱਥੇ ਵੱਖ-ਵੱਖ ਭਾਸ਼ਾਵਾਂ ਦੇ ਮੇਲ-ਜੋਲ ਨੇ ਕਈ ਭਾਸ਼ਾਵਾਂ ਨੂੰ ਜਨਮ ਦਿੱਤਾ ਹੈ।

ਮੇਲ-ਜੋਲ ਦੀ ਫ਼ਿਤਰਤ ਹੀ ਐਸੀ ਹੈ ਕਿ ਯੋਗ ਮੇਲ-ਜੋਲ ਨਾਲ ਜ਼ਿੰਦਗੀ ਦਾ ਪਤਾ ਨਹੀਂ ਕਿਹੜਾ-ਕਿਹੜਾ ਕੰਮ ਚੱਲ ਰਿਹਾ ਹੈ। ਜਿੱਥੋਂ ਤੱਕ ਸੁਆਦਾਂ ਦਾ ਸਬੰਧ ਹੈ, ਇਹ ਮੇਲ-ਜੋਲ ਅਤੇ ਮਿਸ਼ਰਣ ਦੀ ਅਦਭੁੱਤ ਮਿਸਾਲ ਪੇਸ਼ ਕਰਦੇ ਹਨ। ਦਾਲ 'ਚ ਨਮਕ ਮਿਲਾਉਣਾ, ਆਲੂ 'ਚ ਮਸਾਲਾ ਮਿਲਾਉਣਾ ਅਤੇ ਬਣਾਈਆਂ ਜਾ ਰਹੀਆਂ ਸਬਜ਼ੀਆਂ 'ਚ ਤਰ੍ਹਾਂ-ਤਰ੍ਹਾਂ ਦੇ ਮਸਾਲਿਆਂ ਨੂੰ ਮਿਲਾਉਣ ਨਾਲ ਤਰ੍ਹਾਂ-ਤਰ੍ਹਾਂ ਦੇ ਜਾਇਕੇ ਸਾਹਮਣੇ ਆਉਂਦੇ ਨ।

ਇਸ ਲਈ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਮੇਲ-ਜੋਲ ਨਾਲ ਹੀ ਸੰਸਾਰ ਦੇ ਕਈ ਛੋਟੇ-ਵੱਡੇ ਕੰਮ ਚਲ ਰਹੇ ਹਨ ਜਿਨ੍ਹਾਂ ਤੋਂ ਬਗੈਰ ਜ਼ਿੰਦਗੀ 'ਚ ਅੱਜ ਵਾਲਾ ਰਸ ਨਹੀਂ ਰਹਿਣਾ ਸੀ। ਮਿਲਣ-ਜੁਲਣ ਅਤੇ ਮਿਲਣ-ਮਿਲਵਾਉਣ ਦਾ ਸਿਲਸਿਲਾ ਇਕ ਅਜਿਹਾ ਸਿਲਸਿਲਾ ਹੈ ਜਿਹੜਾ ਨਿਰੰਤਰ ਚਲਦਾ ਆਇਆ ਹੈ ਅਤੇ ਨਿਰੰਤਰ ਚਲਦਾ ਰਹੇਗਾ। ਸਾਫ਼ ਹੈ ਕਿ ਯੋਗ ਮਿਲਣ-ਜੁਲਣ ਦੀਆਂ ਕਾਰਵਾਈਆਂ 'ਤੇ ਰੋਕ ਲਗਾਉਣੀ ਸਰਾਸਰ ਗਲਤ ਹੈ। ਮਿਲਦੇ-ਜੁਲਦੇ ਰਹੋ, ਮਿਲਦੇ-ਮਿਲਵਾਉਂਦੇ ਹੋ ਅਤੇ ਦਿਲ ਦਾ ਹਾਲ ਸੁਣਾਉਂਦੇ ਹੋ।

# ਸਿੱਖਿਆ ਅਧਿਕਾਰ ਕਾਨੂੰਨ : ਦ੍ਰਿੜ੍ਹ ਇਰਾਦਾ ਤੇ ਲੋੜੀਂਦਾ ਬਜਟ ਹੀ ਲਾਵੇਗਾ ਪਾਰ

**ਮਾਸਟਰ ਹੰਸ ਰਾਜ**

ਪਹਿਲੀ ਅਪ੍ਰੈਲ ਤੋਂ ਸਿੱਖਿਆ ਅਧਿਕਾਰ ਬਿੱਲ ਲਾਗੂ ਹੋ ਗਿਆ ਹੈ, 86ਵੀਂ ਸੋਧ ਰਾਹੀਂ ਇਸ ਬਿੱਲ ਨੂੰ ਮੌਲਿਕ ਅਧਿਕਾਰਾਂ ਦਾ ਦਰਜਾ ਪ੍ਰਾਪਤ ਹੋ ਗਿਆ ਹੈ। ਕੇਂਦਰ ਸਰਕਾਰ ਦੀਆਂ ਰਿਪੋਰਟਾਂ ਮੁਤਾਬਕ ਲਗਭਗ 92 ਲੱਖ 6 ਤੋਂ 14 ਸਾਲ ਦੇ ਬੱਚੇ ਸਕੂਲਾਂ ਤੋਂ ਬਾਹਰ ਹਨ, ਪਰ ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਇਸ ਉਮਰ ਗੁੱਟ ਦੇ ਬੱਚਿਆਂ ਦੀ ਗਿਣਤੀ 22 ਕਰੋੜ ਦੇ ਆਸ-ਪਾਸ ਹੈ ਅਤੇ ਲਗਭਗ ਸਾਢੇ ਚਾਰ ਕਰੋੜ ਬੱਚੇ ਸਕੂਲਾਂ ਤੋਂ ਬਾਹਰ ਹਨ। ਅਗਲੇ ਪੰਜ ਸਾਲਾਂ ਵਿਚ ਇਸ ਪਵਿੱਤਰ ਅਤੇ ਨੇਕ ਕੰਮ ਲਈ 1.71 ਲੱਖ ਕਰੋੜ ਦੇ ਵੱਡੇ ਬਜਟ ਦੀ ਜ਼ਰੂਰਤ ਹੈ। ਕੇਂਦਰੀ ਮੰਤਰੀ ਕਪਿਲ ਸਿੱਬਲ ਅਤੇ ਪ੍ਰਧਾਨ ਮੰਤਰੀ ਜਿੰਨੇ ਮਰਜ਼ੀ ਦਾਅਵੇ ਕਰੀ ਜਾਣ ਪਰ ਲੋੜੀਂਦੇ ਬਜਟ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਤੋਂ ਬਿਨਾਂ ਸਿੱਖਿਆ ਅਧਿਕਾਰ ਬਿਲ ਵਿਚਲੀਆਂ ਬਹੁਤ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨਾ ਸੌਖਾ ਕੰਮ ਨਹੀਂ ਹੈ। ਪਹਿਲੇ ਪੜਾਅ ਅਧੀਨ ਹੀ ਕੇਂਦਰੀ ਅਤੇ ਰਾਜ ਸਰਕਾਰਾਂ ਇਸ ਬਿਲ ਨੂੰ ਲਾਗੂ ਕਰਨ ਲਈ ਜਿਸ ਤਰ੍ਹਾਂ ਇਕ ਦੂਜੇ ਨੂੰ ਘੂਰੀਆਂ ਵੱਟ ਰਹੀਆਂ ਹਨ, ਉਸ ਤੋਂ ਅਜਿਹਾ ਜਾਪ ਰਿਹਾ ਹੈ ਕਿ ਬਾਲ ਮਜ਼ਦੂਰੀ ਵਿਰੋਧੀ ਐਕਟ ਵਾਂਗ ਇਹ ਬਿਲ ਵੀ ਕਿਤੇ ਫਾਇਲਾਂ ਦਾ ਸ਼ਿੰਗਾਰ ਬਣਕੇ ਨਾ ਰਹਿ ਜਾਵੇ।

ਸਾਲ 2010 ਲਈ ਹੀ ਸਰਕਾਰ ਨੂੰ 30 ਹਜ਼ਾਰ ਕਰੋੜ ਰੁਪਿਆ ਦੀ ਲੋੜ ਸੀ, ਪਰ ਸਰਕਾਰ 15 ਹਜ਼ਾਰ ਕਰੋੜ ਦਾ ਹੀ ਪ੍ਰਬੰਧ ਕਰ ਸਕੀ ਹੈ। ਕੇਂਦਰ ਅਤੇ ਰਾਜਾਂ ਨੇ ਇਸ ਬਿਲ ਨੂੰ ਲਾਗੂ ਕਰਨ ਲਈ 55 ਪ੍ਰਤੀਸ਼ਤ ਕੇਂਦਰ ਅਤੇ 45 ਪ੍ਰਤੀਸ਼ਤ ਲਈ ਰਾਜਾਂ ਨੇ ਸਹਿਮਤੀ ਦੇ ਦਿੱਤੀ ਹੈ, ਪਰ ਅੰਦਰੋਂ-ਅੰਦਰੀ ਰਾਜ ਸਰਕਾਰਾਂ ਕੇਂਦਰ ਨੂੰ ਘੂਰੀਆਂ ਵੱਟ ਰਹੀਆਂ ਹਨ ਕਿਉਂਕਿ ਪਹਿਲਾਂ ਤੋਂ ਹੀ ਜਾਰੀ ਸਰਵ ਸਿੱਖਿਆ ਅਭਿਆਨ ਵੀ ਰਾਜਾਂ ਵੱਲੋਂ ਸਹਿਯੋਗ ਨਾ ਕਰਨ ਕਰਕੇ ਆਪਣੇ ਟੀਚੇ ਤੱਕ ਨਹੀਂ ਪਹੁੰਚ ਰਿਹਾ, ਕਿਉਂਕਿ 2002 ਤੋਂ ਕੇਂਦਰ ਨੇ ਰਾਜਾਂ ਨੂੰ 85 ਪ੍ਰਤੀਸ਼ਤ, ਫ਼ਿਰ 65 ਪ੍ਰਤੀਸ਼ਤ ਤੇ ਮੌਜੂਦਾ ਸਥਿਤੀ ਵਿਚ 55 ਪ੍ਰਤੀਸ਼ਤ ਬਜਟ ਜਾਰੀ ਕੀਤਾ, ਪਰ ਰਾਜ ਸਰਕਾਰਾਂ 15 ਤੇ 35 ਪ੍ਰਤੀਸ਼ਤ ਹਿੱਸਾ ਪਾਉਣ ਵਿਚ ਅਸਫ਼ਲ ਰਹੀਆਂ। ਸਰਵ ਸਿੱਖਿਆ ਅਭਿਆਨ ਅਸਲ ਵਿਚ 6 ਤੋਂ 14 ਸਾਲਾਂ ਦੇ ਬੱਚਿਆਂ ਦੀ ਅੱਠ ਸਾਲਾਂ ਪੜ੍ਹਾਈ ਪੂਰੀ ਕਰਵਾਉਣ ਲਈ ਅਮਲ ਵਿਚ ਲਿਆਂਦਾ ਗਿਆ, ਪਰ ਫਰਜ਼ੀ ਅੰਕੜਿਆਂ ਦੀ ਢਿੱਡ ਭਰਾਈ ਕਾਰਨ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਿਆ, ਜਿਸ ਕਾਰਨ 8 ਸਾਲਾਂ ਬਾਅਦ ਵੀ ਇਹ ਸੱਚਾਈ ਸਾਹਮਣੇ ਆ ਗਈ ਕਿ ਅਜੇ ਵੀ ਦੇਸ਼ ਦੇ 4.50 ਕਰੋੜ ਬੱਚੇ ਸਕੂਲਾਂ ਤੋਂ ਬਾਹਰ ਹਨ ਜਿਨ੍ਹਾਂ ਨੂੰ ਸਕੂਲਾਂ ਅੰਦਰ ਲਿਆਉਣ ਲਈ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕੀਤੇ ਜਾ ਰਹੇ। ਹੁਣ ਜਿਵੇਂ-ਜਿਵੇਂ ਸਰਕਾਰਾਂ ਸਿੱਖਿਆ ਤੋਂ ਆਪਣੇ ਹੱਥ ਪਿਛਾਂਹ ਖਿੱਚ ਰਹੀਆਂ ਹਨ ਤਾਂ ਇਸ ਗੱਲ ਤੇ ਕਿਵੇਂ ਯਕੀਨ ਕੀਤਾ ਜਾਵੇ ਕਿ ਸਿੱਖਿਆ ਅਧਿਕਾਰ ਬਿਲ ਅਮਲੀ ਰੂਪ ਲੈ ਲਵੇਗਾ। ਨਿੱਜੀਕਰਨ ਦੀ ਹਨੇਰੀ ਜਿਸ ਤਰ੍ਹਾਂ ਝੁੱਲ ਰਹੀ ਹੈ ਅਤੇ ਜਿਸ ਨੂੰ ਝੁਲਾਉਣ ਲਈ ਸੱਤਾ ਦੇ ਕਾਬਜ਼ ਆਪ ਹੀ ਹਿੱਸੇਦਾਰ ਹਨ, ਉਹ ਗਰੀਬਾਂ ਨੂੰ ਕਿਉਂ ਮੁਫ਼ਤ ਪੜ੍ਹਾਉਣਗੇ, ਗੈਰ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਮਾਨਤਾ ਦੇਣ ਤੋਂ ਪਹਿਲਾਂ ਵੀ ਸਬੰਧਤ ਬੋਰਡ ਅਤੇ ਰਾਜ ਸਰਕਾਰਾਂ ਇਹ ਸ਼ਰਤਾਂ ਮਨਵਾਉਂਦੀਆਂ ਨ ਕਿ ਉਹ ਸਿੱਖਿਆ ਨੂੰ ਦੁਕਾਨਦਾਰੀ ਨਹੀਂ ਬਣਾਉਣਗੇ ਅਤੇ ਦੱਬੇ-ਕੁਚਲੇ ਵਰਗਾਂ ਨੂੰ ਬਰਾਬਰ ਦੇ ਮੌਕੇ ਦੇਣਗੇ, ਪਰ ਇਹ ਸ਼ਰਤਾਂ ਕਿਵੇਂ ਮੰਨੀਆਂ-ਮਨਾਈਆਂ ਤੇ ਲਾਗੂ ਹੁੰਦੀਆਂ ਹਨ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ। ਕੇਂਦਰੀ ਹਾਕਮ ਸਭ ਲਈ ਸਿੱਖਿਆ ਤੇ ਇੱਕੋ ਵਰਗੀ ਸਿੱਖਿਆ ਦੇ ਜਿਹੜੇ ਸਬਜ਼ਬਾਗ ਵਿਖਾ ਰਹੇ ਹਨ ਇਨ੍ਹਾਂ 'ਤੇ ਅਮਲ ਇਸ ਕਰਕੇ ਵੀ ਨਹੀਂ ਹੋਣਾ ਕਿਉਂਕਿ ਕੁਰਸੀਆਂ ਦੇ ਮੋਹ ਵਿਚ ਫਸੀ ਸਿਆਸਤ ਇਹ ਕਦੇ ਨਹੀਂ ਚਾਹੇਗੀ ਕਿ ਲੋਕਾਂ ਵਿਚ ਚੇਤਨਾ ਆਵੇ ਅਤੇ ਉਨ੍ਹਾਂ ਦੀਆਂ ਕੁਰਸੀਆਂ ਖੁੱਸ ਜਾਣ। ਇਸ ਲਈ ਕਦੇ ਪੈਸੇ ਦਾ ਰੋਣਾ, ਕਦੇ ਮਾੜੀ ਨੀਅਤ ਤੇ ਨੀਤੀਆਂ ਲੋਕ ਹਿੱਤ ਵਿਚ ਬਣਾਏ ਕਾਨੂੰਨਾਂ ਤੇ ਭਾਰੀ ਪੈ ਜਾਂਦੀਆਂ ਹਨ ਜਿਸ ਕਾਰਨ ਬਣਾਏ ਕਾਨੂੰਨ ਸਿਰਫ਼ ਛਲਾਵਾ ਬਣ ਕੇ ਰਹਿ ਜਾਂਦੇ ਹਨ। ਵੈਸੇ ਵੀ ਕੇਂਦਰੀ ਮੰਤਰੀ ਆਪਣੀ ਠੁੱਕ ਬੰਨਣ ਲਈ ਚੌਥੇ ਮਿੰਟ ਹੀ ਆਪਣੇ ਪਹਿਲੇ ਦਿੱਤੇ ਬਿਆਨ ਤੋਂ ਪਲਟੀ ਮਾਰ ਜਾਂਦੇ ਹਨ, ਅਜਿਹਾ ਉਹ ਕਿਸ ਮਜਬੂਰੀਵਸ ਕਰਦੇ ਹਨ ਇਸ ਬਾਰੇ ਕੁਝ ਕਹਿਣਾ ਔਖਾ ਹੈ। ਪਰ ਨੇੜ-ਭਵਿੱਖ ਵਿਚ ਕੇਂਦਰੀ ਅਤੇ ਰਾਜ ਸਰਕਾਰਾਂ ਕੋਲ ਅਜਿਹੀ ਕੋਈ ਨੀਤੀ ਨਹੀਂ ਜਿਸ ਨਾਲ ਸਿੱਖਿਆ ਅਧਿਕਾਰ ਬਿਲ ਅਮਲੀ ਰੂਪ ਧਾਰਨ ਕਰ ਲਵੇ। 4.50 ਕਰੋੜ ਬੱਚਿਆਂ ਲਈ 15 ਲੱਖ ਅਧਿਆਪਕਾਂ ਦੀ ਲੋੜ ਹੈ ਅਤੇ ਲਗਭਗ 70 ਤੋਂ 80 ਹਜ਼ਾਰ ਨਵੇਂ ਸਕੂਲਾਂ ਦੀ ਲੋੜ ਹੈ ਅਤੇ ਸਰਕਾਰ ਆਪ ਮੰਨ ਰਹੀ ਹੈ ਕਿ ਅਜਿਹਾ ਕਰਨ ਲਈ 200 ਲੱਖ ਕਰੋੜ ਦੀ ਜ਼ਰੂਰਤ ਹੈ, ਪਰ ਕਪਿਲ ਸਿੱਬਲ ਕੁਝ ਦਿਨ ਪਹਿਲਾਂ ਆਪ ਹੀ ਕਹਿ ਰਹੇ ਸਨ ਇਹ ਪੈਸਾ ਆਵੇਗਾ ਕਿੱਥੋਂ, ਜੇ ਸਾਧਨਾਂ ਦਾ ਹੀ ਪਤਾ ਨਹੀਂ ਤਾਂ ਮੋਰਚਾ ਫਤਿਹ ਕਿਵੇਂ ਹੋਵੇਗਾ। ਰਾਜ ਸਰਕਾਰਾਂ ਕੇਂਦਰ ਦੇ ਮੂੰਹ ਵੱਲ ਝਾਕ ਰਹੀਆਂ ਹਨ ਕਿ ਪੈਸਾ ਮਿਲੇਗਾ ਤਾਂ ਕੁਝ ਕਰਾਂਗੇ, ਨਹੀਂ ਤਾਂ ਚੁੱਪ ਕਰਕੇ ਸੁਣਾਂਗੇ, ਅਮਲ ਤਾਂ ਬਾਅਦ ਦੀ ਗੱਲ ਹੈ। ਪੰਜਾਬ ਦੀ ਹਾਲਤ ਹੀ ਲੈ ਲਵੋ ਇੱਥੋਂ ਦੇ 20 ਹਜ਼ਾਰ ਸਰਕਾਰੀ ਸਕੂਲਾਂ ਦਾ ਕੀ ਹਾਲ ਹੈ? ਨਵੀਂ ਭਰਤੀ ਲਈ ਕੀ ਹੋ ਰਿਹਾ ਹੈ? ਠੇਕੇ ਦੀਆਂ ਭਰਤੀਆਂ ਅਤੇ ਜਾਂ ਫ਼ਿਰ ਖਾਲੀ ਆਸਾਮੀਆਂ ਵਾਲੇ ਸਕੂਲ ਕਿਹੋ ਜਿਹੀ ਸਿੱਖਿਆ ਦੇ ਰਹੇ ਹਨ?

# ਸਰਕਾਰ ਵੱਲੋਂ ਖੋਲ੍ਹੇ ਦੋ ਨਵੇਂ ਕਾਲਜ ਹੋਏ 'ਲਾਵਾਰਸ'

ਚੰਡੀਗੜ੍ਹ, 6 ਸਤੰਬਰ (ਪ.ਪ.)-ਪੰਜਾਬ ਸਰਕਾਰ ਵੱਲੋਂ ਖੋਲ੍ਹੇ ਦੋ ਸਰਕਾਰੀ ਕਾਲਜ 'ਲਾਵਾਰਸ' ਹੋ ਕੇ ਰਹਿ ਗਏ ਹਨ। ਉਚੇਰੀ ਸਿੱਖਿਆ ਵਿਭਾਗ ਨੇ ਧਰਮਕੋਟ ਅਤੇ ਫ਼ਿਰੋਜ਼ਪੁਰ ਵਿੱਚ ਖੋਲ੍ਹੇ ਸਰਕਾਰੀ ਕਾਲਜਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਪੰਜਾਬ ਯੂਨੀਵਰਸਿਟੀ ਸਿਰ ਪਾ ਦਿੱਤੀ ਸੀ। ਯੂਨੀਵਰਸਿਟੀ ਸੈਨੇਟ ਨੇ ਸਰਕਾਰੀ ਕਾਲਜਾਂ ਦਾ ਵਿੱਤੀ ਭਾਰ ਢੋਣ ਤੋਂ ਨਾਂਹ ਕਰਦਿਆਂ ਇਨ੍ਹਾਂ ਨੂੰ ਕਾਂਸਟੀਚੂਐਂਟ ਕਾਲਜਾਂ ਵਜੋਂ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਉਚੇਰੀ ਸਿੱਖਿਆ ਵਿਭਾਗ ਵੱਲੋਂ ਪੇਂਡੂ ਖੇਤਰ ਵਿੱਚ ਗਿਆਰਾਂ ਡਿਗਰੀ ਕਾਲਜ ਖੋਲ੍ਹੇ ਗਏ ਸਨ। ਕਾਲਜ ਖੋਲ੍ਹਣ ਦਾ ਫ਼ੈਸਲਾ ਲੈਣ ਵੇਲੇ ਸਰਕਾਰ ਨੇ ਇਨ੍ਹਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਆਪਣੇ ਕੋਲ ਰੱਖੀ ਸੀ ਪਰ ਬਾਅਦ ਵਿੱਚ ਇਨ੍ਹਾਂ ਨੂੰ ਵੰਡ ਕੇ ਤਿੰਨਾਂ ਯੂਨੀਵਰਸਿਟੀਆਂ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਦੋ ਕਾਲਜ ਪੰਜਾਬ ਯੂਨੀਵਰਸਿਟੀ ਦੇ ਗੁਣੇ ਪਏ ਸਨ। ਸਰਕਾਰ ਵੱਲੋਂ ਕਾਲਜਾਂ ਦੀਆਂ ਅੱਧੀਆਂ-ਅਧੂਰੀਆਂ ਇਮਾਰਤਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ ਹਨ ਪਰ ਨਾ ਅਧਿਆਪਕ ਰੱਖੇ ਗਏ ਅਤੇ ਨਾ ਹੀ ਮੁਢਲਾ ਆਧਾਰੀ ਢਾਂਚਾ ਮੁਹਈਆ ਕਰਵਾਇਆ ਗਿਆ। ਪੰਜਾਬ ਯੂਨੀਵਰਸਿਟੀ ਵੱਲੋਂ ਇਨ੍ਹਾਂ ਦੋਵੇਂ ਕਾਲਜਾਂ ਨੂੰ ਬਤੌਰ ਸਰਕਾਰੀ ਕਾਲਜ ਮਾਨਤਾ ਦੇ ਦਿੱਤੀ ਗਈ ਸੀ ਪਰ ਇਨ੍ਹਾਂ ਨੂੰ ਕਾਂਸਟੀਚੂਐਂਟ ਕਾਲਜ ਦਾ ਨਾਂ ਦੇ ਕੇ ਵਿੱਤੀ ਭਾਰ ਚੁੱਕਣ ਤੋਂ ਨਾਂਹ ਕਰ ਦਿੱਤੀ ਹੈ। ਸੈਨੇਟ ਨੇ ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੂੰ ਕਿਹਾ ਹੈ ਕਿ ਇਨ੍ਹਾਂ ਕਾਲਜਾਂ ਨੂੰ ਆਪਣੇ ਹੱਥ ਵਿੱਚ ਲਏ ਜਾਣ ਤੋਂ ਪਹਿਲਾਂ ਸਰਕਾਰ ਨਾਲ ਲਿਖਤੀ ਸਮਝੌਤਾ ਕੀਤਾ ਜਾਵੇ, ਜਿਸ ਵਿੱਚ ਸਰਕਾਰ ਕਾਲਜਾਂ ਦਾ ਸਾਰਾ ਵਿੱਤੀ ਭਾਰ ਚੁੱਕਣ ਦੀ ਜ਼ਿੰਮੇਵਾਰੀ ਉਚੇਰੀ ਸਿੱਖਿਆ ਵਿਭਾਗ ਸਿਰ ਪਾਵੇ।

ਪੰਜਾਬ ਯੂਨੀਵਰਸਿਟੀ ਵੱਲੋਂ ਪਹਿਲਾਂ ਚਾਰ ਕਾਂਸਟੀਚੂਐਂਟ ਕਾਲਜ ਚਲਾਏ ਜਾ ਰਹੇ ਹਨ।

ਇਨ੍ਹਾਂ ਕਾਲਜਾਂ ਵਾਸਤੇ ਪੰਜਾਬ ਸਰਕਾਰ ਪੂਰੀ ਗ੍ਰਾਂਟ ਦੇਣ ਤੋਂ ਭੱਜਣ ਲੱਗ ਪਈ ਹੈ। ਯੂਨੀਵਰਸਿਟੀ ਬਿਜ਼ਨਸ ਸਕੂਲ ਦੇ ਪ੍ਰੋਫੈਸਰ ਅਤੇ ਸੈਨੇਟਰ ਪ੍ਰੋ. ਕਰਮਜੀਤ ਸਿੰਘ ਵੱਲੋਂ ਸੈਨੇਟ ਨੂੰ ਦਿੱਤੇ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਪ੍ਰਤੀ ਕਾਲਜ ਡੇਢ ਕਰੋੜ ਰੁਪਏ ਦੀ ਸਾਲਾਨਾ ਗ੍ਰਾਂਟ ਦੇ ਰਹੀ ਹੈ ਅਤੇ ਦੋ ਕਰੋੜ 61 ਲੱਖ ਰੁਪਏ ਵਿਦਿਆਰਥੀਆਂ ਤੋਂ ਫ਼ੀਸ ਆ ਰਹੀ ਹੈ ਜਦੋਂਕਿ ਖ਼ਰਚਾ ਇਸ ਤੋਂ ਕਿਤੇ ਵਧੇਰੇ ਹੈ। ਯੂਨੀਵਰਸਿਟੀ 2.69 ਕਰੋੜ ਰੁਪਏ ਦਾ ਵਾਧੂ ਦਾ ਭਾਰ ਢੋਣ ਲਈ ਮਜਬੂਰ ਹੈ। ਸੈਨੇਟ ਨੇ ਹੁਣ ਦੋਵੇਂ ਨਵੇਂ ਕਾਲਜਾਂ ਨੂੰ ਕਾਂਸਟੀਚੂਐਂਟ ਵਜੋਂ ਮਾਨਤਾ ਦੇਣ ਤੋਂ ਨਾਂਹ ਕਰਦਿਆਂ ਪਹਿਲਾਂ ਸਰਕਾਰ ਨਾਲ ਲਿਖਤੀ ਸਮਝੌਤਾ ਕਰਨ ਲਈ ਕਿਹਾ ਹੈ।

ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੇ ਕੇਂਦਰ ਸਰਕਾਰ ਵੱਲੋਂ ਵਿੱਤੀ ਗ੍ਰਾਂਟ ਰਿਲੀਜ਼ ਕਰਨ ਲਈ ਆਨਾਕਾਨੀ ਦੇ ਚਲਦਿਆਂ ਛੇ ਮਹੀਨਿਆਂ ਤੋਂ ਬਾਅਦ ਅਧਿਆਪਕਾਂ ਨੂੰ ਤਨਖਾਹਾਂ ਦੇਣ 'ਚ ਆਉਣ ਵਾਲੀ ਮੁਸ਼ਕਲ ਦੀ ਤਸਵੀਰ ਪੇਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਫੰਡ ਨਾ ਮਿਲਣ ਦੀ ਸੂਰਤ ਵਿੱਚ ਜਨਵਰੀ 2017 ਤੋਂ ਬਾਅਦ ਯੂਨੀਵਰਸਿਟੀ ਨੂੰ ਚਲਾਉਣਾ ਮੁਸ਼ਕਲ ਹੋ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ 252 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਹੈ ਅਤੇ ਚਾਲੂ ਸਾਲ ਦੌਰਾਨ ਅਜੇ ਤਕ ਕੇਵਲ 90 ਕਰੋੜ ਪ੍ਰਾਪਤ ਹੋਏ ਹਨ।

ਨਹੀਂ ਆਵੇਗਾ ਕੋਈ ਵਿੱਤੀ ਸੰਕਟ: ਰੱਖੜਾ

ਉਚੇਰੀ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਹੈ ਕਿ ਨਵੇਂ ਖੋਲ੍ਹੇ ਸਰਕਾਰੀ ਕਾਲਜ ਯੂਨੀਵਰਸਿਟੀਆਂ ਨੂੰ ਇਸ ਲਈ ਦਿੱਤੇ ਗਏ ਹਨ ਕਿਉਂਕਿ ਉਚ ਵਿਦਿਅਕ ਅਦਾਰਿਆਂ ਕੋਲ ਬਿਹਤਰ ਤਜਰਬਾ ਹੈ। ਉਨ੍ਹਾਂ ਨੇ ਕਾਲਜਾਂ ਨੂੰ ਕੋਈ ਵਿੱਤੀ ਸੰਕਟ ਨਾ ਆਉਣ ਦੇਣ ਦਾ ਭਰੋਸਾ ਦਿੱਤਾ ਹੈ।

# ਪੰਜਾਬ ਵਿੱਚ ਨਹਿਰੀ ਪਾਣੀ ਦੇ ਬੁਨਿਆਦੀ ਢਾਂਚੇ ਨਹਿਰਾਂ ਅਤੇ ਖਾਲਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ: ਚੇਤਨ ਸਿੰਘ ਜੌੜਾਮਾਜਰਾ

**➢ ਬੱਲੂਆਣਾ ਹਲਕੇ ਵਿੱਚ 9.51 ਕਰੋੜ ਰੁਪਏ ਨਾਲ ਬਣਨ ਵਾਲੀ ਆਜ਼ਮਵਾਲਾ ਮਾਈਨਰ ਦੇ ਕੰਮ ਦਾ ਰੱਖਿਆ ਨੀਹ ਪੱਥਰ ➢ 13,685 ਏਕੜ ਰਕਬੇ ਨੂੰ ਮਿਲਣਗੀਆਂ ਬਿਹਤਰ ਸਿੰਜਾਈ ਸਹੂਲਤਾਂ**

**ਫਾਜ਼ਿਲਕਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਜਲ ਸਰੋਤ ਅਤੇ ਬਾਗਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਬੱਲੂਆਣਾ ਹਲਕੇ ਦੇ ਪਿੰਡ ਆਜ਼ਮਵਾਲਾ ਵਿਖੇ ਨਵੀਂ ਬਣਨ ਵਾਲੀ ਆਜ਼ਮਵਾਲਾ ਮਾਈਨਰ ਦੇ ਕੰਮ ਦਾ ਨੀਹ ਪੱਥਰ ਰੱਖਿਆ। ਸਾਢੇ 9 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 13.41 ਕਿਲੋਮੀਟਰ ਲੰਮੇ ਇਸ ਮਾਈਨਰ ਨਾਲ 13,685 ਏਕੜ ਤੋਂ ਵੱਧ ਰਕਬੇ ਨੂੰ ਸਿੰਜਾਈ ਲਈ ਪਾਣੀ ਮਿਲੇਗਾ ਅਤੇ ਟੇਲਾਂ ਤੱਕ ਪੂਰਾ ਪਾਣੀ ਪਹੁੰਚਣਾ ਯਕੀਨੀ ਬਣੇਗਾ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਵਿੱਚ ਨਹਿਰੀ ਢਾਂਚੇ ਨੂੰ ਮੁੜ ਸੁਰਜੀਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 14 ਹਜ਼ਾਰ ਕਿਲੋਮੀਟਰ ਲੰਬੇ ਨਹਿਰਾਂ ਅਤੇ ਖਾਲਿਆਂ ਦੀ ਬਹਾਲੀ ਕੀਤੀ ਗਈ ਹੈ ਜਾਂ ਉਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਜੇਕਰ ਨਹਿਰੀ ਪਾਣੀ ਦੀ ਵਰਤੋਂ ਜ਼ਿਆਦਾ ਕੀਤੀ ਜਾਵੇ ਤਾਂ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ ਅਤੇ ਖੇਤੀ ਵਿੱਚ ਵਰਤੀ ਜਾਂਦੀ ਬਿਜਲੀ ਦੀ ਵੀ ਬੱਚਤ ਹੁੰਦੀ ਹੈ। ਉਨ੍ਹਾਂ ਕਿਸਾਨਾਂ ਨੂੰ ਤੁਪਕਾ ਸਿੰਜਾਈ ਪ੍ਰਣਾਲੀ ਅਪਣਾਉਣ ਦਾ ਸੱਦਾ ਵੀ ਦਿੱਤਾ ਜਿਸ ਲਈ ਪੰਜਾਬ ਸਰਕਾਰ ਸਬਸਿਡੀ ਵੀ ਦੇ ਰਹੀ ਹੈ।

ਕੈਬਨਿਟ ਮੰਤਰੀ ਨੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜਿੱਥੇ ਮੈਰਿਟ ਆਧਾਰ 'ਤੇ 40 ਹਜ਼ਾਰ ਨੌਕਰੀਆਂ ਦਿੱਤੀਆਂ ਹਨ, ਉਥੇ ਹੀ ਹਰ ਵਰਗ ਦੀ ਭਲਾਈ ਲਈ ਸਕੀਮ ਬਣਾ ਕੇ ਲਾਗੂ ਕੀਤੀ ਹੈ। ਇਸ ਤੋਂ ਪਹਿਲਾਂ ਹਲਕਾ ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਰ ਨੇ ਕੈਬਨਿਟ ਮੰਤਰੀ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਹਲਕਾ ਬੱਲੂਆਣਾ ਵਿੱਚ 800 ਕਰੋੜ ਤੋਂ ਜ਼ਿਆਦਾ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿੱਚ ਨਹਿਰੀ ਪਾਣੀ ਦੀ ਮੁੱਖ ਮੰਗ ਸੀ ਜਿਸ ਨੂੰ ਪੰਜਾਬ ਸਰਕਾਰ ਵੱਲੋਂ ਬਾਖੂਬੀ ਪੂਰਾ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਇਸ ਮੌਕੇ ਕਿੰਨੂ ਬਾਗਬਾਨਾਂ ਦੀ ਗੱਲ ਕਰਦਿਆਂ ਆਖਿਆ ਕਿ ਇਸ ਵਾਰ ਕਿੰਨੂ ਦੀ ਬੰਪਰ ਫਸਲ ਹੈ ਅਤੇ ਜਿਆਦਾ ਉਤਪਾਦਨ ਹੋਣ ਕਾਰਨ ਕਿਸਾਨਾਂ ਨੂੰ ਪੂਰੀ ਕੀਮਤ ਨਹੀਂ ਮਿਲ ਰਹੀ ਸੀ । ਜਿਸ ਦੇ ਮੱਦੇਨਜ਼ਰ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਐਗਰੋ ਰਾਹੀਂ ਕਿੰਨੂ ਦੀ ਖਰੀਦ ਸ਼ੁਰੂ ਕਰਕੇ ਮਿਡ ਡੇ ਮੀਲ ਵਿੱਚ ਕਿੰਨੂ ਭੇਜਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਉਹਨਾਂ ਦੀ ਫਸਲ ਦੀ ਪੂਰੀ ਕੀਮਤ ਮਿਲ ਸਕੇ।

ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਸੁਨੀਲ ਸਚਦੇਵਾ, ਚੇਅਰਮੈਨ ਮਾਰਕੀਟ ਕਮੇਟੀ ਗਿੱਦੜਵਾਹਾ ਸ੍ਰੀ ਪ੍ਰਿਤਪਾਲ ਸ਼ਰਮਾ, ਜ਼ਿਲਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਖਜਿੰਦਰ ਸਿੰਘ ਕੌਣੀ, ਸ੍ਰੀ ਧਰਮਵੀਰ ਗੋਦਾਰਾ, ਸ੍ਰੀਮਤੀ ਪੂਜਾ ਲੂਥਰਾ, ਤੇਜਬੀਰ ਸਿੰਘ ਬਰਾੜ ਸਮੇਤ ਸਿੰਜਾਈ ਵਿਭਾਗ ਦੇ ਕਾਰਜਕਾਰੀ ਇੰਜਨੀਅਰ ਸ੍ਰੀ ਸੁਖਜੀਤ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ। ਇਲਾਕੇ ਦੇ ਕਿਸਾਨਾਂ ਨੇ ਇਸ ਨਹਿਰ ਦੇ ਨਵੀਨੀਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੰਜਾਈ ਮੰਤਰੀ ਸ. ਚੇਤਨ ਸਿੰਘ ਜੌੜਾ ਮਾਜਰਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਹੋਣੇ ਚਾਹੀਦੇ ਹਨ ਅਜਿਹੇ ਟੂਰਨਾਮੈਂਟ: ਪ੍ਰਧਾਨ ਜੱਜ

**ਮਾਛੀਵਾੜਾ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸਕ ਧਰਤੀ ਮਾਛੀਵਾੜਾ ਸਾਹਿਬ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਛੀਵਾੜਾ ਸਾਹਿਬ ਦਾ ਸਲਾਨਾ ਖੇਡ ਮੇਲਾ ਸ੍ਰੀ ਚਰਨ ਕੰਵਲ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ 18 ਕੱਲ੍ਹ ਮਿਤੀ 22,23,24 ਅਤੇ 25 ਫਰਵਰੀ ਤੱਕ 18ਵਾਂ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਲਗਾਤਾਰ ਚਾਰ ਦਿਨ ਚੱਲਣ ਵਾਲੇ ਇਸ ਖੇਡ ਮੇਲੇ ਵਿੱਚ ਹਾਕੀ ਫੁਟਬਾਲ ਦੇ ਨਾਲ ਨਾਲ ਐਥਲੈਟਿਕਸ ਦੀਆਂ ਖੇਡਾਂ ਵੀ ਵੱਡੇ ਪੱਧਰ ਤੇ ਕਰਵਾਈਆਂ ਜਾਂਦੀਆਂ ਹਨ।ਮਾਛੀਵਾੜਾ ਸਾਹਿਬ ਦੇ ਇਸ ਖੇਡ ਮੇਲੇ ਪ੍ਰਤੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਇਹ ਸਲਾਨਾ ਖੇਡ ਮੇਲੇ ਵਿੱਚ ਫੁੱਟਬਾਲ, ਹਾਕੀ, ਅਥਲੈਟਿਕਸ ਦੇ ਨਾਲ-ਨਾਲ ਕੁੱਤਿਆਂ ਦੀਆਂ ਦੌੜਾਂ ਵੀ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਚੋਂ ਵੱਖੋ -ਵੱਖ ਟੀਮਾਂ ਵੱਡੇ ਪੱਧਰ ਤੇ ਇਹਨਾਂ ਖੇਡਾਂ ਵਿੱਚ ਭਾਗ ਲੈਣਗੀਆਂ।

ਉਹਨਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਤੇ ਖੇਡ ਗਰਾਊਂਡਾਂ ਨਾਲ ਜੋੜਨ ਲਈ ਕੀਤੇ ਜਾਂਦੇ ਯਤਨਾਂ ਵਿੱਚੋਂ ਉਹਨਾਂ ਦਾ ਇੱਕ ਛੋਟਾ ਜਿਹਾ ਯਤਨ ਹੈ ਕਿ ਮਾਛੀਵਾੜਾ ਬਲਾਕ ਦੇ ਛੋਟੇ ਵੱਡੇ ਖਿਡਾਰੀ ਜੋ ਇੱਥੇ ਪ੍ਰੈਕਟਿਸ ਕਰਦੇ ਹਨ ,ਉਹ ਹੁਣ ਮਿਹਨਤ ਕਰਨ ਉਹਨਾਂ ਲਈ ਹੋਰ ਸੁੱਖ ਸਹੂਲਤਾਂ ਇਸ ਖੇਡ ਗਰਾਊਂਡ ਦੇ ਵਿੱਚ ਦਿੱਤੀਆਂ ਜਾਣ, ਇਸੇ ਮਕਸਦ ਦੇ ਨਾਲ ਉਹ ਆਏ ਸਾਲ ਇਹ ਖੇਡ ਮੇਲਾ ਆਪਣੇ ਸਾਥੀਆਂ ਇਲਾਕਾ ਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਸਦਕਾ ਕਰਵਾਉਂਦੇ ਹਨ। ਉਹਨਾਂ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਖੂਬ ਅਪੀਲ ਕਰਦਿਆਂ ਕਿਹਾ ਕਿ ਉਹ ਇਹਨਾਂ ਦਿਨਾਂ ਵਿੱਚ ਖੇਡ ਗਰਾਊਂਡ ਦੇ ਵਿੱਚ ਆਣ ਆਪਣੀ ਖੇਡ ਦਾ ਪ੍ਰਦਰਸ਼ਨ ਕਰਨ ਅਤੇ ਦਰਸ਼ਕ ਵੀਰ ,ਖੇਡ ਪ੍ਰੇਮੀ ਦਰਸ਼ਕਾਂ ਦਾ ਹੌਸਲਾ ਵਧਾਉਣ ਲਈ ਖੇਡ ਗਰਾਊਂਡ ਵਿਚ ਜ਼ਰੂਰ ਆਉਣ।ਇਸ ਮੌਕੇ ਉਹਨਾਂ ਨਾਲ ਚਰਨ ਕੰਵਲ ਸਪੋਰਟਸ ਕਲੱਬ ਦੇ ਸਮੂਹ ਮੈਂਬਰ ਪ੍ਰਧਾਨ ਸਪੋਰਟਸ ਕਲੱਬ ਜਸਪਾਲ ਸਿੰਘ ਜੱਜ, ਮੀਤ ਪ੍ਰਧਾਨ ਕਮਲਜੋਤ ਸਿੰਘ ਬੱਤਰਾ, ਮੀਤ ਪ੍ਰਧਾਨ ਅਜੀਤ ਪਾਲ ਸਿੰਘ, ਸਕੱਤਰ ਮਨਦੀਪ ਸਿੰਘ, ਕੈਸ਼ੀਅਰ ਰਾਜ ਕੁਮਾਰ ਬੰਟੀ, ਅਮਰਜੀਤ ਸਿੰਘ ਮੁੰਡੀ, ਐਨ.ਆਰ.ਆਈ. ਸਹਿਯੋਗੀ ਪਰਮਪਾਲ ਸਿੰਘ ਕੁਲਾਰ, ਸੁਖਦੇਵ ਸਿੰਘ ਕੁਲਾਰ,ਗੁਰਪ੍ਰੀਤ ਸਿੰਘ, ਮੇਜਰ ਸਿੰਘ, ਜਸਵੀਰ ਸਿੰਘ ਬੋਬੀ, ਪੁਛਪਿੰਦਰ ਸਿੰਘ ਧਨੋਆ, ਸਿਮਰਨਜੀਤ ਸਿੰਘ ਗੋਗੀਆ, ਸਿਮਰਜੀਤ ਸਿੰਘ ,ਗੁਰਦੀਪ ਸਿੰਘ ਬਿੱਟੂ, ਜੋਗਿੰਦਰ ਸਿੰਘ ਜੋਤੀ, ਦਵਿੰਦਰ ਸਿੰਘ, ਲਾਲੀ ਮਾਂਗਟ, ਹਰਦੀਪ ਸਿੰਘ ਝੱਜ, ਹਰਪਿੰਦਰ ਸਿੰਘ ਤੱਖੀ, ਤੂਫ਼ਾਨ ਸਿੰਘ (ਸਾਰੇ ਮੈਂਬਰ)ਅਤੇ ਵੱਡੀ ਗਿਣਤੀ ਵਿੱਚ ਖਿਡਾਰੀ ਹਾਜ਼ਿਰ ਸਨ ।

# ਫਰੀਦ ਐਨਕਲੇਵ ਕਲੋਨੀ ਵਿਚਲਾ ਸਕੂਲ ਕਲੱਬ 'ਚ ਤਬਦੀਲ

**ਫਰੀਦਕੋਟ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਫਰੀਦਕੋਟ-ਕੋਟਕਪੂਰ ਰੋਡ 'ਤੇ ਬਾਬਾ ਫ਼ਰੀਦ ਦੇ ਨਾਮ 'ਤੇ ਵਸਾਈ ਗਈ ਕਲੋਨੀ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਬਣਾਏ ਗਏ ਸਕੂਲ ਨੂੰ ਬੰਦ ਕਰਕੇ ਇਸ ਨੂੰ ਕਲੱਬ ਵਿੱਚ ਤਬਦੀਲ ਕਰਨ ਦਾ ਮਾਮਲਾ ਭਖ ਗਿਆ ਹੈ। ਕਲੋਨੀ ਵਾਸੀਆਂ ਨੇ ਇਸ ਦੇ ਵਿਰੋਧ ਵਿਚ ਡਿਪਟੀ ਕਮਿਸ਼ਨਰ ਨੂੰ ਲਿਖਤੀ ਅਰਜ਼ੀ ਦੇ ਕੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਲੱਬ ਨੂੰ ਤੁਰੰਤ ਬੰਦ ਕਰਕੇ ਸਕੂਲ ਨਾ ਖੋਲ੍ਹਿਆ ਗਿਆ ਤਾਂ ਉਹ ਸੜਕ ਜਾਮ ਕਰਕੇ ਅਣਮਿੱਥੇ ਸਮੇਂ ਲਈ ਧਰਨੇ 'ਤੇ ਬੈਠ ਜਾਣਗੇ। ਫਰੀਦਕੋਟ ਦੇ ਡਿਪਟੀ ਕਮਿਸ਼ਨਰ ਵਨੀਤ ਕੁਮਾਰ ਨੇ ਡੀਡੀਪੀਓ ਨੂੰ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ ਲਈ ਕਿਹਾ ਹੈ। ਕਲੋਨੀ ਦੇ ਵਸਨੀਕ ਨਿਰਮਲ ਸਿੰਘ ਚਹਿਲ, ਗਮਦੂਰ ਸਿੰਘ ਬਰਾੜ, ਪਰਮਵੀਰ ਸਿੰਘ, ਉਪਦੇਸ਼ ਸਿੰਘ, ਗੁਰਲਾਲ ਸਿੰਘ, ਕੁਲਜਿੰਦਰ ਸਿੰਘ ਡੋਡ, ਸੱਤਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਗੁਰਸ਼ਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਕਲੋਨੀ ਪੁੱਡਾ ਤੋਂ ਮਾਨਤਾ ਪ੍ਰਾਪਤ ਹੈ ਪਰ ਕਲੋਨੀ ਦੇ ਡਿਵੈਲਪਰਾਂ ਨੇ ਕਲੋਨੀ ਕੱਟਣ ਤੋਂ ਬਾਅਦ ਗੰਭੀਰ ਬੇ-ਨਿਯਮੀਆਂ ਕੀਤੀਆਂ ਹਨ। ਕਲੋਨੀ ਵਾਸੀਆਂ ਨੇ ਦੋਸ਼ ਲਾਇਆ ਕਿ ਪਾਰਕਿੰਗ ਵਾਲੀ ਥਾਂ 'ਤੇ ਨਜਾਇਜ਼ ਉਸਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਕੂਲ ਨੂੰ ਕਲੱਬ ਵਿੱਚ ਤਬਦੀਲ ਕਰ ਦਿੱਤਾ ਹੈ ਅਤੇ ਕਲੋਨੀ ਦੇ ਪਾਰਕਾਂ ਤੇ ਸੜਕਾਂ ਦੀ ਸਾਫ਼ ਸਫਾਈ ਬੰਦ ਕਰਨ ਦੇ ਨਾਲ-ਨਾਲ ਕਲੋਨੀ ਨਾਲ ਲੱਗਦੇ ਰਕਬੇ ਵਿੱਚ ਪੁੱਡਾ ਦੇ ਨਕਸ਼ੇ ਤੋਂ ਬਾਹਰ ਜਾ ਕੇ ਗੈਰ ਕਾਨੂੰਨੀ ਉਸਾਰੀਆਂ ਕਰਵਾਈਆਂ ਗਈਆਂ ਹਨ। ਕਲੋਨੀ ਵਾਸੀਆਂ ਨੇ ਕਿਹਾ ਕਿ ਇਸ ਬਾਰੇ ਪੁੱਡਾ ਵਿਭਾਗ ਉੱਚ ਅਧਿਕਾਰੀਆਂ ਨੂੰ ਵੀ ਲਿਖਤੀ ਸ਼ਿਕਾਇਤ ਕੀਤੀ ਗਈ ਹੈ ਪਰ ਇਸ ਦੇ ਬਾਵਜੂਦ ਕਲੋਨੀ ਵਿੱਚੋਂ ਖਾਮੀਆਂ ਦੂਰ ਨਹੀਂ ਕੀਤੀਆਂ ਗਈਆਂ ਜਿਸ ਤੋਂ ਮਜਬੂਰ ਹੋ ਕੇ ਉਹ 24 ਫਰਵਰੀ ਤੋਂ ਅਣਮਿੱਥੇ ਸਮੇਂ ਲਈ ਸੜਕ ਜਾਮ ਕਰਕੇ ਧਰਨੇ 'ਤੇ ਬੈਠਣ ਜਾ ਰਹੇ ਹਨ। ਡਿਪਟੀ ਕਮਿਸ਼ਨਰ ਵਨੀਤ ਕੁਮਾਰ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਪੜਤਾਲ ਕਰ ਰਹੇ ਹਨ ਅਤ ਜਲਦ ਹੀ ਇਸ ਵਿਵਾਦ ਨੂੰ ਸੁਲਝਾ ਲਿਆ ਜਾਵੇਗਾ।

# ਸਰਕਾਰੀ ਕਾਲਜ ਮਾਛੀਵਾੜਾ ਸਾਹਿਬ ਦੇ ਵਿਦਿਆਰਥੀਆਂ ਨੇ ਲਗਾਇਆ ਵਿੱਦਿਅਕ ਟੂਰ




**ਮਾਛੀਵਾੜਾ ਸਾਹਿਬ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰ. ਪ੍ਰੋ. ਦੀਪਕ ਚੋਪੜਾ ਜੀ ਦੀ ਰਹਿਨੁਮਾਈ ਹੇਠ ਅਤੇ ਡਾ. ਕਮਲਜੀਤ ਕੌਰ ਬਾਂਗਾ ਜੀ ਦੇ ਦਿਸ਼ਾ-ਨਿਰਦੇਸ਼ ਅਧੀਨ ਵਿਦਿਆਰਥੀਆਂ ਨੂੰ ਇਕ ਰੋਜ਼ਾ ਵਿੱਦਿਅਕ ਟੂਰ ਤੇ ਇਤਿਹਾਸਕ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਲਿਜਾਇਆ ਗਿਆ।

ਵਿਦਿਆਰਥੀ ਗੁਰਦੁਆਰੇ ਨਤਮਸਤਕ ਹੋਏ ਅਤੇ ਵਿਦਿਆਰਥੀਆਂ ਨੂੰ ਧਰਮ ਅਤੇ ਇਤਿਹਾਸ ਨਾਲ ਜੋੜਨ ਲਈ ਦਾਸਤਾਨ ਏ ਸ਼ਹਾਦਤ ਦਾ ਦੌਰਾ ਕਰਵਾਇਆ ਗਿਆ ਜਿੱਥੇ ਵਿਦਿਆਰਥੀਆਂ ਨੂੰ ਦਸਾਂ ਪਾਤਸ਼ਾਹੀਆਂ ਦੇ ਇਤਿਹਾਸ ਅਤੇ ਸਾਹਿਬਜ਼ਾਦਿਆਂ ਦੀਆ ਸ਼ਹੀਦੀਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਧਰਮ ਨੂੰ ਦੇਣ ਬਾਰੇ ਆਧੁਨਿਕ ਤਰੀਕੇ ਨਾਲ ਜਾਣੂ ਕਰਵਾਇਆ, ਜੋ ਵਿਦਿਆਰਥੀ ਕਿਤਾਬੀ ਸਿੱਖਿਆ ਦੇ ਨਾਲ ਨਾਲ ਪੰਜਾਬ ਦੇ ਸੁਨਹਿਰੀ ਇਤਿਹਾਸ ਬਾਰੇ ਵੀ ਜਾਣਕਾਰੀ ਹਾਸਿਲ ਕਰ ਸਕਣ। ਵਿਦਿਆਰਥੀਆਂ ਨੇ ਚਾ ਭਰਪੂਰ ਵੱਖ ਵਖ ਵਿਸ਼ਿਆਂ ਤੇ ਇਤਿਹਾਸਿਕ ਸਥਾਨਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਵਿੱਦਿਅਕ ਟੂਰ ਦੌਰਾਨ ਰਿਸੋਰਸ ਪਰਸਨ ਕਵਿਤਾ, ਹੇਮ ਲਤਾ, ਮਨਦੀਪ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਸ਼ਮੂਲੀਅਤ ਕੀਤੀ।

# ਪੰਜਾਬ ਵਿੱਚ ਨਹਿਰਾਂ ਅਤੇ ਖਾਲਿਆਂ ਨੂੰ ਮਜ਼ਬੂਤ ਕੀਤਾ ਜਾਵੇਗਾ: ਜੌੜਾਮਾਜਰਾ

**ਬਲੂਆਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਇੱਥੇ ਬੱਲੂਆਣਾ ਹਲਕੇ ਦੇ ਪਿੰਡ ਆਜ਼ਮਵਾਲਾ ਵਿਚ ਨਵੀਂ ਬਣਨ ਵਾਲੀ ਆਜ਼ਮਵਾਲਾ ਮਾਈਨਰ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਸਾਢੇ 9 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 13.41 ਕਿਲੋਮੀਟਰ ਲੰਮੇ ਇਸ ਮਾਈਨਰ ਨਾਲ 13,685 ਏਕੜ ਤੋਂ ਵੱਧ ਰਕਬੇ ਨੂੰ ਸਿੰਜਾਈ ਲਈ ਪਾਣੀ ਮਿਲੇਗਾ ਅਤੇ ਟੇਲਾਂ ਤੱਕ ਪੂਰਾ ਪਾਣੀ ਪਹੁੰਚਣਾ ਯਕੀਨੀ ਬਣੇਗਾ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਵਿੱਚ ਨਹਿਰੀ ਢਾਂਚੇ ਨੂੰ ਮੁੜ ਸੁਰਜੀਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 14 ਹਜ਼ਾਰ ਕਿਲੋਮੀਟਰ ਲੰਬੇ ਨਹਿਰਾਂ ਅਤੇ ਖਾਲਿਆਂ ਦੀ ਬਹਾਲੀ ਕੀਤੀ ਗਈ ਹੈ ਜਾਂ ਉਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਜੇਕਰ ਨਹਿਰੀ ਪਾਣੀ ਦੀ ਵਰਤੋਂ ਜ਼ਿਆਦਾ ਕੀਤੀ ਜਾਵੇ ਤਾਂ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ ਅਤੇ ਖੇਤੀ ਵਿੱਚ ਵਰਤੀ ਜਾਂਦੀ ਬਿਜਲੀ ਦੀ ਵੀ ਬੱਚਤ ਹੁੰਦੀ ਹੈ। ਉਨ੍ਹਾਂ ਕਿਸਾਨਾਂ ਨੂੰ ਤੁਪਕਾ ਸਿੰਜਾਈ ਪ੍ਰਣਾਲੀ ਅਪਣਾਉਣ ਦਾ ਸੱਦਾ ਵੀ ਦਿੱਤਾ ਜਿਸ ਲਈ ਪੰਜਾਬ ਸਰਕਾਰ ਸਬਸਿਡੀ ਵੀ ਦੇ ਰਹੀ ਹੈ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੁਨੀਲ ਸਚਦੇਵਾ, ਚੇਅਰਮੈਨ ਮਾਰਕੀਟ ਕਮੇਟੀ ਗਿੱਦੜਵਾਹਾ ਪ੍ਰਿਤਪਾਲ ਸ਼ਰਮਾ ਤੇ ਹੋਰ ਹਾਜ਼ਰ ਸਨ।

ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਸੀਵਰੇਜ ਟਰੀਟਮੈਂਟ ਪਲਾਂਟ ਤਲਵੰਡੀ ਭਾਈ ਅਤੇ ਜ਼ੀਰਾ ਵਿਚ ਕ੍ਰਮਵਾਰ 4 ਅਤੇ 8 ਐੱਮਐਲਡੀ ਦੀ ਸਮਰੱਥਾ ਵਾਲੇ ਸੋਧੇ (ਟ੍ਰੀਟਿਡ) ਪਾਣੀ ਆਧਾਰਤ ਸਿੰਜਾਈ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨਾਲ ਵਿਧਾਇਕ ਜ਼ੀਰਾ ਸ੍ਰੀ ਨਰੇਸ਼ ਕਟਾਰੀਆ, ਵਿਧਾਇਕ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਚੰਦ ਸਿੰਘ ਗਿੱਲ ਹਾਜ਼ਰ ਸਨ। ਸ੍ਰੀ ਜੌੜਾਮਾਜਰਾ ਨੇ ਸੂਬੇ ਦੇ ਕਿਸਾਨਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਕਿਸਾਨਾਂ ਦੇ ਖੇਤਾਂ ਵਿੱਚ ਸਿੰਜਾਈ ਲਈ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਆਧਾਰਤ ਖਾਲਾਂ ਨੂੰ ਬਹਾਲ ਕਰਨ ਦੀ ਮੁਹਿੰਮ ਤਹਿਤ ਲਗਪਗ 14000 ਤੋਂ ਵੱਧ ਖਾਲ



ਬਹਾਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਿੰਜਾਈ ਲਈ ਸੋਧੇ ਪਾਣੀ ਦੀ ਵਰਤੋਂ ਵੀ ਸਤਹੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਵਾਂਗ ਇੱਕ ਅਹਿਮ ਕਦਮ ਹੈ। ਰਾਜ ਦੇ ਸੋਧੇ ਵਾਟਰ ਪ੍ਰੋਗਰਾਮ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਦੱਸਿਆ ਕਿ ਹੁਣ ਤੱਕ ਰਾਜ ਵਿੱਚ 60 ਐੱਸਟੀਪੀਜ਼ ਤੋਂ 340 ਐਮਐਲਡੀ ਸੋਧੇ ਪਾਣੀ ਦੀ ਵਰਤੋਂ ਕਰਕੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਜਿਸ ਨਾਲ ਲਗਪਗ 11000 ਹੈਕਟੇਅਰ ਖੇਤੀਬਾੜੀ ਰਕਬੇ ਨੂੰ ਫਾਇਦਾ ਹੋ ਰਿਹਾ ਹੈ।

# ਕਿਰਤੀਆਂ ਦੀ ਲਲਕਾਰ ਰੈਲੀ 'ਚ ਕੇਂਦਰ ਖ਼ਿਲਾਫ਼ ਨਾਅਰੇਬਾਜ਼ੀ

**ਮਾਨਸਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਅੱਜ ਇਥੇ ਕਿਰਤੀਆਂ ਦੀ ਲਲਕਾਰ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੰਬੇ ਸੰਘਰਸ਼ ਅਤੇ ਯਤਨਾਂ ਸਦਕਾ ਕਿਰਤੀਆਂ ਦੇ ਹੱਕ ਵਿੱਚ ਬਣੇ ਮਨਰੇਗਾ ਬਜ਼ਟ 'ਚ ਕੀਤੀ ਗਈ ਕਟੌਤੀ ਕਰਕੇ ਮਨਰੇਗਾ ਕਾਮਿਆਂ ਦਾ ਬਕਾਇਆ ਜਾਰੀ ਨਹੀਂ ਹੋ ਸਕਿਆ ਜੋ ਮੋਦੀ ਸਰਕਾਰ ਦੀ ਮਜ਼ਦੂਰਾਂ ਪ੍ਰਤੀ ਬਦਨੀਤੀ ਨੂੰ ਜੱਗ ਜ਼ਾਹਿਰ ਕਰਦਾ ਹੈ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਤੇ ਗਰੀਬੀ ਦੇ ਸਤਾਏ ਹੋਏ ਲੋਕਾਂ ਕੋਲ ਕੇਵਲ ਮਨਰੇਗਾ ਕਾਨੂੰਨ ਹੀ ਇੱਕੋ-ਇੱਕ ਰੋਜ਼ੀ ਰੋਟੀ ਦਾ ਸਾਧਨ ਹੈ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ ਤੇ ਭੁੱਖਮਰੀ ਅਮਰਵੇਲ ਵਾਂਗ ਵਧ ਰਹੀ ਹੈ ਪਰ ਮੋਦੀ ਸਰਕਾਰ ਆਮ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਰਾਮ ਰਾਜ ਸਥਾਪਿਤ ਕਰਨ ਦੇ ਝੂਠੇ ਵਾਅਦੇ ਕਰਕੇ ਦਲਿਤਾਂ ਮਜ਼ਦੂਰਾਂ 'ਤੇ ਅੱਤਿਆਚਾਰ ਕਰ ਰਹੀ ਹੈ ਜੋ ਸਹਿਣ ਯੋਗ ਨਹੀਂ ਹੈ। ਉਨ੍ਹਾਂ ਮਨਰੇਗਾ ਕਾਨੂੰਨ ਨੂੰ ਇੰਨਬਿੰਨ ਅਤੇ ਇਸਦੀ ਸਹੀ ਭਾਵਨਾ ਅਨੁਸਾਰ ਲਾਗੂ ਕਰਨ ਤੇ ਮਜ਼ਦੂਰਾਂ ਦੀ ਬਕਾਇਆ ਰਾਸ਼ੀ ਜਾਰੀ ਤੇ ਔਰਤ ਸਮੇਤ ਮਜ਼ਦੂਰ ਦੇ ਸਮੁੱਚੇ ਕਰਜ਼ਾ ਮੁਆਫ਼ੀ ਦੀ ਕੇਂਦਰ ਸਰਕਾਰ ਤੋਂ ਮੰਗ ਕੀਤੀ। ਲਲਕਾਰ ਰੈਲੀ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਭੱਤਾ, ਮੁਫ਼ਤ ਬੱਸ ਸਫ਼ਰ, ਕੱਟੇ ਰਾਸ਼ਨ ਕਾਰਡ, ਲੋੜਵੰਦਾਂ ਦੇ ਨਵੇਂ ਰਾਸ਼ਨ ਕਾਰਡ ਬਣਾਉਣ, ਬੁਢਾਪਾ ਪੈਨਸ਼ਨ 5 ਹਜ਼ਾਰ ਰੁਪਏ ਕਰਨ,ਬਜ਼ਟ 'ਚ ਕੀਤੀ ਗਈ ਕਟੌਤੀ ਕਰਕੇ ਮਨਰੇਗਾ ਕਾਮਿਆਂ ਦਾ ਬਕਾਇਆ ਜਾਰੀ ਨਹੀਂ ਹੋ ਸਕਿਆ ਜੋ ਮੋਦੀ ਸਰਕਾ ਸਹੂਲਤਾਂ ਦੇਣ ਦੀ ਬਜਾਏ ਰਾਮ ਰਾਜ ਸਥਾਪਿਤ ਕਰਨ ਦੇ ਝੂਠੇ ਵਾਅਦੇ ਕਰਕੇ ਦਲਿਤਾਂ ਮਜ਼ਦੂਰਾਂ 'ਤੇ ਅੱਤਿਆਚਾਰ ਕਰ ਰਹੀ ਹੈ ਜੋ ਸਹਿਣ ਯੋਗ ਨਹੀਂ ਹੈ। ਉਨ੍ਹਾਂ ਮਨਰੇਗਾ ਕਾਨੂੰਨ ਨੂੰ ਇੰਨਬਿੰਨ ਅਤੇ ਇਸਦੀ ਸਹੀ ਭਾਵਨਾ ਅਨੁਸਾਰ ਲਾਗੂ ਕਰਨ ਤੇ ਮਜ਼ਦੂਰਾਂ ਦੀ ਬਕਾਇਆ ਰਾਸ਼ੀ ਜਾਰੀ ਤੇ ਔਰਤ ਸਮੇਤ ਮਜ਼ਦੂਰ ਦੇ ਸਮੁੱਚੇ ਕਰਜ਼ਾ ਮੁਆਫ਼ੀ ਦੀ ਕੇਂਦਰ ਸਰਕਾਰ ਤੋਂ ਮੰਗ ਕੀਤੀ। ਲਲਕਾਰ ਰੈਲੀ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਭੱਤਾ, ਮੁਫ਼ਤ ਬੱਸ ਉਸਾਰੀ ਕਾਮਿਆਂ ਲਈ ਸਹੂਲਤਾਂ ਦੇਣ ਦਾ ਵਾਅਦਾ ਪੂਰਾ ਕਰੇ ਸਰਕਾਰ।

# ਚੰਡੀਗੜ੍ਹ ਵਿੱਚ ਆਪ ਦੇ ਕੁਲਦੀਪ ਕੁਮਾਰ ਦੇ ਮੇਅਰ ਬਣਨ ਨਾਲ ਲੋਕਤੰਤਰ ਦੀ ਹੋਈ ਜਿੱਤ : ਰਜਨੀਸ਼ ਰਾਜੂ

**ਬਠਿੰਡਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀਂ ਪਾਰਟੀ ਦੇ ਬਲਾਕ ਪ੍ਰਧਾਨ ਰਜਨੀਸ਼ ਕੁਮਾਰ ਰਾਜੂ ਨੇ ਖੁਸ਼ੀ ਦੇ ਪਲ ਸਾਂਝੇ ਕਰਦਿਆਂ ਚੰਡੀਗੜ੍ਹ ਵਿੱਚ ਲੋਕਤੰਤਰ ਦੀ ਹੋਈ ਜਿੱਤ ਦੀ ਪੰਜਾਬ ਸਮੇਤ ਪੂਰੇ ਭਾਰਤ ਵਾਸੀਆਂ ਨੂੰ ਵਧਾਈ ਦਿੱਤੀ ਇਥੇ ਜਿਕਰਯੋਗ ਹੈ ਕਿ ਪਿੱਛਲੇ ਦਿਨੀ ਚੰਡੀਗੜ੍ਹ ਵਿੱਚ ਮੇਅਰ ਦੀ ਚੋਣ ਸਮੇਂ ਪ੍ਰੀਜਾਡਿੰਗ ਅਫਸਰ ਦਵਾਰਾ 8 ਵੋਟਾਂ ਰੱਦ ਕਰਕੇ ਬੀਜੇਪੀ ਦਾ ਮੇਅਰ ਐਲਾਨ ਦਿੱਤਾ ਸੀ ਜਦਕਿ ਕਾਂਗਰਸ ਅਤੇ ਆਪ ਪਾਰਟੀ ਕੋਲ 20 ਵੋਟਾਂ ਸਨ , ਇਸ ਧੱਕੇਸ਼ਾਹੀ ਦੇ ਵਿਰੋਧ ਵਿੱਚ ਕੁਲਦੀਪ ਕੁਮਾਰ ਵੱਲੋਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਗਿਆ ਸੀ ਅਤੇ ਸਾਰੇ ਦਸਤਾਵੇਜ ਪੇਸ਼ ਕੀਤੇ ਗਏ ਸਨ ਸੁਪਰੀਮ ਕੋਰਟ ਨੇ ਕੈਮਰੇ ਅਤੇ ਹੋਰ ਦਸਤਾਵੇਜ਼ ਚੈੱਕ ਕਰਨ ਤੋਂ ਬਾਅਦ ਰੱਦ ਕੀਤੀਆਂ ਗਈਆਂ ਵੋਟਾਂ ਨੂੰ ਜਾਇਜ ਕਰਾਰ ਦਿੰਦਿਆਂ ਆਪ ਪਾਰਟੀ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਚੰਡੀਗੜ੍ਹ ਦਾ ਮੇਅਰ ਐਲਾਨ ਦਿੱਤਾ, ਜਦੋਂ ਹੀ ਇਹ ਫੈਸਲਾ ਆਇਆ ਤਾਂ ਪੂਰੇ ਭਾਰਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਰਜਨੀਸ਼ ਕੁਮਾਰ ਰਾਜੂ ਨੇ ਇਸ ਜਿੱਤ ਨੂੰ ਲੋਕਤੰਤਰ ਦੀ ਜਿੱਤ ਕਰਾਰ ਦਿੰਦਿਆਂ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦਿੱਤੀ ਅਤੇ ਇਹ ਐਲਾਨ ਕੀਤਾ ਕਿ ਇਹ ਜਦਕਿ ਕਾਂਗਰਸ ਅਤੇ ਆਪ ਪਾਰਟੀ ਕੋਲ 20 ਵੋਟਾਂ ਸਨ , ਇਸ ਧੱਕੇਸ਼ਾਹੀ ਦੇ ਵਿਰੋਧ ਵਿੱਚ ਕੁਲਦੀਪ ਕੁਮਾਰ ਵੱਲੋ ਸੁਪਰੀਮ ਕੋਰਟ ਦਾ ਰੁਖ਼ ਕੀਤਾ ਗਿਆ ਸੀ ਅਤੇ ਸਾਰੇ ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ ਆਉਣ ਵਾਲੀਆ ਪੀੜ੍ਹੀਆਂ ਨੂੰ ਯਾਦ ਰਹੇਗਾ ਅਤੇ ਅਸੀ ਲੋਕਤੰਤਰ ਨੂੰ ਬਚਾਉਣ ਵਾਸਤੇ ਮਾਣਯੋਗ ਸੁਪਰੀਮ ਕੋਰਟ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ

# ਮੋਗਾ ਦੇ ਡੀਸੀ ਨਾਮ 'ਤੇ ਮੁੜ ਬਣਾਈ ਜਾਅਲੀ ਫੇਸਬੁੱਕ ਆਈਡੀ

**ਮੋਗਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਰਾਰਤੀ ਅਨਸਰ ਨੇ ਮੋਗਾ ਡੀਸੀ ਕੁਲਵੰਤ ਸਿੰਘ ਦੀ 10 ਦਿਨ ਦੇ ਵਕਫ਼ੇ ਅੰਦਰ ਦੂਜੀ ਵਾਰ ਜਾਅਲੀ ਫੇਸਬੁੱਕ ਆਈਡੀ ਬਣਾ ਕੇ ਲੋਕਾਂ ਨੂੰ ਫਰੈਂਡ ਰਿਕੁਐਸਟ ਭੇਜ ਦਿੱਤੀ। ਇਸ ਖਾਤੇ 'ਤੇ ਡੀਸੀ ਦੀਆਂ ਸਮਾਗਮਾਂ 'ਚ ਸ਼ਿਰਕਤ ਕਰਨ ਵਾਲੀਆਂ ਤਸਵੀਰਾਂ ਵੀ ਅਪਲੋਡ ਕੀਤੀਆਂ ਹੋਈਆਂ ਹਨ।ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਪੁਲੀਸ ਵਿੱਚ ਕੀਤੀ ਹੈ ਅਤੇ ਜਾਅਲੀ ਖਾਤਾ ਬਣਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਪੁਲੀਸ ਨੇ ਇਸ ਮਾਮਲੇ 'ਚ ਸ਼ਾਮਲ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਜਾਅਲੀ ਫੇਸਬੁੱਕ ਆਈਡੀ ਉੱਤੇ ਨਾਮ, ਤਸਵੀਰ ਅਤੇ ਹੋਰ ਜਾਣਕਾਰੀ ਉਨ੍ਹਾਂ ਦੀ ਵਰਤੀ ਗਈ ਹੈ। ਉਨ੍ਹਾ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਫੇਸਬੁੱਕ ਆਈਡੀ ਤੋਂ ਫਰੈਂਡ ਰਿਕਵੈਸਟ ਜਾਂ ਕੋਈ ਹੋਰ ਡਿਮਾਂਡ ਆਉਂਦੀ ਹੈ ਤਾਂ ਉਹ ਮਨਜ਼ੂਰ ਨਾ ਕਰਨ ਅਤੇ ਇਸ ਸਬੰਧੀ ਪੁਲੀਸ ਦੇ ਸਾਈਬਰ ਕ੍ਰਾਈਮ ਸੈੱਲ ਨੂੰ ਰਿਪੋਰਟ ਕੀਤੀ ਜਾਵੇ।

# ਰੰਗਲਾ ਪੰਜਾਬ ਮੇਲਾ: ਕਮਿਸ਼ਨਰ ਵੱਲੋਂ ਸੁੰਦਰੀਕਰਨ ਦੇ ਕੰਮਾਂ ਦਾ ਜਾਇਜ਼ਾ



**ਅੰਮ੍ਰਿਤਸਰ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸੂਬੇ ਨੂੰ ਪੂਰੀ ਦੁਨੀਆ ਵਿੱਚ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਆਰੰਭੀ ਗਈ ਮੁਹਿੰਮ ਦੇ ਹਿੱਸੇ ਵਜੋਂ 23 ਤੋਂ 29 ਫਰਵਰੀ 2024 ਤੱਕ ਚੱਲਣ ਵਾਲੇ ਰੰਗਲਾ ਪੰਜਾਬ ਮੇਲੇ ਲਈ ਅੰਮ੍ਰਿਤਸਰ ਨੂੰ ਚੁਣਿਆ ਗਿਆ ਹੈ। ਅੱਜ ਨਗਰ ਨਿਗਮ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਇਸ ਸਬੰਧ 'ਚ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਲਈ ਗੋਲਡਨ ਗੇਟ ਨੇੜੇ ਜੀ.ਟੀ ਰੋਡ ਦਾ ਦੌਰਾ ਕੀਤਾ। ਇਸ ਮੌਕੇ ਐੱਸਈ ਸੰਦੀਪ ਸਿੰਘ, ਐੱਸਡੀਓ ਗੁਰਪਾਲ ਅਤੇ ਜੇਈ ਅਰੁਣ ਵੀ ਮੌਜੂਦ ਸਨ। ਕਮਿਸ਼ਨਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਵਿੱਤਰ ਨਗਰੀ ਦੇ ਨਾਗਰਿਕਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਰੰਗਲਾ ਪੰਜਾਬ ਮੇਲੇ ਲਈ ਅੰਮ੍ਰਿਤਸਰ ਸ਼ਹਿਰ ਦੀ ਚੋਣ ਕੀਤੀ ਹੈ ਅਤੇ ਨਗਰ ਨਿਗਮ ਅੰਮ੍ਰਿਤਸਰ ਨੂੰ ਸੈਲਾਨੀਆਂ ਲਈ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਸਜਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਗੋਲਡਨ ਗੇਟ ਤੋਂ ਅਲਫ਼ਾ ਵਨ ਤੱਕ ਬੀ.ਆਰ.ਟੀ.ਐਸ ਸੜਕ ਨੂੰ ਨਵੇਂ ਪੇਂਟ ਅਤੇ ਹੋਰ ਮੁਰੰਮਤ ਦੇ ਕੰਮਾਂ ਨਾਲ ਚਮਕਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਸਫ਼ਾਈ ਕਰਮਚਾਰੀਆਂ ਨੂੰ ਸਾਰੀਆਂ ਸੜਕਾਂ ਸਾਫ਼ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਆਪ ਦੀ ਸਰਕਾਰ, ਆਪ ਦੇ ਦੁਆਰ, ਤਹਿਤ ਰੋਹਟੀ ਬਸਤਾ ਸਿੰਘ ਵਿਖੇ ਲਗਾਇਆ ਕੈਂਪ



**ਨਾਭਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪ ਦੀ ਸਰਕਾਰ ਆਪ ਦੇ ਦੁਆਰ ਪ੍ਰੋਗਰਾਮ ਤਹਿਤ ਐਸ ਡੀ ਐਮ ਨਾਭਾ ਤਰਸੇਮ ਚੰਦ ਦੀ ਅਗਵਾਈ ਹੇਠ ਹਲਕਾ ਦਿਹਾਤੀ ਪਟਿਆਲਾ ਦੇ ਪਿੰਡ ਰੋਹਟੀ ਬਸਤਾ ਸਿੰਘ ਵਿਖੇ ਲੋਕਾਂ ਨੂੰ ਉਨਾਂ ਦੇ ਜੱਦੀ ਸਥਾਨ ਤੇ ਪ੍ਰਸ਼ਾਸਨਿਕ ਸਹੂਲਤਾਂ ਮੁਹੀਆ ਕਰਵਾਉਣ ਲਈ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ ਵਲੋਂ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਹੋਰ ਕੰਮ ਦੀਆਂ ਅਰਜ਼ੀਆਂ ਦੀਆਂ ਤੇ ਮੋਕੇ ਤੇ ਹੱਲ ਹੋਣ ਵਾਲੇ ਕੰਮਾਂ ਨੂੰ ਮੋਕੇ ਤੇ ਹੱਲ ਕੀਤਾ ਗਿਆ ਤੇ ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਵਾਲੇ ਜਾਣਕਾਰੀ ਦਿੰਦਿਆਂ ਜਾਗਰੂਕ ਕੀਤਾ ਗਿਆ ਇਸ ਮੋਕੇ ਸਰਪੰਚ ਅਜੈਬ ਸਿੰਘ,ਇੰਦਰਜੀਤ ਸਿੰਘ ਪੰਚ,ਜਤਿੰਦਰਪਾਲ ਸਿੰਘ ਸੈਕਟਰੀ,ਜੰਗੀਰ ਸਿੰਘ ਨੰਬਰਦਾਰ,ਜਗਤਾਰ ਸਿੰਘ ਸੋਨੂੰ ਪੰਚ,ਦਰਸ਼ਨ ਸਿੰਘ ਆਦਿ ਮੋਜੂਦ ਰਹੇ

# ਵੱਖ ਵੱਖ ਪਿੰਡਾਂ ਦੇ ਦੌਰੇ ਦੌਰਾਨ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦਿੱਤੇ ਵੱਡੇ ਗੱਫੇ

**ਨੰਗਲ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਨੇ ਸੂਬੇ ਦੇ ਹਰ ਵਰਗ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਵਿਆਪਕ ਯੋਜਨਾਵਾ ਲਾਗੂ ਕੀਤੀਆਂ ਹਨ। 90 ਪ੍ਰਤੀਸ਼ਤ ਘਰਾਂ ਦੇ ਬਿਜਲੀ ਦੇ ਬਿੱਲ ਜੀਰੋ ਆ ਰਹੇ ਹਨ, ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਸੂਬੇ ਦਾ ਹਰ ਕੋਨਾ ਛੂਹਣ ਦੀ ਮੁਹਿੰਮ ਅਰੰਭ ਕੀਤੀ ਗਈ ਹੈ। 113 ਕੈਂਪ ਹਲਕੇ ਵਿਚ ਮੁਕੰਮਲ ਹੋਏ ਹਨ, ਹਰ ਕੈਂਪ ਵਿੱਚ ਨੇੜਲੇ ਪਿੰਡਾਂ ਨੂੰ ਵੱਡੇ ਗੱਫੇ ਦਿੱਤੇ ਜਾ ਰਹੇ ਹਨ। ਭੱਲੜੀ ਵਿਚ 14 ਲੱਖ ਰੁਪਏ ਦੀ ਲਾਗਤ ਨਾਲ ਡੂੰਘਾ ਟਿਊਬਵੈਲ ਬੋਰ ਕਰਵਾ ਕੇ ਸਾਫ ਪੀਣ ਵਾਲਾ ਪਾਣੀ ਮੁਹੱਇਆ ਕਰਵਾਇਆ ਹੈ। ਪਲਾਸੀ ਅਤੇ ਦਘੋੜ ਵਿੱਚ ਸੋਲਡ ਵੇਸਟ ਮੈਨੇਜਮੈਂਟ ਪ੍ਰੋਜੈਕਟ, ਸਮਸ਼ਾਨ ਘਾਟ, ਸਰਕਾਰੀ ਪ੍ਰਾਇਮਰੀ ਸਕੂਲ ਦਾ ਨਵੀਨੀਕਰਨ ਅਤੇ ਖੇਤਰ ਨੂੰ ਹਰਿਆ ਭਰਿਆ ਰੱਖਣ ਲਈ 1200 ਬੂਟਿਆਂ ਦੀ ਸੋਗਾਤ ਦਿੱਤੀ ਹੈ।

ਇਹ ਪ੍ਰਗਟਾਵਾ ਅੱਜ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਅੱਜ ਭੱਲੜੀ, ਮਜਾਰੀ, ਕੁਲਗਰਾਂ, ਪਲਾਸੀ, ਦਿਆਪੁਰ, ਦਘੋੜ ਵਿੱਚ ਲੱਗੇ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪ ਵਿੱਚ ਸਮੂਲੀਅਤ ਕਰਨ ਮੌਕੇ ਇਲਾਕਾ ਵਾਸੀਆ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਹਲਕੇ ਵਿੱਚ 113 ਕੈਂਪ ਲੱਗ ਚੁੱਕੇ ਹਨ ਤੇ ਹਰ ਕੈਂਪ ਵਿੱਚ ਹਾਜ਼ਰ ਹੋ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਨੇੜੇ ਹੋ ਕੇ ਜਾਣਿਆ ਤੇ ਹੱਲ ਕਰਵਾਇਆ ਹੈ।

ਉਨ੍ਹਾਂ ਨੇ ਕਿਹਾ ਕਿ ਦਘੋੜ ਵਿੱਚ 2 ਲੱਖ ਨਾਲ ਸ਼ਮਸਾਨ ਘਾਟ ਦੀ ਚਾਰਦੀਵਾਰੀ, ਸੋਲਡ ਵੇਸਟ ਮੈਨੇਜਮੈਂਟ, 10 ਲੱਖ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਵੀਨੀਕਰਨ, ਪਲਾਸੀ ਵਿਚ ਸੋਲਡ ਵੇਸਟ ਮੈਨੇਜਮੈਂਟ ਅਤੇ ਦਘੋੜ ਨੂੰ ਹਰਿਆ ਭਰਿਆ ਬਣਾਉਣ ਲਈ 1200 ਬੂਟੇ ਲਗਾਉਣ ਲਈ ਲੋੜੀਦੇ ਫੰਡ ਦਿੱਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਲਾਕੇ ਦੇ ਹਰ ਪਿੰਡ ਵਿੱਚ ਸੇਵਾ ਕੈਂਪ ਲੱਗ ਰਹੇ ਹਨ, ਸਰਕਾਰੀ ਦੀਆਂ ਲੋਕ ਪੱਖੀ ਤੇ ਭਲਾਈ ਸਕੀਮਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਇਨ੍ਹਾਂ ਕੈਂਪਾਂ ਵਿੱਚ ਲੋੜੀਦੀ ਕਾਰਵਾਈ ਮੁਕੰਮਲ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਸਰਕਾਰ ਪਿੰਡਾਂ ਤੋ ਚੱਲ ਰਹੀ ਹੈ, ਮੰਤਰੀ ਪੱਧਰ ਤੋ ਲੈ ਕੇ ਪ੍ਰਸ਼ਾਸਨਿਕ ਪੱਧਰ ਤੱਕ ਦੇ ਕੰਮ ਇਨ੍ਹਾਂ ਕੈਂਪਾਂ ਵਿਚ ਹੋ ਰਹੇ ਹਨ। ਇਹ ਪੰਜਾਬ ਦੀ ਬਦਲ ਰਹੀ ਤਸਵੀਰ ਹੈ। ਕੈਬਨਿਟ ਮੰਤਰੀ ਦੇ ਇਨ੍ਹਾਂ ਦੌਰਿਆ ਨੂੰ ਬੀਤੇ 15 ਦਿਨਾਂ ਤੋ ਹਲਕੇ ਵਿੱਚ ਮਿਸਾਲੀ ਹੁੰਗਾਰਾ ਮਿਲ ਰਿਹਾ ਹੈ।

ਜਿਕਰਯੋਗ ਹੈ ਕਿ ਪੰਜਾਬ ਸਰਕਾਰ ਦੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਫਲੈਗਸ਼ਿਪ ਪ੍ਰੋਗਰਾਮ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਜੱਦੀ ਸਥਾਨਾਂ 'ਤੇ ਪ੍ਰਸ਼ਾਸਨਿਕ ਸੁਵਿਧਾਵਾਂ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀ ਸਮੱਸਿਆਵਾ ਨੂੰ ਹੱਲ ਕਰਨ ਲਈ 06 ਫਰਵਰੀ ਤੋਂ ਲਗਾਤਾਰ ਵਿਸ਼ੇਸ ਕੈਂਪ ਲਗਾਏ ਜਾ ਰਹੇ ਹਨ । ਜਿਨ੍ਹਾਂ ਨੂੰ ਭਰਵਾ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਕੈਂਪਾਂ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ/ਨੁਮਾਇੰਦੇ ਮੌਜੂਦ ਰਹਿ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ ਅਤੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਵੱਖ ਵੱਖ ਕੰਮਾਂ ਲਈ ਦਰਖ਼ਾਸਤਾਂ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਇਹ ਵਿਸ਼ੇਸ ਕੈਂਪ ਮਹੀਨਾ ਫਰਵਰੀ ਦੌਰਾਨ ਲਗਾਤਾਰ ਪਿੰਡਾਂ ਅਤੇ ਵਾਰਡਾਂ ਵਿੱਚ ਇਸੇ ਤਰ੍ਹਾਂ ਜਾਰੀ ਰਹਿਣਗੇ।

ਸ.ਬੈਂਸ ਨੇ ਲੋਕਾਂ ਨੂੰ ਇੰਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਵੱਖ ਵੱਖ ਸੇਵਾਵਾਂ ਲਈ ਅਰਜੀਆਂ ਪ੍ਰਾਪਤ ਹੋ ਰਹੀਆਂ ਹਨ ਅਤੇ ਬਾਕੀ ਸ਼ਿਕਾਇਤਾਂ ਦਾ ਵੀ ਸਮਾਂਬੱਧ ਨਿਪਟਾਰਾ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੀ ਉਹ ਖੁਦ ਨਿਗਰਾਨੀ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੈਂਪਾਂ ਦੌਰਾਨ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਤੌਰ 'ਤੇ ਪ੍ਰਚਾਰ ਵੈਨਾਂ ਭੇਜੀਆਂ ਗਈਆਂ ਹਨ, ਜਿੰਨ੍ਹਾਂ ਰਾਹੀਂ ਹਰੇਕ ਸਬ ਡਵੀਜ਼ਨ ਪੱਧਰ 'ਤੇ ਕੈਂਪ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਂ ਰਿਹਾ ਹੈ ਅਤੇ ਮੌਕੇ 'ਤੇ ਕੈਂਪਾਂ ਵਿਚ ਰਾਜ ਸਰਕਾਰ ਦੀਆਂ ਵੱਖ ਵੱਖ ਭਲਾਈ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ।

ਇਸ ਮੌਕੇ ਤਹਿਸੀਲਦਾਰ ਸੰਦੀਪ ਕੁਮਾਰ, ਡਾ.ਸੰਜੀਵ ਗੌਤਮ, ਚੇਅਰਮੈਨ ਰਾਕੇਸ ਮਹਿਲਵਾਂ, ਹਰਪਾਲ ਸਿੰਘ ਭੱਲੜੀ, ਬਲਾਕ ਪ੍ਰਧਾਨ ਰਾਕੇਸ਼ ਵਰਮਾ, ਜਸਪ੍ਰੀਤ ਸਿੰਘ ਜੇ.ਪੀ, ਰੋਕੀ ਸੁਖਸਾਲ ਬਲਾਕ ਪ੍ਰਧਾਨ, ਪ੍ਰਿੰ.ਗੁਰਨਾਮ ਸਿੰਘ ਭੱਲੜੀ,ਦੀਪਕ ਗੋਇਲ ਐਸ.ਡੀ.ਓ, ਜੇ.ਈ ਅਜੇਪਾਲ, ਤਰਵੇਸ ਦਘੋੜ, ਸੁਰੇਸ ਪ੍ਰਧਾਨ ਦਘੋੜ, ਜਸਵੀਰ ਮਜਾਰੀ, ਸ਼ਿਵ ਮਜਾਰੀ, ਸੁਭਾਸ ਪਲਾਸੀ, ਗੁਰਨਾਮ ਸਿੰਘ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਤਰਸੇਮ ਸੈਣੀ ਬਲਾਕ ਪ੍ਰਧਾਨਲ ,ਬਲਵੰਤ ਮੰਡੇਰ ਬਲਾਕ ਪ੍ਰਧਾਨ, ਨਿਤਿਨ ਪੁਰੀ ਭਲਾਨ, ਦਲੇਲ ਸਿੰਘ ਫੰਜੀ, ਜਗਤਾਰ ਸਿੰਘ, ਦੀਪ ਸਿੰਘ ਝਾਂਗਰਾ, ਸੋਹਣ ਸਿੰਘ ਗਰੇਵਾਲ, ਵਰਜੀਤ ਸਿੰਘ ਲੱਕੀ, ਸੁਖਵੰਤ ਸਿੰਘ ਤੰਬੜ, ਸਤਪਾਲ, ਓਮ ਪ੍ਰਕਾਸ਼ ਸ਼ਰਮਾ, ਕੈਪਟਨ ਸੁੱਚਾ ਸਿੰਘ, ਤਿਲਕਰਾਜ ਸਿੰਘ, ਬਲਵੰਤ ਸਿੰਘ ਪੰਚ ,ਬਿੱਕਰ ਸਿੰਘ,ਮੱਖਣ ਸਿੰਘ, ਬਲਮ ਸਿੰਘ, ਬਿੱਲਾ ਮਹਿਲਵਾਂ, ਅਸਵਨੀ ਨਾਨਗਰਾ, ਜਸਵਿੰਦਰ ਭੰਗਲਾ, ਸੁਰੇਸ਼ ਦਘੋੜ, ਪਹੂ ਲਾਲ ਸ਼ਰਮਾ ਆਦਿ ਹਾਜ਼ਰ ਸਨ।

# ਐਲੀਵੇਟਿਡ ਪੁਲ ਦਾ ਐੱਨਐੱਚਏਆਈ ਦੀ ਟੀਮ ਵਲੋਂ ਜਾਇਜ਼ਾ



**ਲੁਧਿਆਣਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਵੱਲੋਂ ਫਿਰੋਜ਼ਪੁਰ ਰੋਡ 'ਤੇ 756 ਕਰੋੜ ਰੁਪਏ ਦੀ ਲਾਗਤ ਨਾਲ ਬਣਵਾਇਆ ਗਿਆ ਐਲੀਵੇਟਿਡ ਪੁਲ ਵਿਵਾਦਾਂ 'ਚ ਘਿਰਦਾ ਨਜ਼ਰ ਆ ਰਿਹਾ ਹੈ।

ਇਸ ਪੁਲ 'ਤੇ ਪਹਿਲਾਂ ਟੋਏ ਪੈ ਗਏ ਸਨ ਤੇ ਹੁਣ ਭਾਰਤ ਨਗਰ ਚੌਕ ਨੇੜੇ ਸਲੈਬ ਟੁੱਟ ਗਈ ਹੈ, ਜਿਸ ਨਾਲ ਪੁਲ ਦੇ ਮਿਆਰ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਐਨਐਚਏਆਈ ਦੀ ਟੀਮ ਨੇ ਅੱਜ ਇਸ ਪੁਲ ਦਾ ਜਾਇਜ਼ਾ ਲਿਆ ਜਿਸ ਵਿੱਚ ਕਈ ਖਾਮੀਆਂ ਸਾਹਮਣੇ ਆਈਆਂ ਹਨ।

# ਸ਼ਹਿਦ ਬਨਾਮ ਸ਼ੂਗਰ ਰੋਗ

ਸ਼ੂਗਰ (Diabeteis) ਦੇ ਬਹੁਤੇ ਮਰੀਜ਼ਾਂ ਦੇ ਮਨ ਵਿਚ ਇਹ ਸਵਾਲ ਉਠਦਾ ਰਹਿੰਦਾ ਹੈ ਕਿ ਕੀ ਉਹ ਸ਼ਹਿਦ ਦੀ ਵਰਤੋਂ ਕਰ ਸਕਦੇ ਹਨ? ਇਹ ਸਮਝਣਾ ਜ਼ਰੂਰੀ ਹੈ ਕਿ ਇਸ ਰੋਗ ਦੌਰਾਨ ਜਿਗਰ ਤੇ ਮਿਹਦੇ ਦੀ ਕਿਰਿਆ ਵਿਗੜ ਜਾਂਦੀ ਹੈ, ਜਿਸ ਕਾਰਨ ਇਹ ਅੰਗ ਚੀਨੀ, ਠੰਢੇ ਤੇ ਮਿੱਠੇ.



ਪਦਾਰਥਾਂ ਨੂੰ ਪਚਾਅ ਨਹੀਂ ਸਕਦੇ। ਜੇਕਰ ਸ਼ੂਗਰ ਰੋਗੀ ਦੁੱਧ ਚੀਨੀ, ਗੋਸ਼ਤ ਜਾਂ ਰਸ ਵਰਗੇ ਤਾਕਤ ਵਾਲੇ ਪਦਾਰਥ ਖਾ ਵੀ ਲਵੇ ਤਾਂ ਉਹ ਬਗੈਰ ਪਚੇ ਹੀ ਮਲ-ਮੂਤਰ ਦੇ ਨਾਲ ਬਾਹਰ ਨਿਕਲ ਜਾਣਗੇ ਅਤੇ ਥੋੜ੍ਹੇ ਬਹੁਤ ਪੇਟ ਵਿਚ ਹੀ ਪਏ ਰਹਿਣਗੇ। ਇਨ੍ਹਾਂ ਕਾਰਨਾਂ ਕਰਕੇ ਜਿਗਰ ਸਗੋਂ ਹੋਰ ਵੀ ਖਰਾਬ ਹੋ ਜਾਂਦਾ ਹੈ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿੰਨੀ ਕਿਸਮ ਦੇ ਮਿੱਠੇ ਪਦਾਰਥ ਖਾਂਦੇ ਹਾਂ ਉਹ ਪੇਟ ਵਿਚ ਜਾ ਕੇ ਰਸਾਇਣਿਕ ਕਿਰਿਆ ਰਾਹੀਂ ਡੈਕਸਟਰੋਜ਼ ਵਿਚ ਬਦਲ ਜਾਂਦੇ ਹਨ ਪ੍ਰੰਤੂ ਜਦੋਂ ਜਿਗਰ ਦੀ ਸ਼ੱਕਰ ਬਣਾਉਣ ਦੀ ਤਾਕਤ ਘੱਟ ਜਾਂਦੀ ਹੈ ਜਾਂ ਬਰਬਾਦ ਹੋ ਜਾਂਦੀ ਹੈ ਤਾਂ ਇਹ ਪਦਾਰਥ ਦ੍ਰਾਕਸ਼ ਸ਼ੱਕਰ (Dextrose) ਦੇ ਰੂਪ ਵਿਚ ਤਬਦੀਲ ਨਹੀਂ ਹੋ ਸਕਦੇ ਇਸ ਕਰਕੇ ਸ਼ੂਗਰ ਰੋਗੀਆਂ ਨੂੰ ਸਾਧਾਰਨ ਸ਼ੂਗਰ ਦੀ ਥਾਂ ਮਿਲਕ ਸ਼ੂਗਰ ਤੇ ਫਰੂਟ ਸ਼ੂਗਰ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਵਿਚ ਡੈਕਸਟ੍ਰੋਜ਼ ਬਹੁਤ ਘੱਟ ਮਿਲਦੀ ਹੈ। ਪੂਨੇ ਤੋਂ ਪ੍ਰਕਾਸ਼ਿਤ ਸਿਹਤ ਮੈਗਜ਼ੀਨ 'ਸਵਾਸਥ ਔਰ ਜੀਵਨ' ਨੇ ਇਹ ਖਬਰ ਦਿੰਦਿਆਂ ਕਿਹਾ ਹੈ ਕਿ ਜੇਕਰ ਸ਼ੂਗਰ ਰੋਗੀ ਵਾਜਬ ਮਿਕਦਾਰ ਵਿਚ ਸ਼ਹਿਦ ਦਾ ਸੇਵਨ ਕਰਨ ਤਾਂ ਬਹੁਤ ਚੰਗਾ ਹੈ ਕਿਉਂਕਿ ਇਸ ਵਿਚ ਕੁਦਰਤੀ ਤਰੀਕੇ ਨਾਲ ਜਮ੍ਹਾ ਕੀਤੀ ਡੈਕਸਟ੍ਰਜ਼ ਲੋੜੀਂਦੀ ਮਾਤਰਾ ਵਿਚ ਮਿਲ ਜਾਂਦੀ ਹੈ।

ਸ਼ੂਗਰ ਰੋਗੀ ਜੇ ਸ਼ਹਿਦ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਦੇ ਜਿਗਰ ਨੂੰ ਲੋੜੀਂਦੀ ਮਿਠਾਸ ਬਣਾਉਣ ਲਈ ਖਾਸ ਪ੍ਰੇਸ਼ਾਨੀ ਨਹੀਂ ਉਠਾਉਣੀ ਪੈਂਦੀ ਕਿਉਂ ਜੋ ਸ਼ਹਿਦ ਵਿਚ ਮਧੂ ਮੱਖੀਆਂ ਦੀ ਲਾਰ ਵੀ ਮਿਲੀ ਹੋਣ ਕਾਰਨ ਇਹ ਪਚਦਾ ਵੀ ਛੇਤੀ ਹੈ। ਸ਼ਹਿਦ ਦੇ ਇਨ੍ਹਾਂ ਸਾਰੇ ਗੁਣਾਂ ਨੂੰ ਵੇਖਦੇ ਹੋਏ ਸ਼ੂਗਰ ਰੋਗੀਆਂ ਲਈ ਇਹ ਇਕ ਉਤਮ ਪਥ ਮੰਨਿਆ ਗਿਆ ਹੈ। ਫਿਰ ਵੀ ਇਸ ਦੀ ਵਰਤੋਂ ਆਪਣੇ ਡਾਕਟਰ ਨੂੰ ਪੁੱਛ ਕੇ ਕਰਨੀ ਜ਼ਰੂਰੀ ਹੈ।

# ਘਰੇਲੂ ਨੁਸਖੇ : ਦੂਰ ਭਜਾਉਣ ਬਿਮਾਰੀਆਂ

* ਮੂੰਹ ਦੇ ਛਾਲੇ : ਪੱਕੇ ਹੋਏ ਤਾਜ਼ੇ ਨਾਰੀਅਲ ਵਿਚੋਂ ਦੁੱਧ ਕੱਢ ਕੇ ਮੂੰਹ ਅੰਦਰ ਲਗਾਓ। ਇਸ ਨਾਲ ਮੂੰਹ ਦੇ ਛਾਲੇ ਠੀਕ ਹੋਣਗੇ।
* ਮੁਹਾਂਸੇ : ਨਿੰਬੂ ਦਾ ਰਸ, ਗੁਲਾਬ ਜਲ 'ਚ ਮਿਲਾ ਕੇ ਮੂੰਹ 'ਤੇ ਲਗਾਉਣ ਨਾਲ ਮੁਹਾਂਸੇ ਠੀਕ ਹੁੰਦੇ ਹਨ, ਇਸ ਨੂੰ ਲਗਾਉਣ ਤੋਂ ਅੱਧੇ ਘੰਟੇ ਬਾਅਦ ਤਾਜ਼ੇ ਪਾਣੀ ਨਾਲ ਮੂੰਹ ਧੋਵੋ।
* ਉਲਟੀ : ਜੇਕਰ ਤੁਹਾਨੂੰ ਉਲਟੀ ਆ ਰਹੀ ਹੈ ਜਾਂ ਘਬਰਾਹਟ ਹੋ ਰਹੀ ਹੈ ਤਾਂ ਬਿਨਾਂ ਖੰਡ ਦੀ ਕਾਲੀ ਚਾਹ ਚੁਸਕੀਆਂ ਲੈ ਕੇ ਪੀਓ। ਦਿਨ ਵਿਚ ਇਹ ਚਾਰ ਤਿੰਨ-ਚਾਰ ਵਾਰ ਪੀਓ।
* ਬੁਖਾਰ : ਜੇਕਰ ਸਰੀਰ ਵਿਚ ਬੁਖਾਰ ਜਿਹਾ ਲੱਗੇ ਤਾਂ ਇਕ ਕੱਪ ਤਾਜ਼ਾ ਨਿੰਬੂ ਦਾ ਰਸ, ਨਾਰੀਅਲ ਪਾਣੀ ਵਿਚ ਪੀਣ ਨਾਲ ਸਰੀਰ ਵਿਚ ਨਵੀਂ ਜਾਨ ਪਵੇਗੀ ਤੇ ਬੁਖਾਰ ਉਤਰ ਜਾਵੇਗਾ।
* ਖਾਂਸੀ : ਅਦਰਕ ਦਾ ਰਸ ਅਤੇ ਸ਼ਹਿਦ ਬਰਾਬਰ ਮਾਤਰਾ ਵਿਚ ਮਿਲਾ ਕੇ ਗਰਮ ਕਰ ਲਵੋ। ਇਸ ਨੂੰ ਦਿਨ ਵਿਚ 3-4 ਵਾਰ ਚੱਟਣ ਨਾਲ ਕਫ਼-ਖਾਂਸੀ ਦੂਰ ਹੁੰਦੀ ਹੈ।
* ਗਲੇ ਦੀ ਦਰਦ : ਇਕ ਛੋਟਾ ਚਮਚ ਨਿੰਬੂ ਦਾ ਰਸ ਵਿਚ ਸ਼ਹਿਦ ਮਿਲਾ ਕੇ ਦਿਨ ਵਿਚ 2-3 ਵਾਰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਖਾਣ ਨਾਲ ਗਲੇ ਦਾ ਦਰਦ ਠੀਕ ਹੁੰਦਾ ਹੈ।
* ਤਲਵਿਆਂ ਵਿਚ ਦਰਦ : ਲਗਭਗ ਇਕ ਮੁੱਠੀ ਕਰੇਲਿਆਂ ਦੇ ਪੱਤਿਆਂ ਦਾ ਰਸ ਪੀਸ ਕੇ ਬਾਰੀਕ ਪੇਸਟ ਬਣਾ ਲਵੋ। ਹਥੇਲੀਆਂ ਅਤੇ ਤਲਵਿਆਂ ਉਤੇ ਲਗਾਓ। ਤਲਵਿਆਂ ਦੀ ਦਰਦ ਅਤੇ ਜਲਣ ਠੀਕ ਹੋ ਜਾਵੇਗੀ।



# ਮਸੂੜ੍ਹਿਆਂ 'ਚ ਸੜਨ ਤੋਂ ਪ੍ਰੇਸ਼ਾਨ ਹੋ?

ਸਾਰਿਆਂ ਨੂੰ ਆਪਣੀ ਜ਼ਿੰਦਗੀ ਵਿਚ ਕਦੇ ਨਾ ਕਦੇ ਮਸੂੜ੍ਹਿਆਂ ਵਿਚ ਸੜਨ ਦੀ ਸ਼ਿਕਾਇਤ ਜ਼ਰੂਰ ਹੁੰਦੀ ਹੈ। ਜ਼ਿਆਦਾਤਰ ਸਮੱਸਿਆਵਾਂ ਰੋਜ਼ਾਨਾ ਤੇ ਚੰਗੀ ਤਰ੍ਹਾਂ ਮੂੰਹ ਦੀ ਸਫਾਈ ਨਾ ਕਰਨ ਕਾਰਨ ਹੁੰਦੀਆਂ ਹਨ ਪਰ ਮਸੂੜ੍ਹਿਆਂ 'ਚ ਸੜਨ ਪਿੱਛੇ ਹੋਰ ਵੀ ਕਾਰਨ ਹੁੰਦੇ ਹਨ।



ਕਾਰਨ : ਮਸੂੜ੍ਹਿਆਂ 'ਚ ਸੜਨ ਦਾ ਮੁਖ ਕਾਰਨ ਮੂੰਹ ਦੀ ਮਤਲਬ ਦੰਦਾਂ ਤੇ ਮਸੂੜ੍ਹਿਆਂ ਦੀ ਠੀਕ ਢੰਗ ਨਾਲ ਸਫਾਈ ਨਾ ਕਰਨਾ ਹੈ। ਉਂਝ ਇਹ ਸਮੱਸਿਆ ਮਸੂੜ੍ਹਿਆਂ ਦੇ ਨੁਕਸਾਨੇ ਜਾਣ, ਔਰਤ ਦੇ ਗਰਭਵਤੀ ਹੋਣ, ਸ਼ੂਗਰ, ਤਣਾਅ, ਕੁਪੋਸ਼ਣ, ਦਵਾਈਆਂ ਦੇ ਮਾੜੇ ਅਸਰ, ਖੁਰਦਰੇ ਤੇ ਵਿੰਗੇ-ਟੇਢੇ ਦੰਦਾਂ ਕਾਰਨ ਵੀ ਹੁੰਦੀ ਹੈ।

ਲੱਛਣ : ਮਸੂੜ੍ਹਿਆਂ ਵਿਚ ਸੋਜ਼ ਤੇ ਲਾਲਗੀ ਆ ਜਾਂਦੀ ਹੈ। ਬਰੱਸ਼ ਕਰਨ 'ਤੇ ਖ਼ੂਨ ਨਿਕਲਦਾ ਹੈ। ਮਸੂੜ੍ਹਿਆਂ ਨੂੰ ਛੂਹਣ ਤੇ ਦਬਾਉਣ 'ਤੇ ਦਰਦ ਹੁੰਦਾ ਹੈ। ਇਸ ਨਾਲ ਮੂੰਹ ਬਦਬੂਦਾਰ ਬਣ ਜਾਂਦਾ ਹੈ। ਇਹ ਸਮੱਸਿਆ ਪਿਤਾ-ਪੁਰਖੀ ਕਾਰਨਾਂ ਕਰਕੇ ਵੀ ਹੁੰਦੀ ਹੈ, ਜੋ ਅੱਲੜ੍ਹ ਉਮਰ 'ਚ ਹੀ ਹੋ ਜਾਂਦੀ ਹੈ।

ਇਲਾਜ :

☛ ਮੂੰਹ ਦੀ ਰੋਜ਼ਾਨਾ 2 ਵਾਰ ਚੰਗੀ ਤਰ੍ਹਾਂ ਸਫਾਈ ਕਰੋ।

☛ ਦੰਦਾਂ ਦੇ ਡਾਕਟਰ ਤੋਂ ਸਮੇਂ-ਸਮੇਂ 'ਤੇ ਜਾਂਚ ਕਰਵਾਓ।

☛ ਸ਼ਰਾਬ, ਸਿਗਰਟਨੋਸ਼ੀ, ਪਾਨ, ਗੁਟਕੇ, ਤੰਬਾਕੂ ਤੋਂ ਦੂਰ ਰਹੋ।

☛ ਮਿੱਠੀਆਂ ਚੀਜ਼ਾਂ ਘੱਟ ਖਾਓ। ਜ਼ਿਆਦਾ ਦੇਰ ਤਕ ਭੁੱਖੇ ਨਾ ਰਹੋ।

☛ ਤਾਜ਼ਾ ਤੇ ਪੌਸ਼ਟਿਕ ਭੋਜਨ ਕਰੋ। ਭੋਜਨ ਹਮੇਸ਼ਾ ਚਬਾ-ਚਬਾ ਕੇ ਕਰੋ।

☛ ਪੁੰਗਰੇ ਹੋਏ ਅਨਾਜ, ਸਲਾਦ ਤੇ ਫਲਾਂ ਦੀ ਵਰਤੋਂ ਕਰੋ।

☛ ਹਰ ਵਾਰ ਭੋਜਨ ਤੋਂ ਬਾਅਦ ਚੂਲੀ ਜ਼ਰੂਰ ਕਰੋ।

☛ ਟੂਥਬਰੱਸ਼ ਤੇ ਟੂਥਪੇਸਟ ਨੂੰ ਸਮੇਂ-ਸਮੇਂ 'ਤੇ ਬਦਲਦੇ ਰਹੋ।

☛ ਕਿਸੇ ਦੂਜੇ ਦਾ ਟੂਥਬਰੱਸ਼ ਨਾ ਕਰੋ।

☛ ਚਾਹ, ਕੌਫੀ, ਟੌਫੀਆਂ ਆਦਿ ਖਾਣ ਤੋਂ ਬਾਅਦ ਮੂੰਹ ਸਾਫ ਕਰੋ।

☛ ਗੈਰ-ਜ਼ਰੂਰੀ ਤਣਾਅ ਤੋਂ ਬਚੋ।

☛ ਭੋਜਨ ਦੇ ਵਿਚੋਂ-ਵਿਚ ਘੁੱਟ-ਘੁੱਟ ਪਾਣੀ ਪੀਓ।

# ਸੁਭਾਅ ਤੈਅ ਕਰਦਾ ਹੈ ਤੰਦਰੁਸਤੀ

**ਸਾਡੀ ਸ਼ਖ਼ਸੀਅਤ ਦਾ ਸਿੱਧਾ ਸਬੰਧ ਸਾਡੀ ਤੰਦਰੁਸਤੀ ਨਾਲ ਹੁੰਦਾ ਹੈ ਅਤੇ ਸਾਡੀ ਤੰਦਰੁਸਤੀ ਹੀ ਸਾਡੀ ਲੰਮੀ ਉਮਰ ਅਤੇ ਜੀਵਨ ਦੀ ਗੁਣਵੱਤਾ ਨੂੰ ਨਿਰਧਾਰਤ ਕਰਦਾ ਹੈ। ਮਾਹਿਰਾਂ ਅਨੁਸਾਰ ਜੋ ਲੋਕ ਸੁਭਾਅ ਤੋਂ ਕਾਫ਼ੀ ਆਸ਼ਾਵਾਦੀ ਹੁੰਦੇ ਹਨ, ਅਜਿਹੇ ਲੋਕਾਂ ਨੂੰ ਕਾਰਡਿਕ ਸਮੱਸਿਆਵਾਂ ਹੋਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ। ਅਸੀਂ ਅਜਿਹੀਆਂ ਸਮੱਸਿਆਵਾਂ ਨੂੰ ਟਾਇਮ ਦੇ ਸ਼ਖ਼ਸੀਅਤ ਵਰਗ ਵਿਚ ਵੰਡਦੇ ਹਾਂ। ਅਜਿਹੇ ਲੋਕ ਉਤਮ ਪੁਰਸ਼ ਹੁੰਦੇ ਹਨ। ਇਹ ਹਰ ਵੇਲੇ ਵੱਧ ਤੋਂ ਵੱਧ ਪਾਉਣ ਦੀ ਇੱਛਾ ਰੱਖਦੇ ਹਨ। ਇਸ ਲਈ ਇਹ ਦੂਜਿਆਂ 'ਤੇ ਵੱਧ ਤਣਾਅਗ੍ਰਸਤ ਰਹਿੰਦੇ ਹਨ। ਹਰ ਵੇਲੇ ਤਣਾਅ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧੇਰੇ ਹੁੰਦਾ ਹੈ। ਇਹ ਹਾਈਪਰਟੈਂਸ਼ਨ ਅਤੇ ਕਾਰਡਿਕ ਬਿਮਾਰੀ ਦੇ ਘੇਰੇ ਵਿਚ ਵੀ ਆ ਸਕਦੇ ਹਨ। ਹਰ ਵੇਲੇ ਤਣਾਅ ਵਿਚ ਰਹਿਣ ਕਰਕੇ ਉਨ੍ਹਾਂ ਵਿਚ ਕਾਰਟੀਸੋਲ ਹਾਰਮੋਨ ਦੀ ਪੱਧਰ ਵਧ ਜਾਂਦੀ ਹੈ। ਜੋ ਉਨ੍ਹਾਂ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ।**



ਜੇਕਰ ਤੁਹਾਡੇ ਮਿੱਤਰ ਤੁਹਾਡੇ ਮਿਹਨਤੀ ਹੋਣ ਦਾ ਮਜ਼ਾਕ ਉਡਾਉਂਦੇ ਹਨ ਅਤੇ ਕਹਿੰਦੇ ਹਨ ਕਿ ਮਿਹਨਤ ਤੋਂ ਵੱਧ ਜ਼ਰੂਰੀ ਹੈ, ਕੰਮ ਨੂੰ ਚੁਸਤੀ ਨਾਲ ਕਰਨਾ ਤਾਂ ਤੁਸੀਂ ਇਸ ਨਾਲ ਨਿਰਉਤਸ਼ਾਹਿਤ ਨਾ ਹੋਵੋ ਕਿਉਂਕਿ ਤੁਸੀਂ ਆਪਣੇ ਦੋਸਤਾਂ ਤੋਂ ਕਈ ਮਾਮਲਿਆਂ ਵਿਚ ਬਿਹਤਰ ਹਾਲਤ ਵਿਚ ਹੋਵੋਗੇ। ਖਾਸ ਕਰਕੇ ਸਿਹਤ ਦੇ ਮਾਮਲੇ ਵਿਚ ਹਾਲ ਹੀ ਵਿਚ ਹੋਏ ਇਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜੋ ਲੋਕ ਲੰਬੇ ਸਮੇਂ ਤੱਕ ਆਪਣੇ ਕੰਮ ਨੂੰ ਗੰਭੀਰਤਾ ਨਾਲ ਲੈਂਦੇ ਹਨ, ਉਸ ਨੂੰ ਮਿਹਨਤ ਨਾਲ ਕਰਦੇ ਹਨ, ਉਹ ਲੋਕ ਲੰਬੇ ਸਮੇਂ ਤੱਕ ਜੀਵਤ ਰਹਿੰਦੇ ਹਨ।

ਸੁਚੇਤ ਲੋਕ ਕੰਮ ਦੇ ਵਿਸ਼ੇ ਵਿਚ ਚੰਗੀਆਂ ਆਦਤਾਂ ਦੇ ਨਾਲ ਆਪਣਾ ਜੀਵਨ ਜਿਊਂਦੇ ਹਨ। ਉਨ੍ਹਾਂ ਦੀ ਹਰ ਵੇਲੇ ਕੰਮ ਦੇ ਪ੍ਰਤੀ ਚਿੰਤਤ ਰਹਿਣ ਦੀ ਆਦਤ ਉਨ੍ਹਾਂ ਨੂੰ ਗੰਭੀਰ ਬਣਾਉਂਦੀ ਹੈ ਅਤੇ ਉਹ ਆਪਣੇ ਕੰਮ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹਿੰਦੇ ਹਨ। ਇਸ ਤਰ੍ਹਾਂ ਉਹ ਆਪਣੀਆਂ ਯੋਜਨਾਵਾਂ ਦਾ ਨਿਰਧਾਰਨ ਬਿਹਤਰ ਤਰੀਕੇ ਨਾਲ ਕਰਦੇ ਹਨ। ਉਹ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿਚ ਰੱਖ ਕੇ ਉਚਿਤ ਸਮੇਂ 'ਤੇ ਸਹੀ ਫੈਸਲਾ ਲੈਂਦੇ ਹਨ। ਅਜਿਹੇ ਲੋਕ ਆਪਣੇ ਭਵਿੱਖ ਨੂੰ ਲੈ ਕੇ ਹਰ ਵੇਲੇ ਚਿੰਤਤ ਰਹਿੰਦੇ ਹਨ। ਅਜਿਹੇ ਲੋਕ ਬੁਰੀਆਂ ਆਦਤਾਂ ਦੇ ਸ਼ਿਕਾਰ ਨਹੀਂ ਹੁੰਦੇ।

ਉਹ ਡਾਕਟਰਾਂ ਦੀ ਗੱਲ ਦਾ ਵੀ ਗੰਭੀਰਤਾ ਨਾਲ ਪਾਲਣ ਕਰਦੇ ਹਨ ਕਿਉਂਕਿ ਅਜਿਹੇ ਲੋਕ ਸਕਾਰਾਤਮਿਕ ਹੁੰਦੇ ਹਨ, ਇਸ ਲਈ ਉਹ ਲੰਮਾ ਜੀਵਨ ਜਿਊਂਦੇ ਹਨ। ਇਸ ਦੇ ਮੁਕਾਬਲੇ ਜੋ ਲੋਕ ਡਾਕਟਰ ਦੇ ਆਦੇਸ਼ ਦੀ ਖਿਲੀ ਉਡਾਉਂਦੇ ਹਨ ਉਹ ਕਈ ਕਿਸਮ ਦੀਆਂ ਬੁਰੀਆਂ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਸਾਡੀ ਸ਼ਖ਼ਸੀਅਤ ਦਾ ਸਿੱਧਾ ਸਬੰਧ ਸਾਡੀ ਤੰਦਰੁਸਤੀ ਨਾਲ ਹੁੰਦਾ ਹੈ ਅਤੇ ਸਾਡੀ ਤੰਦਰੁਸਤੀ ਹੀ ਸਾਡੀ ਲੰਮੀ ਉਮਰ ਅਤੇ ਜੀਵਨ ਦੀ ਗੁਣਵੱਤਾ ਨੂੰ ਨਿਰਧਾਰਤ ਕਰਦਾ ਹੈ। ਮਾਹਿਰਾਂ ਅਨੁਸਾਰ ਜੋ ਲੋਕ ਸੁਭਾਅ ਤੋਂ ਕਾਫ਼ੀ ਆਸ਼ਾਵਾਦੀ ਹੁੰਦੇ ਹਨ, ਅਜਿਹੇ ਲੋਕਾਂ ਨੂੰ ਕਾਰਡਿਕ ਸਮੱਸਿਆਵਾਂ ਹੋਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ। ਅਸੀਂ ਅਜਿਹੀਆਂ ਸਮੱਸਿਆਵਾਂ ਨੂੰ ਟਾਇਮ ਦੇ ਸ਼ਖ਼ਸੀਅਤ ਵਰਗ ਵਿਚ ਵੰਡਦੇ ਹਾਂ। ਅਜਿਹੇ ਲੋਕ ਉਤਮ ਪੁਰਸ਼ ਹੁੰਦੇ ਹਨ। ਇਹ ਹਰ ਵੇਲੇ ਵੱਧ ਤੋਂ ਵੱਧ ਪਾਉਣ ਦੀ ਇੱਛਾ ਰੱਖਦੇ ਹਨ। ਇਸ ਲਈ ਇਹ ਦੂਜਿਆਂ 'ਤੇ ਵੱਧ ਤਣਾਅਗ੍ਰਸਤ ਰਹਿੰਦੇ ਹਨ। ਹਰ ਵੇਲੇ ਤਣਾਅ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧੇਰੇ ਹੁੰਦਾ ਹੈ। ਇਹ ਹਾਈਪਰਟੈਂਸ਼ਨ ਅਤੇ ਕਾਰਡਿਕ ਬਿਮਾਰੀ ਦੇ ਘੇਰੇ ਵਿਚ ਵੀ ਆ ਸਕਦੇ ਹਨ। ਹਰ ਵੇਲੇ ਤਣਾਅ ਵਿਚ ਰਹਿਣ ਕਰਕੇ ਉਨ੍ਹਾਂ ਵਿਚ ਕਾਰਟੀਸੋਲ ਹਾਰਮੋਨ ਦੀ ਪੱਧਰ ਵਧ ਜਾਂਦੀ ਹੈ। ਜੋ ਉਨ੍ਹਾਂ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦੇ ਉਲਟ ਜੋ ਲੋਕ ਹਰ ਵੇਲੇ ਖੁਸ਼ ਰਹਿੰਦੇ ਹਨ ਅਤੇ ਉਲਟ ਹਲਾਤ ਵਿਚ ਘਬਰਾਉਂਦੇ ਨਹੀਂ ਹਨ, ਉਹ ਕਿੰਨੀਆਂ ਵੀ ਮੁਸ਼ਕਿਲ ਹਾਲਤਾਂ ਵਿਚ ਹੋਣ ਉਹ ਹਮੇਸ਼ਾ ਠੰਢੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਤਣਾਅਗ੍ਰਸਤ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ, ਚੀਜ਼ਾਂ ਦੇ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕ ਅਕਸਰ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ। ਚਾਹੁੰਦੇ ਹੋਏ ਵੀ ਇਹ ਲੋਕ ਆਪਣੇ ਭਾਰ ਨੂੰ ਜਲਦੀ ਘਟਾ ਨਹੀਂ ਸਕਦੇ ਕਿਉਂਕਿ ਅਜਿਹੇ ਲੋਕ ਹਾਂ-ਪੱਖੀ ਸੋਚ ਦੇ ਧਾਰਨੀ ਹੁੰਦੇ ਹਨ। ਇਹ ਆਪਣੇ ਭਾਰ ਅਤੇ ਆਪਣੇ ਬੇਡੌਲ ਦਿਖਾਈ ਦੇਣ ਨੂੰ ਲੈ ਕੇ ਚਿੰਤਤ ਨਹੀਂ ਹੁੰਦੇ। ਜੋ ਲੋਕ ਬਾਹਰਮੁਖੀ ਹੁੰਦੇ ਹਨ ਤੇ ਆਪਣੇ-ਆਪ ਨੂੰ ਆਸਾਨੀ ਨਾਲ ਪ੍ਰਗਟ ਕਰਦੇ ਹਨ ਉਹ ਕਦੀ ਵੀ ਤਣਾਅ ਵਿਚ ਨਹੀਂ ਆਉਂਦੇ। ਪਰ ਉਹ ਤਣਾਅ ਦੂਜਿਆਂ ਵਿਚ ਛੱਡ ਦਿੰਦੇ ਹਨ, ਉਹ ਬਿਨਾਂ ਸੋਚੇ ਸਮਝੇ ਕੋਈ ਵੀ ਗੱਲ ਕਹਿ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਸਬੰਧ ਦੂਸਰਿਆਂ ਨਾਲ ਅਕਸਰ ਵਿਗੜ ਜਾਂਦੇ ਹਨ। ਜੋ ਕਹਿੰਦੇ ਹਨ ਜੋ ਲੋਕ ਸਮਾਜਿਕ ਰੂਪ ਵਿਚ ਬਹੁਤੇ ਸਰਗਰਮ ਹੁੰਦੇ ਹਨ ਉਨ੍ਹਾਂ ਦਾ ਦਿਮਾਗ ਵਧੇਰੇ ਸੁਚੇਤ ਨਹੀਂ ਹੁੰਦਾ ਉਹ ਜਲਦੀ ਥੱਕ ਜਾਂਦੇ ਹਨ। ਇਸ ਲਈ ਦੂਸਰੇ ਲੋਕਾਂ ਵਿਚ ਘੁਲਣ-ਮਿਲਣ ਵੇਲੇ ਲੋਕ ਬਹੁਤੇ ਸੁਚੇਤ ਨਹੀਂ ਹੁੰਦੇ। ਅਜਿਹੇ ਲੋਕ ਉਨੀਂਦਰੇ ਦਾ ਸ਼ਿਕਾਰ ਹੁੰਦੇ ਹਨ। ਇਸ ਦੀ ਤੁਲਨਾ ਵਿਚ ਜੋ ਲੋਕ ਅੰਤਰਮੁਖੀ ਜਾਂ ਸ਼ਰਮੀਲੇ ਹੁੰਦੇ ਹਨ ਇਹ ਅਕਸਰ ਸਿਰਦਰਦ ਜਾਂ ਪੇਟ ਵਿਚ ਗੈਸ ਆਦਿ ਤੋਂ ਪ੍ਰੇਸ਼ਾਨ ਰਹਿੰਦੇ ਹਨ। ਸੰਵੇਦਨਾਵਾਂ ਨੂੰ ਕਾਬੂ ਨਾ ਕਰ ਸਕਣ ਕਰਕੇ ਇਹ ਲੋਕ ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ। ਇਹ ਲੋਕ ਦੂਸਰਿਆਂ ਨਾਲ ਝਗੜਾ ਕਰਨ ਤੋਂ ਘਬਰਾਉਂਦੇ ਹਨ। ਕਿਸੇ ਸਾਹਮਣੇ ਪ੍ਰਤੀਕਿਰਿਆ ਪ੍ਰਗਟ ਕਰਦੇ ਸਮੇਂ ਇਹ ਪਹਿਲਾਂ ਕਈ ਵਾਰ ਸੋਚਦੇ ਹਨ। ਇਨ੍ਹਾਂ ਦੀਆਂ ਸੰਵੇਦਨਾਵਾਂ ਦੱਬੀਆਂ ਰਹਿੰਦੀਆਂ ਹਨ। ਕੁਲ ਮਿਲਾ ਕੇ ਹਰ ਵਿਅਕਤੀ ਦੀ ਸ਼ਖ਼ਸੀਅਤ ਭਿੰਨ ਹੁੰਦੀ ਹੈ ਤੇ ਇਸ ਦੇ ਅਨੁਸਾਰ ਹੀ ਸਮੱਸਿਆਵਾਂ ਹੋ ਸਕਦੀਆਂ ਹਨ। ਬਹੁਤ ਜ਼ਿਆਦਾ ਤੇਜ਼ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਹੁੰਦਾ ਹੈ।

# ਕਿਵੇਂ ਰੱਖੀਏ ਦੰਦਾਂ ਦੀ ਖ਼ੂਬਸੂਰਤੀ ਕਾਇਮ

ਦੰਦਾਂ ਵਿਚ ਕੈਵਿਟੀ ਹੋਵੇ ਤਾਂ ਤੁਰੰਤ ਆਪਣਾ ਬਲੱਡ ਸ਼ੂਗਰ ਚੈੱਕ ਕਰਵਾਉਣ। ਕਰਡੀਓਵੈਸਕੁਲਰ ਰੈਸਪੀਰੋਟਰੀ ਅਤੇ ਸਟਰੋਕ ਨਾਲ ਸੰਬੰਧਿਤ ਸਮੂਹ ਬਿਮਾਰੀਆਂ ਮੂੰਹ ਵਿਚ ਹੋਣ ਵਾਲੇ ਇਨਫੈਕਸ਼ਨ ਕਰਕੇ ਹੁੰਦੀਆਂ ਹਨ। ਜਿਥੋਂ ਤੱਕ ਮੂੰਹ ਦਾ ਸਵਾਲ ਹੈ ਇਸ ਵਿਚੋਂ ਆਉਣ ਵਾਲੀ ਹਵਾ ਸਾਡੇ ਸਰੀਰ ਦੀਆਂ ਬਿਮਾਰੀਆਂ ਦੀ ਹਲਚਲ ਲੈ ਕੇ ਆਉਂਦੀ ਹੈ। ਸ਼ੂਗਰ ਦੇ ਮਰੀਜ਼ਾਂ ਦੀ ਸਾਹ ਮਿੱਠੀ ਹੁੰਦੀ ਹੈ। ਸਾਹ ਦੇ ਮਰੀਜ਼ਾਂ ਦਾ ਸਾਹ ਦੂਰ ਤੋਂ ਹੀ ਦੱਸ ਦਿੰਦਾ ਹੈ। ਮੂੰਹ ਵਿਚੋਂ ਆਉਣ ਵਾਲੀ ਬਦਬੂ ਮਸੂੜਿਆਂ ਦੀਆਂ ਬਿਮਾਰੀਆਂ ਦੀ ਸੂਚਕ ਹੁੰਦੀ ਹੈ। ਦੰਦਾਂ ਦੇ ਆਲੇ-ਦੁਆਲੇ ਜਮਾਂ ਹੋਣ ਵਾਲਾ ਪਲਾਕ ਜੇਕਰ ਨਾ ਹਟਾਇਆ ਜਾਵੇ ਤਾਂ ਮਸੂੜੇ ਅਤੇ ਮਸੂੜਿਆਂ ਦੀ ਹੱਡੀ ਦਾ ਨੁਕਸਾਨ ਹੋ ਜਾਂਦਾ ਹੈ।

ਡਾਕਟਰਾਂ ਅਨੁਸਾਰ ਜੇਕਰ ਅਸੀਂ ਮਨੁੱਖੀ ਸਰੀਰ ਦੀ ਕਾਰਜ ਪ੍ਰਣਾਲੀ ਨੂੰ ਸਮਝ ਕੇ ਉਸ ਦਾ ਪੂਰਾ ਖਿਆਲ ਰੱਖੀਏ ਤਾਂ ਆਪਣੇ ਸਰੀਰ ਦੇ ਅੰਗਾਂ ਦੀ ਭਾਸ਼ਾ ਸਮਝਣ ਦੇ ਵਧੇਰੇ ਸਮਰੱਥ ਹੋ ਸਕਦੇ ਹਾਂ। ਉਦਾਹਰਨ ਦੇ ਤੌਰ 'ਤੇ ਵਾਰ-ਵਾਰ ਪਿਆਸ ਲੱਗਣਾ, ਵਾਰ-ਵਾਰ ਪਿਸ਼ਾਬ ਆਉਣਾ, ਅਕਸਰ ਸ਼ੂਗਰ ਦੀਆਂ ਨਿਸ਼ਾਨੀਆਂ ਹਨ।

ਦਸ ਸਾਲ ਦੇ ਬੱਚੇ ਦੀ ਮਾਂ ਉਸ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਕੇ ਗਈ। ਪਿਛਲੇ ਕਈ ਦਿਨਾਂ ਤੋਂ ਉਸ ਦੇ ਮਸੂੜਿਆਂ ਵਿਚੋਂ ਬੁਰਸ਼ ਕਰਨ ਵੇਲੇ ਖ਼ੂਨ ਨਿਕਲਦਾ ਸੀ। ਮਾਂ ਕਹਿੰਦੀ ਸੀ ਕਿ ਉਹ ਰਾਤ ਨੂੰ ਖਾਣਾ ਖਾਣ ਤੋਂ ਪਿੱਛੋਂ ਬੁਰਸ਼ ਨਹੀਂ ਕਰਦਾ, ਇਸ ਵਿਚ ਉਸ ਦੇ ਦੰਦ ਖਰਾਬ ਹੋ ਰਹੇ ਹਨ। ਡਾਕਟਰ ਨੇ ਦੱਸਿਆ ਕਿ ਇਹ ਕੋਈ ਆਮ ਗੱਲ ਨਹੀਂ ਹੈ। ਜੇਕਰ ਮਸੂੜਿਆਂ ਵਿਚ ਖ਼ੂਨ ਨਿਕਲਦਾ ਹੈ ਤਾਂ ਪਹਿਲਾਂ ਖ਼ੂਨ ਦੀ ਜਾਂਚ ਕਰਨੀ ਪਵੇਗੀ। ਇਹ ਲਿਉਕੇਮੀਆ ਵੀ ਹੋ ਸਕਦਾ ਹੈ। ਜੋ ਕੈਂਸਰ ਵਿਚ ਵੀ ਤਬਦੀਲ ਹੋ ਸਕਦਾ ਹੈ। ਮਾਹਰ ਡਾਕਟਰਾਂ ਅਨੁਸਾਰ ਜੇਕਰ ਮਸੂੜਿਆਂ ਵਿਚੋਂ ਖ਼ੂਨ ਆ ਰਿਹਾ ਹੈ ਤਾਂ ਇਸ ਦਾ ਮਤਲਬ ਹੈ, ਸਾਨੂੰ ਇਲਾਜ ਦੀ ਲੋੜ ਹੈ। ਪਰ ਲੋਕ ਧਿਆਨ ਨਹੀਂ ਦਿੰਦੇ। ਇਸ ਨੂੰ ਅਣਗੌਲਿਆਂ ਕਰਦੇ ਹਨ।

ਮਨੁੱਖੀ ਸਰੀਰ ਦੀ ਇੰਜੀਨੀਅਰਿੰਗ ਵੀ ਅਜੀਬ ਹੈ, ਸਾਡੇ ਸਰੀਰ ਸਾਰੇ ਅੰਗਾਂ ਦੀ ਆਪਣੀ ਜ਼ਬਾਨ ਹੁੰਦੀ ਹੈ। ਅੱਖਾਂ ਦੇ ਹੇਠਾਂ ਕਾਲੇ ਘੇਰੇ ਜੇਕਰ ਖਰਾਬ ਕਿਡਨੀ ਦੀ ਕਹਾਣੀ ਕਹਿੰਦੇ ਹਨ ਤਾਂ ਮਾਹਵਾਰੀ ਦੇ ਦੌਰਾਨ ਵਧੇਰੇ ਖ਼ੂਨ ਆਉਣਾ ਵੀ ਟੀ. ਬੀ. ਦੀ ਨਿਸ਼ਾਨੀ ਹੋ ਸਕਦਾ ਹੈ। ਹਰ ਵੇਲੇ ਕਮਰ ਵਿਚ ਹੋਣ ਵਾਲੀ ਦਰਦ ਇਸ ਗੱਲ ਦੀ ਮੰਗ ਕਰਦੀ ਹੈ ਕਿ ਭੋਜਨ ਵਿਚ ਵਿਟਾਮਿਨ 'ਡੀ' ਦੀ ਕਮੀ ਹੈ। ਸਰੀਰ ਦੇ ਅਜਿਹੇ ਸੰਕੇਤਾਂ ਦੀ ਭਾਸ਼ਾ ਅਸੀਂ ਕਿੱਥੇ ਸੁਣਦੇ ਹਾਂ।

ਜੇਕਰ ਸਾਡੇ ਨਹੁੰ ਘੱਟ ਸੁੰਦਰ ਲਗਦੇ ਹਨ ਤਾਂ ਇਨ੍ਹਾਂ 'ਤੇ ਨਹੁੰ ਪਾਲਸ਼ ਲਗਾ ਕੇ ਸੁੰਦਰ ਬਣਾ ਲਓ। ਅਸੀਂ ਭੁੱਲ ਜਾਂਦੇ ਹਾਂ ਕਿ ਇਹ ਸਾਡੇ ਸਰੀਰ ਦੇ ਮੈਟਾਬੋਲਿਜ਼ਮ ਵਿਚ ਆਏ ਅਸੰਤੁਲਨ ਕਰਕੇ ਹੈ। ਚਿਹਰੇ 'ਤੇ ਹੋਣ ਵਾਲੇ ਕਿੱਲ-ਮੁਹਾਸਿਆਂ ਦਾ ਕਾਰਨ ਪਾਚਣ ਕਿਰਿਆ ਵਿਚ ਗੜਬੜ ਹੈ। ਪਰ ਅਸੀਂ ਇਨ੍ਹਾਂ ਦਾ ਇਲਾਜ ਸੁੰਦਰਤਾ ਸਾਧਨਾਂ ਨਾਲ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਡਾਕਟਰਾਂ ਅਨੁਸਾਰ ਜੇਕਰ ਅਸੀਂ ਮਨੁੱਖੀ ਸਰੀਰ ਦੀ ਕਾਰਜ ਪ੍ਰਣਾਲੀ ਨੂੰ ਸਮਝ ਕੇ ਉਸ ਦਾ ਪੂਰਾ ਖਿਆਲ ਰੱਖੀਏ ਤਾਂ ਆਪਣੇ ਸਰੀਰ ਦੇ ਅੰਗਾਂ ਦੀ ਭਾਸ਼ਾ ਸਮਝਣ ਦੇ ਵਧੇਰੇ ਸਮਰੱਥ ਹੋ ਸਕਦੇ ਹਾਂ। ਉਦਾਹਰਨ ਦੇ ਤੌਰ 'ਤੇ ਵਾਰ-ਵਾਰ ਪਿਆਸ ਲੱਗਣਾ, ਵਾਰ-ਵਾਰ ਪਿਸ਼ਾਬ ਆਉਣਾ, ਅਕਸਰ ਸ਼ੂਗਰ ਦੀਆਂ ਨਿਸ਼ਾਨੀਆਂ ਹਨ। ਇਸ ਦੌਰਾਨ ਸਾਡੇ ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ। ਸਾਡਾ ਦਿਮਾਗ ਉਸ ਵੇਲੇ ਇਸ ਨੂੰ ਸਰੀਰ 'ਚੋਂ ਬਾਹਰ ਕਰਨ ਲਈ ਸੰਕੇਤ ਦਿੰਦਾ ਹੈ ਤੇ ਅਸੀਂ ਪਾਣੀ ਪੀਂਦੇ ਹਾਂ ਜਾਂ ਪਿਸ਼ਾਬ ਕਰਦੇ ਹਾਂ। ਵਾਲਾਂ ਦੇ ਝੜਨ ਦਾ ਕਾਰਨ ਅਨੀਮੀਆ ਅਤੇ ਸਰੀਰ ਵਿਚ ਕਾਪਰ ਦੀ ਕਮੀ ਹੁੰਦਾ ਹੈ। ਇਸੇ ਤਰ੍ਹਾਂ ਮੂੰਹ ਵਿਚੋਂ ਆਉਣ ਵਾਲੀ ਬਦਬੂ ਵੀ ਇਕ ਗੰਭੀਰ ਬਿਮਾਰੀ ਹੈ। ਇਸ ਲਈ ਸਾਨੂੰ ਕਿਸੇ ਲਿਵਰ ਮਾਹਰ ਨੂੰ ਮਿਲ ਕੇ ਇਸ 'ਤੇ ਸਮੇਂ ਸਿਰ ਕਾਬੂ ਪਾਉਣਾ ਚਾਹੀਦਾ ਹੈ। ਸਾਡਾ ਮੂੰਹ ਸਾਡੀ ਤੰਦਰੁਸਤੀ ਦਾ ਪ੍ਰਵਕਤਾ ਹੈ। ਬਸ਼ਰਤੇ ਕਿ ਅਸੀਂ ਇਸ ਦੀ ਸੁਣੀਏ। ਸੁੰਦਰ ਬੁੱਲ੍ਹ ਅਤੇ ਮੋਤੀਆਂ ਵਰਗੇ ਦੰਦ ਸਾਡੀ ਚੰਗੀ ਸਿਹਤ ਦੀ ਨਿਸ਼ਾਨੀ ਹਨ। ਮੂੰਹ ਦਾ ਅਕਸਰ, ਮਸੂੜਿਆਂ ਦੀ ਇਨਫੈਕਸ਼ਨ, ਐਚ. ਆਈ. ਵੀ. ਦੇ ਪੂਰਵ ਲੱਛਣ ਹਨ। ਖਰਾਬ ਦੰਦ ਉਸ ਦੀ ਪ੍ਰੋਸਿਸ ਦਾ ਕਾਰਨ ਬਣ ਸਕਦੇ ਹਨ। ਪੇਟ ਵਿਚ ਜਲਣ ਦੇ ਕਾਰਨ ਐਚ ਪਾਇਲੋਰੀ ਬੈਕਟੀਰੀਆ ਹੁੰਦਾ ਹੈ। ਇਹ ਬੈਕਟੀਰੀਆ ਰੋਗਗ੍ਰਸਤ ਮਸੂੜਿਆਂ ਵਿਚ ਆਪਣਾ ਘਰ ਬਣਾਉਂਦਾ ਹੈ। ਦੰਦਾਂ ਵਿਚ ਕੈਵਿਟੀ ਹੋਵੇ ਤਾਂ ਤੁਰੰਤ ਆਪਣਾ ਬਲੱਡ ਸ਼ੂਗਰ ਚੈੱਕ ਕਰਵਾਉਣ। ਕਰਡੀਓਵੈਸਕੁਲਰ ਰੈਸਪੀਰੋਟਰੀ ਅਤੇ ਸਟਰੋਕ ਨਾਲ ਸੰਬੰਧਿਤ ਸਮੂਹ ਬਿਮਾਰੀਆਂ ਮੂੰਹ ਵਿਚ ਹੋਣ ਵਾਲੇ ਇਨਫੈਕਸ਼ਨ ਕਰਕੇ ਹੁੰਦੀਆਂ ਹਨ। ਜਿਥੋਂ ਤੱਕ ਮੂੰਹ ਦਾ ਸਵਾਲ ਹੈ ਇਸ ਵਿਚੋਂ ਆਉਣ ਵਾਲੀ ਹਵਾ ਸਾਡੇ ਸਰੀਰ ਦੀਆਂ ਬਿਮਾਰੀਆਂ ਦੀ ਹਲਚਲ ਲੈ ਕੇ ਆਉਂਦੀ ਹੈ। ਸ਼ੂਗਰ



ਦੇ ਮਰੀਜ਼ਾਂ ਦੀ ਸਾਹ ਮਿੱਠੀ ਹੁੰਦੀ ਹੈ। ਸਾਹ ਦੇ ਮਰੀਜ਼ਾਂ ਦਾ ਸਾਹ ਦੂਰ ਤੋਂ ਹੀ ਦੱਸ ਦਿੰਦਾ ਹੈ। ਮੂੰਹ ਵਿਚੋਂ ਆਉਣ ਵਾਲੀ ਬਦਬੂ ਮਸੂੜਿਆਂ ਦੀਆਂ ਬਿਮਾਰੀਆਂ ਦੀ ਸੂਚਕ ਹੁੰਦੀ ਹੈ। ਦੰਦਾਂ ਦੇ ਆਲੇ-ਦੁਆਲੇ ਜਮਾਂ ਹੋਣ ਵਾਲਾ ਪਲਾਕ ਜੇਕਰ ਨਾ ਹਟਾਇਆ ਜਾਵੇ ਤਾਂ ਮਸੂੜੇ ਅਤੇ ਮਸੂੜਿਆਂ ਦੀ ਹੱਡੀ ਦਾ ਨੁਕਸਾਨ ਹੋ ਜਾਂਦਾ ਹੈ। ਮੂੰਹ ਵਿਚੋਂ ਆਉਣ ਵਾਲੀ ਦੁਰਗੰਧ ਦਾ ਵੱਡਾ ਕਾਰਨ ਲੰਬੇ ਸਮੇਂ ਤੱਕ ਕੁਝ ਨਾ ਖਾਣਾ ਵੀ ਹੁੰਦਾ ਹੈ।

ਦੁੱਧ ਦੇ ਦੰਦਾਂ ਵਿਚ ਕੈਵਿਟੀ ਸਮੱਸਿਆ ਆਮ ਦੇਖਣ ਵਿਚ ਆਉਂਦੀ ਹੈ। ਜ਼ਿੰਦਾਦਿਲ ਮੁਸਕਾਨ ਲਈ ਦੰਦਾਂ ਦੀ ਦੇਖ-ਭਾਲ ਅਤਿ ਜ਼ਰੂਰੀ ਹੈ, ਦਿਨ ਵਿਚ ਕਈ ਕੱਪ ਕਾਫ਼ੀ ਜਾਂ ਚਾਹ ਵੀ ਦੰਦਾਂ 'ਤੇ ਬੁਰਾ ਅਸਰ ਪਾਉਂਦੀ ਹੈ। ਦਿਨ ਵਿਚ ਦੋ ਵਾਰ ਬੁਰਸ਼ ਜ਼ਰੂਰ ਕਰਨਾ ਚਾਹੀਦਾ ਹੈ। ਹਰ ਵਾਰ ਖਾਣ ਤੋਂ ਬਾਅਦ ਮੂੰਹ ਦੀ ਚੰਗੀ ਤਰ੍ਹਾਂ ਸਫਾਈ ਕਰੋ।

# ਅਣਗਿਣਤ ਰੋਗਾਂ ਨੂੰ ਜਨਮ ਦਿੰਦਾ ਹੈ ਪ੍ਰਦੂਸ਼ਣ

ਇਕ ਪਾਸੇ ਰਾਜਧਾਨੀ ਦਿੱਲੀ ਹਰ ਦਿਨ ਬੀਤਣ ਤੋਂ ਬਾਅਦ ਵਿਸ਼ਵ ਪੱਧਰੀ ਸ਼ਹਿਰ ਵਿਚ ਤਬਦੀਲ ਹੋ ਰਹੀ ਹੈ। ਦੂਜੇ ਪਾਸੇ ਇਥੋਂ ਦਾ ਵਾਤਾਵਰਨ ਲਗਾਤਾਰ ਸਿਹਤ ਲਈ ਹਾਨੀਕਾਰਕ ਹੁੰਦਾ ਜਾ ਰਿਹਾ ਹੈ। ਦਿੱਲੀ ਦੇ ਵਾਤਾਵਰਨ ਵਿਚ ਹੁਣ ਨਵਾਂ ਸੰਕਟ ਵਧਦੇ ਪਾਰੇ ਦਾ ਹੈ। ਪਾਰਾ ਭਾਵ ਮਰਕਰੀ ਨਾ ਸਿਰਫ ਸਾਨੂੰ ਬਿਮਾਰ ਕਰ ਰਿਹਾ ਹੈ, ਸਗੋਂ ਸਾਡੇ ਸਰੀਰਕ ਤੰਤਰ 'ਤੇ ਵੀ ਮਾੜਾ ਪ੍ਰਭਾਵ ਪਾ ਰਿਹਾ ਹੈ।




ਟਾਕਸਿਕ ਲਿੰਕ ਦੇ ਇਕ ਅਧਿਐਨ ਅਨੁਸਾਰ ਦਿੱਲੀ ਦੇ ਵਾਤਾਵਰਨ ਵਿਚ ਪਾਰੇ ਦੀ ਮਾਤਰਾ ਖ਼ਤਰੇ ਦੇ ਨਿਸ਼ਾਨ ਤੋਂ ਜ਼ਿਆਦਾ ਵਧ ਗਈ ਹੈ। ਦਰਅਸਲ ਸਿਹਤ ਸਬੰਧੀ ਖੇਤਰਾਂ 'ਚ ਵਰਤੋਂ ਵਿਚ ਆਉਣ ਵਾਲੇ ਵੱਖ-ਵੱਖ ਉਪਕਰਣਾਂ ਵਿਚ ਹਰ ਸਾਲ 26 ਟਨ ਤੋਂ ਜ਼ਿਆਦਾ ਪਾਰਾ ਜਾਂ ਮਰਕਰੀ ਦੀ ਵਰਤੋਂ ਹੁੰਦੀ ਹੈ। ਜਿਨ੍ਹਾਂ ਵਿਸ਼ੇਸ਼ ਉਪਕਰਣਾਂ ਤੇ ਵਸਤਾਂ ਵਿਚ ਇਹ ਇਸਤੇਮਾਲ ਹੁੰਦਾ ਹੈ, ਉਨ੍ਹਾਂ ਵਿਚ ਥਰਮਾਮੀਟਰ, ਬੈਟਰੀ, ਸਫਾਈਗਮੋਮੈਨੋਮੀਟਰ, ਟਿਊਬਲਾਈਟ, ਬੈਰੋਮੀਟਰ, ਫਲੋਰੋਸੇਂਟ ਲਾਈਟ ਅਤੇ ਪੇਂਟਸ ਆਦਿ ਹਨ।

ਸਵਾਲ ਹੈ ਦਿੱਲੀ ਦੇ ਵਾਤਾਵਰਨ ਵਿਚ ਇਹ ਜ਼ਹਿਰੀਲਾ ਪਦਾਰਥ ਕਿੱਥੋਂ ਅਤੇ ਕਿਉਂ ਆ ਰਿਹਾ ਹੈ? ਦਰਅਸਲ ਸਾਡੀ ਆਧੁਨਿਕ ਜੀਵਨਸ਼ੈਲੀ ਵਿਚ ਇਸਤੇਮਾਲ ਹੋਣ ਵਾਲੇ ਸਾਰੇ ਉਪਕਰਣ ਅਜਿਹੇ ਹਨ ਜਿਨ੍ਹਾਂ ਵਿਚ ਪਾਰੇ ਦੀ ਵਰਤੋਂ ਹੁੰਦੀ ਹੈ। ਭਾਵੇਂ ਫਿਰ ਰੋਜ਼ਾਨਾ ਦੇ ਸਾਰੇ ਇਲੈਕਟ੍ਰਾਨਿਕਸ ਉਪਕਰਣਾਂ ਵਿਚ ਇਸਤੇਮਾਲ ਹੋਣ ਵਾਲੀ ਬੈਟਰੀ ਹੋਵੇ ਜਾਂ ਸੋਨੇ ਦੇ ਸਾਰੀਆਂ ਚੀਜ਼ਾਂ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੰਪਿਊਟਰ ਅਤੇ ਦੂਸਰੀਆਂ ਇਲੈਕਟ੍ਰਾਨਿਕ ਚੀਜ਼ਾਂ ਵਿਚ ਸੋਨੇ ਅਤੇ ਚਾਂਦੀ ਦੀ ਬਹੁਤ ਵਰਤੋਂ ਹੋ ਰਹੀ ਹੈ। ਇਨ੍ਹਾਂ ਧਾਤੂਆਂ ਵਿਚ ਵੀ ਪਾਰਾ ਮੌਜੂਦ ਹੁੰਦਾ ਹੈ। ਇਸ ਤੋਂ ਇਲਾਵਾ ਸੀਮੇਂਟ ਦੀਆਂ ਚੀਜ਼ਾਂ ਅਤੇ ਵੱਖ-ਵੱਖ ਕਿਸਮ ਦੇ ਮੈਡੀਕਲ ਡਿਸਪੋਜ਼ਲ ਵੀ ਹਵਾ ਵਿਚ ਪਾਰੇ ਦੀ ਮੌਜੂਦਗੀ ਦਾ ਇਕ ਵੱਡਾ ਕਾਰਨ ਹਨ।

ਸਿਹਤ ਲਈ ਖ਼ਤਰਾ ਬਣ ਚੁੱਕੇ ਪਾਰੇ ਦੀ ਹਵਾ ਵਿਚ ਇਸ ਪੱਧਰ ਤੱਕ ਮੌਜੂਦਗੀ ਦਾ ਇਕ ਵੱਡਾ ਕਾਰਨ ਸਰਕਾਰ ਦਾ ਇਸ ਸਬੰਧ ਵਿਚ ਢਿੱਲਾ ਰਵੱਈਆ ਵੀ ਹੈ। ਸਰਕਾਰ ਨਾ ਤਾਂ ਇਸ ਸਬੰਧ ਵਿਚ ਆਪਣੇ ਨਿਯਮਾਂ ਨੂੰ ਸਖ਼ਤ ਬਣਾ ਰਹੀ ਹੈ ਅਤੇ ਨਾ ਹੀ ਇਨ੍ਹਾਂ ਦੇ ਪਾਲਣ ਨੂੰ ਸੁਨਿਸ਼ਚਿਤ ਕਰਵਾ ਰਹੀ ਹੈ, ਜਿਸ ਕਾਰਨ ਹਸਪਤਾਲਾਂ, ਫਿਰ ਭਾਵੇਂ ਉਹ ਸਰਕਾਰੀ ਹੋਣ ਜਾਂ ਪ੍ਰਾਈਵੇਟ। ਉਨ੍ਹਾਂ ਸਾਰਿਆਂ ਵਿਚ ਇਸ ਦੇ ਸਟੋਰੇਜ਼ ਨੂੰ ਲੈ ਕੇ ਲਾਪਰਵਾਹੀ ਦਾ ਆਲਮ ਬਣਿਆ ਰਹਿੰਦਾ ਹੈ। ਸਿੱਟੇ ਵਜੋਂ ਥਰਮਾਮੀਟਰ ਟੁੱਟ ਜਾਂਦੇ ਹਨ ਅਤੇ ਪਾਰਾ ਹਵਾ ਵਿਚ ਫੈਲ ਜਾਂਦਾ ਹੈ। ਜਦੋਂ ਪਾਰਾ ਹਵਾ ਵਿਚ ਪਹੁੰਚਦਾ ਹੈ ਤਾਂ ਇਹ ਮਿਥਾਇਲ ਪਾਰਾ ਬਣ ਜਾਂਦਾ ਹੈ ਜੋ ਸਾਧਾਰਨ ਪਾਰੇ ਤੋਂ ਵੀ ਜ਼ਿਆਦਾ ਖ਼ਤਰਨਾਕ ਹੁੰਦਾ ਹੈ।

ਆਮ ਤੌਰ 'ਤੇ ਪਾਰੇ ਦੇ ਭੰਡਾਰਨ ਲਈ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਦੂਸਰੇ ਸ਼ਹਿਰਾਂ ਵਿਚ ਜੋ ਪ੍ਰੰਪਰਿਕ ਤਰੀਕਾ ਇਸਤੇਮਾਲ ਹੁੰਦਾ ਹੈ, ਉਸ ਮੁਤਾਬਿਕ ਗੱਤੇ ਅਤੇ ਪਲਾਸਟਿਕ ਦੇ ਡੱਬਿਆਂ ਵਿਚ ਇਸ ਨੂੰ ਸਟੋਰ ਕੀਤਾ ਜਾਂਦਾ ਹੈ। ਕਈ ਹਸਪਤਾਲਾਂ ਵਿਚ ਪਾਰੇ ਨੂੰ ਜ਼ਿਆਦਾ ਮਾਤਰਾ ਵਿਚ ਸਟੋਰ ਕਰਨ ਲਈ ਕੱਚ ਦੀਆਂ ਬੋਤਲਾਂ ਦੀ ਵਰਤੋਂ ਹੁੰਦੀ ਹੈ। ਇਸ ਕਾਰਨ ਵੀ ਇਹ ਤੇਜ਼ੀ ਨਾਲ ਹਵਾ ਵਿਚ ਸ਼ਾਮਿਲ ਹੋ ਰਿਹਾ ਹੈ। ਪਾਰਾ ਸਾਡੇ ਸਿਹਤ ਲਈ ਕਈ ਤਰ੍ਹਾ ਨਾਲ ਖ਼ਤਰਨਾਕ ਹੈ। ਆਮ ਆਦਮੀ ਨਾਲ ਇਕ ਸਮੱਸਿਆ ਇਹ ਵੀ ਹੈ ਕਿ ਉਹ ਜੀਵਨਸ਼ੈਲੀ ਵਿਚ ਸਾਰੇ ਉਪਕਰਣਾਂ ਅਤੇ ਪਦਾਰਥਾਂ ਦੀ ਵਰਤੋਂ ਕਰਨਾ ਚਾਹੁੰਦਾ ਹੈ ਪਰ ਉਹ ਇਸ ਦੀ ਵਰਤੋਂ ਦੇ ਤਰੀਕਿਆਂ ਸਬੰਧੀ ਆਧੁਨਿਕ ਰਵੱਈਆ ਨਹੀਂ ਅਪਣਾਉਂਦਾ, ਜਿਸ ਕਾਰਨ ਜੀਵਨਸ਼ੈਲੀ ਭਾਵੇਂ ਆਧੁਨਿਕ ਹੋ ਜਾਏ ਪਰ ਸੋਚ ਉਹੀ ਪੁਰਾਣੀ ਹੀ ਰਹਿੰਦੀ ਹੈ। ਇਹ ਸਿਹਤ 'ਤੇ ਗੰਭੀਰ ਖ਼ਤਰੇ ਦੀ ਸਥਿਤੀਆਂ ਬਣ ਜਾਂਦੀਆਂ ਹਨ। ਕਿਉਂਕਿ ਆਮ ਆਦਮੀ ਰਾਤੋ-ਰਾਤ ਵਿਗਿਆਨਕ ਨਜ਼ਰੀਏ ਵਾਲਾ ਨਹੀਂ ਹੋ ਸਕਦਾ ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਮ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ 'ਤੇ ਨਿਗਾਹ ਰੱਖੇ ਅਤੇ ਉਨ੍ਹਾਂ ਨੂੰ ਰੋਕਣ ਲਈ ਸਖ਼ਤੀ ਦੀ ਵਰਤੋਂ ਕਰੇ। ਜੇ ਦਿੱਲੀ ਅਤੇ ਉਸੇ ਅਨੁਪਾਤ ਵਿਚ ਬੰਗਲੌਰ ਅਤੇ ਹੈਦਰਾਬਾਦ ਦੇ ਵਾਤਾਵਰਨ ਵਿਚ ਹਾਲ ਹੀ ਦੇ ਸਾਲਾਂ ਵਿਚ ਵਧ ਰਹੇ ਪਾਰੇ ਦੀ ਮਾਤਰਾ ਨੂੰ ਗੰਭੀਰ ਨਾ ਸਮਝਿਆ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਥਰਮਾਮੀਟਰ ਦਾ ਪਾਰਾ ਸਾਡੇ ਬੁਖਾਰ ਨਹੀਂ ਦੱਸੇਗਾ, ਸਗੋਂ ਸਾਡੇ ਬੁਖਾਰ ਦਾ ਕਾਰਨ ਬਣੇਗਾ।

# ਮੁੱਖ ਮੰਤਰੀ ਨੇ ਸ਼ੁੱਭਕਰਨ ਦੇ ਪਰਿਵਾਰ ਦਾ ਦੁੱਖ ਵੰਡਾਉਂਦਿਆਂ ਮਾਲੀ ਮਦਦ ਵਜੋਂ ਇਕ ਕਰੋੜ ਰੁਪਏ ਤੇ ਭੈਣ ਲਈ ਸਰਕਾਰੀ ਨੌਕਰੀ ਦੇਣ ਦਾ ਕੀਤਾ ਐਲਾਨ

➢ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਪੀੜਤ ਪਰਿਵਾਰ ਨਾਲ ਖੜ੍ਹੀ ਹੈ ➢ ਕਾਤਲਾਂ ਨੂੰ ਮਿਸਾਲੀ ਸਜ਼ਾ ਦਿਵਾਉਣਾ ਯਕੀਨੀ ਬਣਾਉਣ ਦੀ ਵਚਨਬੱਧਤਾ ਦੁਹਰਾਈ ➢ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੇ ਕਿਸਾਨਾਂ ਨੂੰ ਕੌਮੀ ਰਾਜਧਾਨੀ ਵੱਲ ਜਾਣ ਤੋਂ ਰੋਕ ਰਹੀਆਂ ਹਨ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਸੰਘਰਸ਼ ਦੌਰਾਨ ਖਨੌਰੀ ਬਾਰਡਰ ਉਤੇ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁੱਭਕਰਨ ਸਿੰਘ ਦੇ ਪਰਿਵਾਰ ਦਾ ਦੁੱਖ ਵੰਡਾਉਂਦਿਆਂ ਤੇ ਇਕਜੁੱਟਤਾ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਪੀੜਤ ਪਰਿਵਾਰ ਨੂੰ ਮਾਲੀ ਮਦਦ ਵਜੋਂ ਇਕ ਕਰੋੜ ਰੁਪਏ ਦੇਣ ਦੇ ਨਾਲ-ਨਾਲ ਉਸ ਦੀ ਭੈਣ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਹਰਿਆਣਾ ਦੀ ਸਰਹੱਦ ਉਤੇ ਚੱਲ ਰਹੇ ਪ੍ਰਦਰਸ਼ਨ ਦੌਰਾਨ ਮਾਰੇ ਗਏ ਇਸ ਸ਼ਹੀਦ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੁਹਰਾਇਆ ਕਿ ਦੁੱਖ ਦੀ ਇਸ ਘੜੀ ਵਿੱਚ ਸੂਬਾ ਸਰਕਾਰ ਪਰਿਵਾਰ ਨਾਲ ਖੜ੍ਹੀ ਹੈ ਅਤੇ ਪਰਿਵਾਰ ਨੂੰ ਦਿੱਕਤਾਂ ਵਿੱਚੋਂ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਭਗਵੰਤ ਸਿੰਘ ਮਾਨ ਨੇ ਪਰਿਵਾਰ ਦੀ ਆਰਥਿਕ ਤੇ ਸਮਾਜਿਕ ਦੋਵਾਂ ਫਰੰਟਾਂ ਉਤੇ ਪੂਰੀ ਮਦਦ ਕਰਨ ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪਰਿਵਾਰ ਦੀ ਬਾਂਹ ਫੜਨਾ ਸੂਬਾ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸ਼ੁੱਭਕਰਨ ਦੇ ਕਾਤਲਾਂ ਨੂੰ ਸਲਾਖਾਂ ਪਿੱਛੇ ਡੱਕਣ ਲਈ ਸੂਬਾ ਸਰਕਾਰ ਦ੍ਰਿੜ੍ਹ ਹੈ।



ਉਨ੍ਹਾਂ ਕਿਹਾ ਕਿ ਇਸ ਨੌਜਵਾਨ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਜਦੋਂ ਉਹ ਮਹਿਜ਼ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰ ਰਿਹਾ ਸੀ ਤਾਂ ਉਸ ਨੂੰ 'ਨਫ਼ਰਤ ਭਰੇ ਲਹਿਜ਼ੇ ਨਾਲ ਚਲਾਈ ਗੋਲੀ' ਦਾ ਸ਼ਿਕਾਰ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਜੁਰਮ ਲਈ ਜ਼ਿੰਮੇਵਾਰੀ ਵਿਅਕਤੀ ਕਿਸੇ ਵੀ ਤਰ੍ਹਾਂ ਦੀ ਨਰਮੀ ਦੇ ਹੱਕਦਾਰ ਨਹੀਂ ਹਨ ਅਤੇ ਉਨ੍ਹਾਂ ਨੂੰ ਆਪਣੇ ਗੁਨਾਹ ਦੀ ਢੁਕਵੀਂ ਸਜ਼ਾ ਮਿਲੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨੌਜਵਾਨ ਦੀ ਮੌਤ ਲਈ ਜ਼ਿੰਮੇਵਾਰ ਬੰਦਿਆਂ ਖ਼ਿਲਾਫ਼ ਜਾਂਚ ਮਗਰੋਂ ਐਫ.ਆਈ.ਆਰ. ਦਰਜ ਹੋਵੇਗੀ ਅਤੇ ਉਨ੍ਹਾਂ ਨੂੰ ਮਿਸਾਲੀ ਸਜ਼ਾ ਯਕੀਨੀ ਬਣਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਔਖੀ ਘੜੀ ਵਿੱਚ ਵੀ ਪੰਜਾਬ ਦੇ ਅੰਨਦਾਤੇ ਨਾਲ ਖੜ੍ਹੀ ਹੈ, ਜਿਨ੍ਹਾਂ ਦੇ ਰਾਹ ਵਿੱਚ ਪੰਜਾਬ ਵਿਰੋਧੀ ਤਾਕਤਾਂ ਅੜਿੱਕੇ ਖੜ੍ਹੇ ਕਰ ਰਹੀਆਂ ਹਨ ਤਾਂ ਕਿ ਉਹ ਆਪਣੀਆਂ ਜਾਇਜ਼ ਮੰਗਾਂ ਮੰਨਵਾਉਣ ਲਈ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਨ ਵਾਸਤੇ ਕੌਮੀ ਰਾਜਧਾਨੀ ਵਿੱਚ ਨਾ ਜਾ ਸਕਣ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ, ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਲਾਮਿਸਾਲ ਯੋਗਦਾਨ ਦਿੱਤਾ ਪਰ ਇਸ ਦੇ ਬਾਵਜੂਦ ਪੰਜਾਬੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਸਰਾਸਰ ਬੇਇਨਸਾਫ਼ੀ ਤੇ ਧੱਕੇਸ਼ਾਹੀ ਹੈ।

# ਕੇਂਦਰ 'ਚ ਹਫ਼ਤਾ ਵਸੂਲੀ ਸਰਕਾਰ, ਕੰਪਨੀਆਂ ਨੂੰ ਜਾਂਚ ਏਜੰਸੀਆਂ ਰਾਹੀਂ ਧਮਕੀਆਂ ਦੇ ਕੇ ਕਰੋੜਾਂ ਦਾ ਫੰਡ ਲਿਆ: ਕਾਂਗਰਸ

**ਨਵੀਂ ਦਿੱਲੀ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਅੱਜ ਦਾਅਵਾ ਕੀਤਾ ਕਿ ਜਾਂਚ ਏਜੰਸੀਆਂ ਰਾਹੀਂ 30 ਕੰਪਨੀਆਂ ਨੂੰ ਧਮਕੀਆਂ ਦੇ ਕੇ ਅਤੇ ਬਲੈਕਮੇਲ ਕਰਕੇ ਭਾਜਪਾ ਨੂੰ 335 ਕਰੋੜ ਰੁਪਏ ਦਾ ਚੰਦਾ ਦਿਵਾਇਆ ਗਿਆ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕੇਂਦਰ 'ਤੇ ਹਫ਼ਤਾ ਵਸੂਲੀ ਸਰਕਾਰ ਹੋਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕੀਤੇ ਜਾਣ ਦੀ ਲੋੜ ਹੈ। ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਪੱਤਰ ਲਿਖ ਕੇ ਪੁੱਛਿਆ ਹੈ ਕੀ ਸਰਕਾਰ ਇਸ ਮਾਮਲੇ 'ਤੇ 'ਵਾਈਟ



ਪੇਪਰ' ਲਿਆਉਣ, ਹਰ ਗੱਲ ਦਾ ਸਪੱਸ਼ਟੀਕਰਨ ਦੇਣ ਅਤੇ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਰਵਾਉਣ ਲਈ ਤਿਆਰ ਹੈ? ਜੈਰਾਮ ਰਮੇਸ਼ ਨੇ ਪੱਤਰਕਾਰਾਂ ਨੂੰ ਕਿਹਾ, 'ਹਫ਼ਤਾ ਵਸੂਲੀ ਅਤੇ ਬਲੈਕਮੇਲ ਦੀ ਰਾਜਨੀਤੀ ਚੱਲ ਰਹੀ ਹੈ। ਈਡੀ, ਸੀਬੀਆਈ ਵਰਗੀਆਂ ਸੰਸਥਾਵਾਂ ਦੀ ਦੁਰਵਰਤੋਂ ਹੋ ਰਹੀ ਹੈ। ਪ੍ਰਾਈਵੇਟ ਕੰਪਨੀਆਂ ਤੋਂ ਚੰਦਾ ਲੈਣ ਲਈ ਏਜੰਸੀਆਂ ਦੀ ਦੁਰਵਰਤੋਂ ਕੀਤੀ ਗਈ ਹੈ। ਸਾਲ 2018-19 ਤੋਂ 2022-2023 ਤੱਕ 30 ਕੰਪਨੀਆਂ ਤੋਂ 335 ਕਰੋੜ ਰੁਪਏ ਵਸੂਲੇ ਗਏ। ਇਹ ਫਿਰੌਤੀ ਹੈ। ਇਹ ਬਲੈਕਮੇਲ ਦੀ ਰਾਜਨੀਤੀ ਹੈ।' ਰਮੇਸ਼ ਨੇ ਦੋਸ਼ ਲਾਇਆ ਕਿ ਇਹ ਹਫ਼ਤਾ ਵਸੂਲੀ ਸਰਕਾਰ ਹੈ। ਉਨ੍ਹਾਂ ਅਨੁਸਾਰ ਇਨ੍ਹਾਂ 30 ਕੰਪਨੀਆਂ ਵਿੱਚੋਂ 23 ਕੰਪਨੀਆਂ ਨੇ ਸਾਲ 2018 ਤੋਂ ਪਹਿਲਾਂ ਭਾਜਪਾ ਨੂੰ ਕੋਈ ਚੰਦਾ ਨਹੀਂ ਦਿੱਤਾ ਸੀ ਪਰ 2018 ਤੋਂ ਬਾਅਦ ਇਨ੍ਹਾਂ 23 ਕੰਪਨੀਆਂ ਨੇ ਸੱਤਾਧਾਰੀ ਪਾਰਟੀ ਨੂੰ ਕਰੀਬ 188 ਕਰੋੜ ਰੁਪਏ ਦਾ ਚੰਦਾ ਦਿੱਤਾ ਹੈ।

# ਚੇਤਨ ਸਿੰਘ ਜੌੜਾਮਾਜਰਾ ਨੇ ਰਾਜਿੰਦਰਾ ਹਸਪਤਾਲ 'ਚ ਦਾਖਲ ਕਿਸਾਨਾਂ ਦਾ ਹਾਲ-ਚਾਲ ਜਾਣਿਆ

**ਹਰਿਆਣਾ ਸਰਕਾਰ ਨੇ ਕਿਸਾਨਾਂ 'ਤੇ ਅੱਤਿਆਚਾਰ ਕਰਕੇ ਲੋਕਤੰਤਰ ਦੀ ਹੱਤਿਆ ਕੀਤੀ**



ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਜ਼ਖ਼ਮੀ ਕਿਸਾਨਾਂ ਦਾ ਹਾਲ ਚਾਲ ਜਾਣਦੇ ਹੋਏ।

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਕਿਸਾਨ ਅੰਦੋਲਨ ਦੌਰਾਨ ਸ਼ੰਭੂ ਤੇ ਖਨੌਰੀ ਬਾਰਡਰ ਵਿਖੇ ਜ਼ਖ਼ਮੀ ਹੋਏ ਕਿਸਾਨ, ਜੋ ਕਿ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਦਾਖਲ ਹਨ, ਦੀ ਸਿਹਤ ਦਾ ਹਾਲ-ਚਾਲ ਜਾਣਿਆ।

ਇਸ ਮੌਕੇ ਜੌੜਾਮਾਜਰਾ ਨੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਜਾ ਰਹੇ ਅੱਤਿਆਚਾਰ ਦੀ ਨਿੰਦਾ ਕਰਦਿਆਂ ਇਸ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਸ਼ਰੇਆਮ ਗੁੰਡਾਗਰਦੀ ਕਰ ਰਹੀ ਹੈ, ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਉਹ ਘੱਟ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਹਸਪਤਾਲ ਵਿਖੇ ਦਾਖਲ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਅਤੇ ਕੇਂਦਰ ਦੇ ਇਸ਼ਾਰੇ 'ਤੇ ਹੀ ਤੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਹਰਿਆਣਾ ਸਰਹੱਦ ਨੂੰ ਦੂਜੇ ਦੇਸ਼ ਦੀ ਸਰਹੱਦ ਬਣਾ ਦਿੱਤਾ ਹੈ।

ਕੈਬਨਿਟ ਮੰਤਰੀ ਨੇ ਮੈਡੀਕਲ ਸੁਪਰਡੈਂਟ ਡਾ. ਹਰਨਾਮ ਸਿੰਘ ਰੇਖੀ ਤੇ ਹੋਰ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਕਿਸਾਨ ਦੇ ਇਲਾਜ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰੇ ਜ਼ਖ਼ਮੀ ਕਿਸਾਨਾਂ ਦਾ ਇਲਾਜ ਮੁਫ਼ਤ ਕਰਨ ਲਈ ਹਦਾਇਤ ਜਾਰੀ ਕੀਤੀ ਹੈ।

ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸਰਕਾਰ ਦੇ ਦੋ ਕੈਬਨਿਟ ਮੰਤਰੀਆਂ ਡਾ. ਬਲਬੀਰ ਸਿੰਘ ਤੇ ਡਾ. ਬਲਜੀਤ ਕੌਰ ਸਮੇਤ ਵਿਧਾਇਕ ਡਾ. ਚਰਨਜੀਤ ਸਿੰਘ, ਜੋ ਕਿ ਅੱਖਾਂ ਦੇ ਮਾਹਰ ਡਾਕਟਰ ਹਨ, ਦੀ ਵੀ ਕਿਸਾਨਾਂ ਦੇ ਇਲਾਜ ਦੀ ਡਿਊਟੀ ਵਿਸ਼ੇਸ਼ ਤੌਰ 'ਤੇ ਲਗਾਈ ਹੈ।

ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨ ਅੰਦੋਲਨ 'ਚ ਸ਼ਹੀਦ ਹੋਏ ਸ਼ੁਭਕਰਨ ਸਿੰਘ ਦੇ ਪਰਿਵਾਰ ਲਈ 1 ਕਰੋੜ ਰੁਪਏ ਦੀ ਆਰਥਿਕ ਸਹਾਇਤਾ, ਛੋਟੀ ਭੈਣ ਲਈ ਸਰਕਾਰੀ ਨੌਕਰੀ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦਾ ਐਲਾਨ ਪਹਿਲਾਂ ਹੀ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ, ਕਿਉਂਕਿ ਸਾਡੇ ਕਿਸਾਨ ਆਪਣੇ ਦੇਸ਼ ਦੇ ਕਿਸਾਨਾਂ ਦੀ ਆਰਥਿਕ ਆਜ਼ਾਦੀ ਦੀ ਲੜਾਈ ਲੜ ਰਹੇ ਹਨ।

ਇਸ ਮੌਕੇ ਉਨ੍ਹਾਂ ਦੇ ਨਾਲ ਆਪ ਦੇ ਸ਼ਹਿਰੀ ਪ੍ਰਧਾਨ ਤੇ ਡਾਇਰੈਕਟਰ ਤੇਜਿੰਦਰ ਮਹਿਤਾ, ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਪੀਏ ਹਰਸ਼ਪਾਲ ਰਾਹੁਲ, ਸੁਰਜੀਤ ਸਿੰਘ ਫ਼ੌਜੀ ਤੇ ਹੋਰ ਮੌਜੂਦ ਸਨ।

# ਚੰਦ 'ਤੇ ਉਤਰਿਆ ਅਮਰੀਕਾ ਦਾ ਲੈਂਡਰ, ਸਿਰਫ਼ ਇਕ ਵਾਰ ਭੇਜਿਆ ਕਮਜ਼ੋਰ ਸਿਗਨਲ



**ਕੇਨਵਰਲ (ਅਮਰੀਕਾ), 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੀ ਨਿੱਜੀ ਕੰਪਨੀ ਦਾ ਲੈਂਡਰ ਅੱਜ ਚੰਦ 'ਤੇ ਉਤਰਨ ਵਿਚ ਕਾਮਯਾਬ ਰਿਹਾ ਪਰ ਇਸ ਨੇ ਸਿਰਫ ਇਕ ਵਾਰ ਹੀ ਤੇ ਉਹ ਵੀ ਬਹੁਤ ਕਮਜ਼ੋਰ ਸਿਗਨਲ ਭੇਜਿਆ। ਲੈਂਡਰ ਨੂੰ ਲੈ ਕੇ ਜਾਣ ਵਾਲੇ ਪੁਲਾੜ ਯਾਨ ਨੂੰ ਬਣਾਉਣ ਵਾਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮਾੜੇ ਸੰਚਾਰ ਦੇ ਬਾਵਜੂਦ ਲੈਂਡਰ ਦੇ ਚੰਦ 'ਤੇ ਉਤਰਨ ਦੀ ਪੁਸ਼ਟੀ ਕੀਤੀ। ਕੰਪਨੀ ਨੇ ਲੈਂਡਰ ਦੀ ਸਥਿਤੀ ਬਾਰੇ ਕੁਝ ਨਹੀਂ ਦੱਸਿਆ ਅਤੇ ਨਾ ਹੀ ਇਸ ਉਤਰਨ ਦੀ ਜਗ੍ਹਾ ਦੱਸੀ। ਕੰਪਨੀ ਨੇ ਲੈਂਡਰ ਦੇ ਚੰਦ 'ਤੇ ਉਤਰਨ ਦੀ ਜਾਣਕਾਰੀ ਦੇਣ ਨਾਲ ਹੀ ਇਸ ਦਾ ਸਿੱਧਾ ਪ੍ਰਸਾਰਨ ਵੀ ਬੰਦ ਕਰ ਦਿੱਤਾ।

# ਏਆਈਜੀ ਮਾਲਵਿੰਦਰ ਸਿੰਘ ਸਿੱਧੂ ਕੇਸ ਵਿੱਚ ਮੁਲਜ਼ਮ ਕੁਲਦੀਪ ਸਿੰਘ ਨੇ ਕੀਤੇ ਅਹਿਮ ਖੁਲਾਸੇ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਕੁਲਦੀਪ ਸਿੰਘ ਨੇ ਥਾਣਾ ਵਿਜੀਲੈਂਸ ਬਿਊਰੋ ਉੱਡਣ ਦਸਤਾ -1, ਪੰਜਾਬ ਮੋਹਾਲੀ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਦਰਜ ਐਫ.ਆਈ.ਆਰ ਨੰਬਰ 28, ਮਿਤੀ 30. 10. 2023 ਅਧੀਨ ਕੇਸ ਦੀ ਤਫਤੀਸ਼ ਦੌਰਾਨ ਕੁਝ ਅਹਿਮ ਖੁਲਾਸੇ ਕੀਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਬਲਬੀਰ ਸਿੰਘ ਅਤੇ ਖੁਰਾਕ, ਜਨਤਕ ਵੰਡ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦਾ ਡਰਾਈਵਰ ਕੁਲਦੀਪ ਸਿੰਘ ਅਤੇ ਖੁਦ ਨੂੰ ਆਈ.ਜੀ., ਵਿਜੀਲੈਂਸ ਬਿਊਰੋ ਦੱਸਣ ਵਾਲੇ ਮਾਲਵਿੰਦਰ ਸਿੰਘ ਸਿੱਧੂ, ਏ.ਆਈ.ਜੀ. ਮਨੁੱਖੀ ਅਧਿਕਾਰ ਸੈੱਲ, ਪੰਜਾਬ ਪੁਲਿਸ, ਸਹਿ-ਮੁਲਜ਼ਮ ਹਨ। ਜਿਕਰਯੋਗ ਹੈ ਕਿ ਉਕਤ ਮਾਲਵਿੰਦਰ ਸਿੰਘ ਉਕਤ ਮੁਲਜ਼ਮਾਂ ਨਾਲ ਮਿਲਕੇ ਗੈਰ-ਕਾਨੂੰਨੀ ਢੰਗ ਨਾਲ ਸਰਕਾਰੀ ਕਰਮਚਾਰੀਆਂ ਦੇ ਸਰਵਿਸ ਰਿਕਾਰਡ ਹਾਸਲ ਕਰਕੇ ਉਨ੍ਹਾਂ ਖਿਲਾਫ਼ ਝੂਠੀਆਂ ਤੇ ਫਰਜ਼ੀ ਸ਼ਿਕਾਇਤਤਾਂ ਦਰਜ ਕਰਵਾ ਕੇ ਉਹਨਾਂ ਤੋਂ ਧੋਖਾਧੜੀ, ਬਲੈਕਮੇਲ ਕਰਕੇ ਪੈਸੇ ਦੀ ਵਸੂਲੀ ਕਰਦਾ ਸੀ।

ਬੁਲਾਰੇ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਕੁਲਦੀਪ ਸਿੰਘ ਵੱਲੋਂ ਐਵੀਡੈਂਸ ਐਕਟ ਤਹਿਤ ਦਿੱਤੇ ਬਿਆਨ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਇੰਸਪੈਕਟਰ ਜਨਰਲ ਆਫ਼ ਪੁਲਿਸ, ਵਿਜੀਲੈਂਸ ਵਿਭਾਗ, ਪੰਜਾਬ ਦੇ ਨਾਮ 'ਤੇ ਬਣੀ ਇੱਕ ਜਾਅਲੀ/ਫਰਜ਼ੀ ਮੋਹਰ ਬਰਾਮਦ ਕੀਤੀ ਹੈ, ਜੋ ਕਿ ਕੁਲਦੀਪ ਸਿੰਘ ਦੇ ਦੱਸਣ ਅਨੁਸਾਰ ਏ.ਆਈ.ਜੀ. ਮਾਲਵਿੰਦਰ ਸਿੰਘ ਦੁਆਰਾ ਬਲੈਕਮੇਲ/ਜਬਰਦਸਤੀ ਲਈ ਵਰਤੀ ਜਾਂਦੀ ਸੀ। ਇਸ ਤੋਂ ਇਲਾਵਾ ਮੁਲਜ਼ਮ ਕੁਲਦੀਪ ਸਿੰਘ ਤੋਂ ਦੋ ਮੋਬਾਈਲ ਫੋਨ ਵੀ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਮੋਬਾਈਲ ਫੋਨਾਂ ਵਿੱਚ ਮੌਜੂਦ ਡੇਟਾ ਸਦਕਾ ਇਸ ਕੇਸ ਵਿੱਚ ਵੱਡੇ ਖੁਲਾਸੇ ਹੋ ਸਕਦੇ ਹਨ ਅਤੇ ਅਗਲੇਰੀ ਜਾਂਚ ਜਾਰੀ ਹੈ।

# 'ਆਪ' ਤੇ ਕਾਂਗਰਸ ਵਿਚਾਲੇ ਚੋਣ ਗਠਜੋੜ ਤੋਂ ਡਰੀ ਕੇਂਦਰ ਸਰਕਾਰ 2-3 ਦਿਨਾਂ 'ਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਵਾ ਦੇਵੇਗੀ: ਭਾਰਦਵਾਜ




**ਨਵੀਂ ਦਿੱਲੀ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਨੇ ਅੱਜ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਲੋਕ ਸਭਾ ਚੋਣਾਂ ਲਈ ਕਾਂਗਰਸ ਨਾਲ ਪਾਰਟੀ ਦੇ ਗਠਜੋੜ ਤੋਂ ਡਰੀ ਹੋਈ ਹੈ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਲਈ ਸੀਬੀਆਈ ਦੀ ਵਰਤੋਂ ਕਰ ਰਹੀ ਹੈ। ਇਸ ਦੋਸ਼ 'ਤੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਜਾਂ ਭਾਜਪਾ ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ। ਦਿੱਲੀ ਦੇ ਕੈਬਨਿਟ ਮੰਤਰੀ ਸੌਰਭ ਭਾਰਦਵਾਜ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ,'ਜਿਵੇਂ ਹੀ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦਰਮਿਆਨ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਨੂੰ ਅੰਤਿਮ ਰੂਪ ਦੇਣ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋਈਆਂ, ਈਡੀ ਨੇ ਕੇਜਰੀਵਾਲ ਨੂੰ ਸੱਤਵਾਂ ਸੰਮਨ ਭੇਜਿਆ। ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸੀਬੀਆਈ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਸੀਬੀਆਈ ਅੱਜ ਦੁਪਹਿਰ ਜਾਂ ਸ਼ਾਮ ਤੱਕ ਕੇਜਰੀਵਾਲ ਨੂੰ ਨੋਟਿਸ ਵੀ ਭੇਜੇਗੀ। ਅਗਲੇ ਦੋ-ਤਿੰਨ ਦਿਨਾਂ ਵਿੱਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।' 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਕਿਹਾ ਕਿ ਜੇ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਲੋਕ ਸੜਕਾਂ 'ਤੇ ਉਤਰਨਗੇ

# ਗੁਜਰਾਤ ਪੁਲੀਸ ਨੇ ਮੱਛੀ ਫੜਨ ਵਾਲੀ ਕਿਸ਼ਤੀ 'ਚੋਂ 350 ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕਰਕੇ 9 ਗ੍ਰਿਫ਼ਤਾਰ ਕੀਤੇ

**ਵੇਰਾਵਲ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਪੁਲੀਸ ਨੇ ਗਿਰ ਸੋਮਨਾਥ ਜ਼ਿਲ੍ਹੇ ਵਿੱਚ ਵੇਰਾਵਲ ਬੰਦਰਗਾਹ ਨੇੜੇ ਮੱਛੀ ਫੜਨ ਵਾਲੀ ਕਿਸ਼ਤੀ ਵਿੱਚੋਂ 350 ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕਰਕੇ ਚਾਲਕ ਦਲ ਦੇ 9 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੀਰਵਾਰ ਦੇਰ ਰਾਤ ਛਾਪੇਮਾਰੀ ਦੌਰਾਨ ਵੱਡੀ ਮਾਤਰਾ 'ਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਪੁਲੀਸ ਨੇ ਕਿਹਾ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲੀਸ ਨੇ ਮੱਛੀ ਫੜਨ ਵਾਲੀ ਕਿਸ਼ਤੀ ਜਦੋਂ ਵੇਰਾਵਲ ਬੰਦਰਗਾਹ ਕੋਲ ਪਹੁੰਚੀ ਤਾਂ ਉਸ 'ਤੇ ਛਾਪਾ ਮਾਰਿਆ। ਉਸ ਵੱਲੋਂ 50 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਦੀ ਕੀਮਤ 350 ਕਰੋੜ ਰੁਪਏ ਹੈ।

# ਲੋਕ ਸਭਾ ਦੇ ਸਾਬਕਾ ਸਪੀਕਰ ਮਨੋਹਰ ਜੋਸ਼ੀ ਦਾ ਦੇਹਾਂਤ



**ਮੁੰਬਈ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਦੇ ਸਾਬਕਾ ਸਪੀਕਰ ਮਨੋਹਰ ਜੋਸ਼ੀ ਦਾ ਅੱਜ ਮੁੰਬਈ ਦੇ ਪੀਡੀ ਹਿੰਦੂਜਾ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਹਸਪਤਾਲ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਜੋਸ਼ੀ (86) ਨੂੰ ਦਿਲ ਦਾ ਦੌਰਾ ਪੈਣ ਤੋਂ ਬਾਅਦ 21 ਫਰਵਰੀ ਨੂੰ ਹਸਪਤਾਲ ਦੇ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਅੱਜ ਤੜਕੇ ਉਨ੍ਹਾਂ ਆਖਰੀ ਸਾਹ ਲਿਆ। ਸ੍ਰੀ ਜੋਸ਼ੀ ਨੂੰ ਵੀ ਪਿਛਲੇ ਸਾਲ ਮਈ 'ਚ ਦਿਮਾਗੀ ਦੌਰਾ ਪੈਣ ਤੋਂ ਬਾਅਦ ਇਸੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ।

ਮਨੋਹਰ ਜੋਸ਼ੀ, ਜੋ ਜੋਸ਼ੀ ਸਰ ਦੇ ਨਾਂ ਨਾਲ ਜਾਣੇ ਜਾਂਦੇ ਸਨ, ਰਾਜ ਦੇ ਮੁੱਖ ਮੰਤਰੀ ਬਣਨ ਵਾਲੇ ਅਣਵੰਡੀ ਸ਼ਿਵ ਸੈਨਾ ਦੇ ਪਹਿਲੇ ਨੇਤਾ ਸਨ ਅਤੇ 1995 ਤੋਂ 1999 ਤੱਕ ਇਸ ਅਹੁਦੇ 'ਤੇ ਸੇਵਾ ਕੀਤੀ। ਜੋਸ਼ੀ ਸੰਸਦ ਮੈਂਬਰ ਵੀ ਚੁਣੇ ਗਏ ਅਤੇ 2002 ਤੋਂ 2004 ਤੱਕ ਲੋਕ ਸਭਾ ਦੇ ਸਪੀਕਰ ਰਹੇ। ਉਸ ਸਮੇਂ ਕੇਂਦਰ ਵਿੱਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੀ।

# ਕਮਿਸ਼ਨਰੇਟ ਪੁਲਿਸ ਨੇ 1 ਕਿਲੋ ਅਫੀਮ ਸਮੇਤ ਇੱਕ ਨੂੰ ਕੀਤਾ ਕਾਬੂ



**ਜਲੰਧਰ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਇਕ ਵਿਅਕਤੀ ਨੂੰ 1 ਕਿਲੋ ਅਫੀਮ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਕਮਿਸ਼ਨਰੇਟ ਪੁਲਿਸ ਨੇ ਸ਼ਹਿਰ ਵਿੱਚ ਨਸ਼ਿਆਂ ਦੀ ਅਲਾਮਤ ਨੂੰ ਰੋਕਣ ਲਈ ਸ਼ਹਿਰ ਵਿੱਚ ਸੁਰੱਖਿਆ ਵਧਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਸੀ.ਆਈ.ਏ ਸਟਾਫ਼ ਜਲੰਧਰ ਦੀ ਪੁਲਿਸ ਟੀਮ ਨੇਹਰ ਪੁਲੀ, ਬਾਬਾ ਬੁੱਢਾ ਜੀ ਨਗਰ, ਜਲੰਧਰ ਨੇੜੇ ਗਸ਼ਤ ਕਰ ਰਹੀ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਕਪੂਰਥਲਾ ਰੋਡ ਦੇ ਕਿਨਾਰੇ ਇੱਕ ਵਿਅਕਤੀ ਨੂੰ ਪੋਲੀਥੀਨ ਫੜ ਕੇ ਆਉਂਦੇ ਦੇਖਿਆ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਪੁਲੀਸ ਪਾਰਟੀ ਨੂੰ ਦੇਖ ਕੇ ਸ਼ੱਕੀ ਵਿਅਕਤੀ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੱਸਿਆ ਕਿ ਪੁਲਿਸ ਪਾਰਟੀ ਨੇ ਉਕਤ ਨੌਜਵਾਨ ਦਾ ਪਿੱਛਾ ਕਰਕੇ ਉਸਨੂੰ ਦਬੋਚ ਲਿਆ ਅਤੇ ਉਕਤ ਨੌਜਵਾਨ ਦੀ ਤਲਾਸ਼ੀ ਲੈਣ 'ਤੇ ਪੁਲਿਸ ਪਾਰਟੀ ਨੇ ਉਸ ਪਾਸੋਂ 1 ਕਿਲੋ ਅਫੀਮ ਬਰਾਮਦ ਕੀਤੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਫੜੇ ਗਏ ਵਿਅਕਤੀ ਦੀ ਪਛਾਣ ਕਿਸ਼ਨ ਲਾਲ ਪੁੱਤਰ ਛੈਸੀ ਰਾਮ ਵਾਸੀ ਮਕਾਨ ਨੰਬਰ 89 ਸ਼ਹੀਦ ਬਾਬੂ ਲਾਭ ਸਿੰਘ ਨਗਰ ਜਲੰਧਰ ਵਜੋਂ ਹੋਈ ਹੈ।

# ਖਨੌਰੀ ਬਾਰਡਰ 'ਤੇ ਇੱਕ ਹੋਰ ਕਿਸਾਨ ਨੇ ਦਮ ਤੋੜਿਆ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਨੌਰੀ ਬਾਰਡਰ 'ਤੇ ਜਾਰੀ ਕਿਸਾਨ ਧਰਨੇ ਦੌਰਾਨ ਅੱਜ ਇੱਕ ਹੋਰ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਸ ਦੀ ਪਛਾਣ ਦਰਸ਼ਨ ਸਿੰਘ ਵਾਸੀ ਪਿੰਡ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਵਜੋਂ ਹੋਈ ਹੈ। ਉਸ ਦੀ ਦੇਹ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਪਈ ਹੈ।

ਦਰਸ਼ਨ ਸਿੰਘ ਬਰਾੜ ਬਠਿੰਡਾ ਦੇ ਪਿੰਡ ਅਮਰਗੜ੍ਹ ਦਾ ਸੀ ਤੇ ਉਸ ਦੀ ਉਮਰ 60 ਸਾਲ ਦੇ ਕਰੀਬ ਸੀ। ਉਹ ਬੀਕੇਯੂ ਸਿੱਧੂਪੁਰ ਦੇ ਪਿੰਡ ਪ੍ਰਧਾਨ ਲਖਵੀਰ ਸਿੰਘ ਦਾ ਚਾਚੇਰਾ ਭਰਾ ਸੀ। ਉਸ ਦੇ ਪਰਿਵਾਰ ਵਿੱਚ ਲੜਕਾ ਅਤੇ



ਲੜਕੀ ਹਨ। ਉਸ ਦੇ ਪੁੱਤ ਲਵਪ੍ਰੀਤ ਸਿੰਘ ਦਾ 15 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ ਤੇ ਕਿਸਾਨ ਸੰਘਰਸ਼ ਵਿੱਚ ਲੱਡੂ ਲੈ ਕਿ ਪੁੱਜਾ ਸੀ।

# ਦਿੱਲੀ ਸਰਕਾਰ ਨੇ 1984 ਸਿੱਖ ਵਿਰੋਧੀ ਦੰਗਿਆਂ 'ਚ ਮਾਰੇ ਗਏ ਵਿਅਕਤੀਆਂ ਦੇ ਪ੍ਰਭਾਵਿਤ ਪਰਿਵਾਰਾਂ ਲਈ ਸਹਾਇਤਾ ਰਾਸ਼ੀ ਵਧਾਈ: ਡਿਪਟੀ ਕਮਿਸ਼ਨਰ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਮਾਰੇ ਗਏ ਵਿਅਕਤੀਆਂ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਸੂਚਿਤ ਕਰਦਿਆਂ ਦੱਸਿਆ ਹੈ ਕਿ ਜਿਹੜੇ ਪਰਿਵਾਰ 3.5 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਪਹਿਲਾਂ ਪ੍ਰਾਪਤ ਕਰ ਚੁੱਕੇ ਹਨ, ਅਤੇ ਵਧਾਈ ਗਈ ਮੁਆਵਜ਼ਾ ਰਾਸ਼ੀ ਅਜੇ ਤੱਕ ਪ੍ਰਾਪਤ ਨਹੀਂ ਕਰ ਸਕੇ, ਉਹ ਦਿੱਲੀ ਸਰਕਾਰ ਵੱਲੋਂ ਵਧਾਈ ਗਈ 5 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਪ੍ਰਾਪਤ ਕਰਨ ਲਈ ਦਿੱਲੀ ਸਰਕਾਰ ਦੇ ਡਿਪਟੀ ਕਮਿਸ਼ਨਰ (ਰੈਵੀਨਿਊ) ਦੇ ਦਫ਼ਤਰ ਵਿਖੇ ਦਰਖਾਸਤ ਦੇ ਸਕਦੇ ਹਨ। ਡਿਪਟੀ



ਕਮਿਸ਼ਨਰ ਨੇ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਹੋਏ ਦਿੱਲੀ ਸਰਕਾਰ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਹੋਰ ਵਾਧੂ ਮੁਆਵਜ਼ਾ ਦੇਣ ਲਈ ਜਾਰੀ ਜਨਤਕ ਨੋਟਿਸ ਦੇ ਹਵਾਲੇ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਵੱਸਦੇ 84 ਦੇ ਦੰਗਾ ਪੀੜਤਾਂ ਦੇ ਪਰਿਵਾਰਾਂ ਨੂੰ ਸੂਚਿਤ ਕਰਦਿਆਂ ਦੱਸਿਆ ਹੈ ਕਿ ਇਹ ਵਧਾਈ ਗਈ ਸਹਾਇਤਾ ਰਾਸ਼ੀ ਉਨ੍ਹਾਂ ਪਰਿਵਾਰਾਂ ਨੂੰ ਮਿਲੇਗੀ, ਜਿਨ੍ਹਾਂ ਨੇ ਪਹਿਲਾਂ 3.5 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਨੇ ਇਹ ਵਧਾਈ ਗਈ ਸਹਾਇਤਾ ਰਾਸ਼ੀ ਅਜੇ ਤੱਕ ਪ੍ਰਾਪਤ ਨਹੀਂ ਕੀਤੀ ਹੈ।

ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਵੱਲੋਂ ਇਹ ਸਹਾਇਤਾ ਰਾਸ਼ੀ ਪ੍ਰਾਪਤ ਕਰਨ ਲਈ ਲੋੜੀਂਦੇ ਦਸਤਾਵੇਜ਼ਾਂ ਤੇ ਸਬੂਤਾਂ ਸਮੇਤ ਦਿੱਲੀ ਸਰਕਾਰ ਦੇ ਸਬੰਧਤ ਡਿਪਟੀ ਕਮਿਸ਼ਨਰ (ਰੈਵੀਨਿਊ) ਦੇ ਦਫ਼ਤਰ ਵਿਖੇ ਦਰਖਾਸਤ ਦਿੱਤੀ ਜਾਵੇ, ਜਿਸ ਦਫ਼ਤਰ ਪਾਸੋਂ ਉਹ 3.5 ਲੱਖ ਰੁਪਏ ਦੀ ਐਕਸ ਗ੍ਰੇਸ਼ੀਆ ਪ੍ਰਾਪਤ ਕਰ ਚੁੱਕੇ ਹਨ।

# ਹਰਿਆਣਾ ਪੁਲੀਸ ਨੇ ਕਿਸਾਨ ਨੇਤਾਵਾਂ ਖ਼ਿਲਾਫ਼ ਐੱਨਐੱਸਏ ਨਾ ਲਾਉਣ ਦਾ ਫ਼ੈਸਲਾ ਕੀਤਾ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੁਲੀਸ ਨੇ ਅੱਜ ਕਿਹਾ ਹੈ ਕਿ ਉਹ ਕਿਸਾਨ ਅੰਦੋਲਨ ਦਾ ਹਿੱਸਾ ਰਹੇ ਕੁਝ ਕਿਸਾਨ ਨੇਤਾਵਾਂ ਖ਼ਿਲਾਫ਼ ਕੌਮੀ ਸੁਰੱਖਿਆ ਕਾਨੂੰਨ (ਐੱਨਐੱਸਏ) ਲਾਗੂ ਕਰਨ ਦੇ ਆਪਣੇ ਫੈਸਲੇ ਨੂੰ ਵਾਪਸ ਲੈ ਰਹੀ ਹੈ। ਇਸ ਤੋਂ ਇਕ ਦਿਨ ਪਹਿਲਾਂ ਅੰਬਾਲਾ ਪੁਲੀਸ ਨੇ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਕੌਮੀ ਸੁਰੱਖਿਆ ਕਾਨੂੰਨ, 1980 ਦੀ ਧਾਰਾ 2(3) ਤਹਿਤ ਪ੍ਰਦਰਸ਼ਨ ਕਰ ਰਹੇ ਕਿਸਾਨ ਸੰਗਠਨਾਂ ਦੇ ਆਗੂਆਂ ਨੂੰ ਹਿਰਾਸਤ 'ਚ ਲੈਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਅੱਜ ਪੁਲੀਸ ਦੇ ਇੰਸਪੈਕਟਰ ਜਨਰਲ (ਅੰਬਾਲਾ ਰੇਂਜ) ਸਿਬਾਸ਼ ਕਬੀਰਾਜ ਨੇ ਕਿਹਾ, 'ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਅੰਬਾਲਾ ਜ਼ਿਲ੍ਹੇ ਦੇ ਕੁਝ ਕਿਸਾਨ ਯੂਨੀਅਨ ਨੇਤਾਵਾਂ 'ਤੇ ਕੌਮੀ ਸੁਰੱਖਿਆ ਕਾਨੂੰਨ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਦੇ ਮਾਮਲੇ 'ਤੇ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਇਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ।' ਉਨ੍ਹਾਂ ਧਰਨਾਕਾਰੀ ਕਿਸਾਨਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।

# ਪਟਿਆਲਾ ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 9 ਮਾਰਚ ਨੂੰ

**ਪਟਿਆਲਾ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫ਼ੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਚੈੱਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮਏਸੀਟੀ ਕੇਸ, ਲੇਬਰ ਅਤੇ ਰੁਜ਼ਗਾਰ ਝਗੜੇ ਦੇ ਕੇਸ, ਬਿਜਲੀ, ਪਾਣੀ ਦੇ ਬਿੱਲ ਅਤੇ ਹੋਰ ਬਿੱਲ ਭੁਗਤਾਨ ਕੇਸ (ਨਾ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹੁਤਾ ਝਗੜੇ (ਤਲਾਕ ਨੂੰ ਛੱਡ ਕੇ), ਜ਼ਮੀਨ ਗ੍ਰਹਿਣ ਮਾਮਲੇ ( ਸਿਵਲ ਅਦਾਲਤਾਂ/ਟ੍ਰਿਬਿਊਨਲਾਂ ਅੱਗੇ ਲੰਬਿਤ), ਤਨਖ਼ਾਹ ਅਤੇ ਭੱਤਿਆਂ ਅਤੇ ਸੇਵਾਮੁਕਤੀ ਲਾਭਾਂ, ਮਾਲ ਕੇਸਾਂ ਆਦਿ ਨਾਲ ਸਬੰਧਤ ਕੇਸਾਂ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਮਿਤੀ 09.3.2024 ਨੂੰ ਜ਼ਿਲ੍ਹਾ ਪਟਿਆਲਾ ਵਿੱਚ ਕੀਤਾ ਜਾਵੇਗਾ। ਇਸ ਮੰਤਵ ਲਈ ਪਟਿਆਲਾ, ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ। ਮੈਡਮ ਮਾਨੀ ਅਰੋੜਾ, ਸੀਜੇਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਢਲਾ ਉਦੇਸ਼, ਸਮਝੌਤਿਆਂ ਰਾਹੀਂ ਝਗੜਿਆਂ ਨੂੰ ਸੁਲਝਾਉਣਾ ਹੈ। ਇਸ ਪਹੁੰਚ ਦਾ ਉਦੇਸ਼ ਸ਼ਾਮਲ ਪਾਰਟੀਆਂ ਲਈ ਸਮਾਂ ਅਤੇ ਪੈਸਾ ਬਚਾਉਣਾ ਅਤੇ ਉਹਨਾਂ ਵਿਚਕਾਰ ਨਿੱਜੀ ਦੁਸ਼ਮਣੀ ਨੂੰ ਘਟਾਉਣਾ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਗੈਰ-ਕੰਪਾਊਂਡੇਬਲ ਅਪਰਾਧਿਕ ਕੇਸਾਂ ਨੂੰ ਛੱਡ ਕੇ, ਹਰ ਕਿਸਮ ਦੇ ਕੇਸ, ਇੱਥੋਂ ਤੱਕ ਕਿ ਮੁਕੱਦਮੇਬਾਜ਼ੀ ਤੋਂ ਪਹਿਲਾਂ ਦੇ ਪੜਾਅ 'ਤੇ ਵੀ, ਲੋਕ ਅਦਾਲਤਾਂ ਵਿੱਚ ਸੁਲਝਾਉਣ ਯੋਗ ਨਿਪਟਾਰੇ ਲਈ ਪੇਸ਼ ਕੀਤੇ ਜਾ ਸਕਦੇ ਹਨ। ਮੈਡਮ ਅਰੋੜਾ ਨੇ ਅੱਗੇ ਦੱਸਿਆ ਕਿ ਜਦੋਂ ਲੋਕ ਅਦਾਲਤ ਵਿੱਚ ਕਿਸੇ ਕੇਸ ਦਾ ਨਿਪਟਾਰਾ ਕੀਤਾ ਜਾਂਦਾ ਹੈ, ਤਾਂ ਅਵਾਰਡ ਅੰਤਿਮ ਬਣ ਜਾਂਦਾ ਹੈ, ਅਤੇ ਇਸ ਦੇ ਵਿਰੁੱਧ ਕੋਈ ਅਪੀਲ ਨਹੀਂ ਹੁੰਦੀ। ਇਸ ਤੋਂ ਇਲਾਵਾ, ਧਿਰਾਂ ਦੁਆਰਾ ਅਦਾ ਕੀਤੀ ਕੋਈ ਵੀ ਅਦਾਲਤੀ ਫ਼ੀਸ ਵਾਪਸ ਕਰ ਦਿੱਤੀ ਜਾਂਦੀ ਹੈ, ਅਤੇ ਵਿਵਾਦ ਵਾਲੀਆਂ ਧਿਰਾਂ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ ਦੇ ਅਧਾਰ 'ਤੇ ਆਪਣੇ ਵਿਵਾਦ ਦਾ ਤੇਜ਼ੀ ਨਾਲ ਹੱਲ ਪ੍ਰਾਪਤ ਕਰਦੀਆਂ ਹਨ। ਇਹ ਸ਼ਾਮਲ ਦੋਵਾਂ ਪਾਰਟੀਆਂ ਲਈ ਜਿੱਤ-ਜਿੱਤ ਦੀ ਸਥਿਤੀ ਬਣਾਉਂਦਾ ਹੈ।ਇਹ ਸਪਸ਼ਟ ਹੈ ਕਿ ਲੋਕ ਅਦਾਲਤਾਂ ਇੱਕ ਵਿਕਲਪਿਕ ਵਿਵਾਦ ਨਿਪਟਾਰਾ ਵਿਧੀ ਪ੍ਰਦਾਨ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਜੋ ਕਿ ਕੁਸ਼ਲ, ਘੱਟ ਲਾਗਤ ਵਾਲੀ ਅਤੇ ਪ੍ਰਭਾਵਸ਼ਾਲੀ ਹੈ, ਅਤੇ ਧਿਰਾਂ ਵਿੱਚ ਪਿਆਰ ਨੂੰ ਉਤਸ਼ਾਹਿਤ ਕਰਦੀ ਹੈ। ਇਸ ਤਰ੍ਹਾਂ, ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਵਾਦਾਂ ਨੂੰ ਆਉਣ ਵਾਲੀ ਨੈਸ਼ਨਲ ਲੋਕ ਅਦਾਲਤ ਅੱਗੇ ਪੇਸ਼ ਕਰਨ, ਤਾਂ ਜੋ ਉਨ੍ਹਾਂ ਦੇ ਕੀਮਤੀ ਸਮੇਂ ਅਤੇ ਮਿਹਨਤ ਦੀ ਕਮਾਈ ਦੀ ਬਚਤ ਕੀਤੀ ਜਾ ਸਕੇ। ਇਸ ਮੰਤਵ ਲਈ, ਲੋਕ ਅਦਾਲਤ ਰਾਹੀਂ ਨਿਪਟਾਰੇ ਲਈ ਇੱਛੁਕ ਹਰ ਮੁਕੱਦਮਾ ਕਾਰ ਸੰਬੰਧਤ ਅਦਾਲਤ ਦੇ ਪ੍ਰੀਜ਼ਾਈਡਿੰਗ ਅਫ਼ਸਰ ਨੂੰ ਬੇਨਤੀ ਕਰ ਸਕਦਾ ਹੈ ਜਿੱਥੇ ਉਸ ਦਾ ਕੇਸ ਲੰਬਿਤ ਹੈ। ਇੱਥੋਂ ਤੱਕ ਕਿ ਕੰਪਾਊਂਡੇਬਲ ਕ੍ਰਿਮੀਨਲ ਕੇਸਾਂ ਵਿੱਚ ਵੀ ਪਾਰਟੀ ਲੋਕ ਅਦਾਲਤ ਵਿੱਚ ਮਾਮਲਾ ਰੱਖਣ ਲਈ ਅਰਜ਼ੀ ਭੇਜ ਸਕਦੀ ਹੈ। ਪ੍ਰੀ-ਲਿਟੀਗੇਟਿਵ ਕੇਸਾਂ ਦੇ ਮਾਮਲੇ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੂੰ ਬੇਨਤੀ ਕੀਤੀ ਜਾ ਸਕਦੀ ਹੈ।

ਹੋਰ ਵਿਸਤ੍ਰਿਤ ਜਾਣਕਾਰੀ ਵੈਬਸਾਈਟ www.pulsa.gov.in ਜਾਂ ਨਾਲਸਾ ਹੈਲਪਲਾਈਨ ਨੰਬਰ 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਸੰਪਰਕ ਨੰਬਰ 0175-2306500 ਤੋਂ ਲਈ ਜਾ ਸਕਦੀ ਹੈ।

# ਵਿੱਤੀ ਸਾਲ 2024-2025 ਦੇ ਬਜਟ ਵਿੱਚ ਉਦਯੋਗਿਕ ਖੇਤਰ ਲਈ 922.09 ਕਰੋੜ ਰੁਪਏ ਰੱਖੇ ਜਾਣਗੇ : ਮੁੱਖ ਮੰਤਰੀ ਮਨੋਹਰ ਲਾਲ

**ਚੰਡੀਗੜ੍ਹ, 24 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਸ਼੍ਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਨੂੰ ਹਮੇਸ਼ਾ ਵਿਕਸਤ ਬੁਨਿਆਦੀ ਢਾਂਚੇ, ਬਿਹਤਰ ਸੰਪਰਕ, ਹੁਨਰਮੰਦ ਮਨੁੱਖੀ ਸ਼ਕਤੀ ਅਤੇ ਗੁਣਵੱਤਾਪੂਰਨ ਸਿੱਖਿਆ ਸਹੂਲਤਾਂ ਵਾਲਾ ਉਦਯੋਗਿਕ ਪਾਵਰਹਾਊਸ ਮੰਨਿਆ ਜਾਂਦਾ ਰਿਹਾ ਹੈ। ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਵਿੱਤੀ ਸਾਲ 2024-2025 ਦੇ ਬਜਟ ਵਿੱਚ ਉਦਯੋਗਿਕ ਖੇਤਰ ਲਈ 922.09 ਕਰੋੜ ਰੁਪਏ ਅਲਾਟ ਕਰਨ ਦੀ ਪ੍ਰਸਤਾਵ ਹੈ, ਜੋ ਚਾਲੂ ਸਾਲ ਦੇ 793.80 ਕਰੋੜ ਰੁਪਏ ਦੇ ਸੰਸ਼ੋਧਿਤ ਅਨੁਮਾਨਾਂ ਦੇ ਮੁਕਾਬਲੇ 16.27 ਫੀਸਦੀ ਦਾ ਵਾਧਾ ਹੈ। ਉਨ੍ਹਾਂ ਕਿਹਾ ਕਿ ਬਾਇਓਟੈਕਨਾਲੋਜੀ ਸੈਕਟਰ ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਸੈਕਟਰਾਂ ਵਿੱਚੋਂ ਇੱਕ ਹੈ। ਬਾਇਓਟੈਕਨਾਲੋਜੀ ਈਕੋ ਸਿਸਟਮ ਵਿੱਚ ਖੋਜ ਅਤੇ ਵਿਕਾਸ ਕੇਂਦਰ, ਹੁਨਰਮੰਦ ਮਨੁੱਖੀ ਸ਼ਕਤੀ ਦੀ ਉਪਲਬਧਤਾ, ਉਦਯੋਗਾਂ ਲਈ ਪ੍ਰੋਤਸਾਹਨ ਅਤੇ ਕਲੱਸਟਰਡ ਸਾਂਝਾ ਬੁਨਿਆਦੀ ਢਾਂਚਾ ਸ਼ਾਮਲ ਹੈ। ਹਰਿਆਣਾ ਵਿੱਚ ਭਾਰਤ ਵਿੱਚ ਬਾਇਓਟੈਕਨਾਲੋਜੀ ਪਾਵਰਹਾਊਸ ਵਜੋਂ ਉਭਰਨ ਦੀ ਸਮਰੱਥਾ ਹੈ। ਮੈਂ ਬਾਇਓਟੈਕਨਾਲੋਜੀ ਸੈਕਟਰ ਵਿੱਚ ਉਦਯੋਗਪਤੀਆਂ ਨਾਲ ਵਿਆਪਕ ਵਿਚਾਰ-ਵਟਾਂਦਰੇ ਤੋਂ ਬਾਅਦ ਅਗਲੇ 6 ਮਹੀਨਿਆਂ ਵਿੱਚ ਬਾਇਓਟੈਕਨਾਲੋਜੀ ਪ੍ਰੋਤਸਾਹਨ ਨੀਤੀ ਨੂੰ ਅਧਿਸੂਚਿਤ ਕਰਨ ਦਾ ਪ੍ਰਸਤਾਵ ਕਰਦਾ ਹਾਂ, ਜੋ ਬਾਇਓਟੈਕਨਾਲੋਜੀ ਸੈਕਟਰ ਵਿੱਚ ਨਿਵੇਸ਼ ਅਤੇ ਨਵੀਨਤਾ ਨੂੰ ਆਕਰਸ਼ਿਤ ਕਰਨ ਲਈ ਇੱਕ ਮਹੱਤਵਪੂਰਨ ਸਾਧਨ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ 30/30 ਮੁਹਿੰਮ ਦਾ ਸਮਰਥਨ ਕਰਦਾ ਹੈ, ਜਿਸ ਦਾ ਟੀਚਾ ਸਾਲ 2030 ਤੱਕ ਘੱਟੋ-ਘੱਟ 30 ਫੀਸਦੀ ਨਵੇਂ ਇਲੈਕਟ੍ਰਿਕ ਵਾਹਨ ਵੇਚਣ ਦਾ ਹੈ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਨੇ ਹਰਿਆਣਾ ਇਲੈਕਟ੍ਰਿਕ ਵਹੀਕਲ ਪਾਲਿਸੀ-2022 ਸ਼ੁਰੂ ਕੀਤੀ ਹੈ। ਇਸ ਨੀਤੀ ਤਹਿਤ ਹੁਣ ਤੱਕ 12 ਸਕੀਮਾਂ ਨੂੰ ਨੋਟੀਫਾਈ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਡਰੋਨ ਤਕਨਾਲੋਜੀ ਇੱਕ ਆਧੁਨਿਕ ਉਦਯੋਗ ਵਜੋਂ ਉੱਭਰ ਰਹੀ ਹੈ। ਇਸ ਦੀ ਵਰਤੋਂ ਕਈ ਖੇਤਰਾਂ ਵਿੱਚ ਕੀਤੀ ਜਾਵੇਗੀ। ਸਰਕਾਰ ਦਾ ਮੰਨਣਾ ਹੈ ਕਿ ਹਰਿਆਣਾ ਨੂੰ ਡਰੋਨ ਨਿਰਮਾਣ ਅਤੇ ਡਰੋਨ ਆਧਾਰਿਤ ਇਮੇਜਿੰਗ ਸੇਵਾਵਾਂ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਹਰਿਆਣਾ ਵਿੱਚ ਡਰੋਨ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ 10 ਕਰੋੜ ਰੁਪਏ ਦਾ ਸਟਾਰਟਅੱਪ ਫੰਡ ਸਥਾਪਤ ਕਰਨ ਦਾ ਪ੍ਰਸਤਾਵ ਹੈ। ਫੰਡ ਦੇ ਵੇਰਵਿਆਂ ਨੂੰ ਉਦਯੋਗ ਅਤੇ ਵਣਜ ਵਿਭਾਗ ਦੁਆਰਾ ਵੱਖਰੇ ਤੌਰ 'ਤੇ ਨੋਟੀਫਾਇਡ ਕੀਤਾ ਜਾਵੇਗਾ।

## ਕ੍ਰੈਡਿਟ ਕਾਰਡ ਇੰਡਸਟਰੀ 'ਚ ਹਲਚਲ ਮਚਾਉਣ ਦੀ ਤਿਆਰੀ 'ਚ ਵਾਰੇਨ ਬਫੇ, ਕਰ ਰਹੇ ਨੇ ਸਭ ਤੋਂ ਵੱਡੀ ਡੀਲ

ਨਵੀਂ ਦਿੱਲੀ 24 ਫਰਵਰੀ। ਅਮਰੀਕਾ ਦੇ ਦਿੱਗਜ ਨਿਵੇਸ਼ਕ ਵਾਰੇਨ ਬਫੇ ਵੱਡੀ ਬਾਜੀ ਖੇਡਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਦੇ ਨਿਵੇਸ਼ ਵਾਲਾ ਬੈਂਕ ਕੈਪੀਟਲ ਵਨ ਕ੍ਰੈਡਿਟ ਕਾਰਡ ਇਸ਼ੂ ਕਰਨ ਵਾਲੀ ਕੰਪਨੀ ਡਿਸਕਵਰ ਫਾਈਨਾਂਸੀਅਲ ਨੂੰ ਖਰੀਦਣ ਜਾ ਰਿਹਾ ਹੈ। ਇਹ ਕ੍ਰੈਡਿਟ ਕਾਰਡ ਇੰਡਸਟਰੀ ਦੇ ਇਤਿਹਾਸ ਦੀ ਇਹ ਸਭ ਤੋਂ ਵੱਡੀ ਡੀਲ ਹੋਵੇਗੀ। ਮੰਨਿਆ ਜਾ ਰਿਹਾ ਹੈ ਕਿ ਇਸ ਦੀ ਵੈਲਿਊ



35.3 ਅਰਬ ਡਾਲਰ ਹੋਵੇਗੀ। ਦੱਸ ਦੇਈਏ ਕਿ ਇਸ ਡੀਲ ਤੋਂ ਬਾਅਦ ਕੈਪੀਟਲ ਵਨ ਐਸੈੱਟ ਦੇ ਹਿਸਾਬ ਨਾਲ ਦੁਨੀਆ ਦਾ 6ਵਾਂ ਸਭ ਤੋਂ ਵੱਡਾ ਬੈਂਕ ਬਣ ਜਾਵੇਗਾ। ਇਸ ਦਾ ਮੁਕਾਬਲਾ ਜੇ. ਪੀ. ਮੋਰਗਨ ਅਤੇ ਸਿਟੀ ਗਰੁੱਪ ਨਾਲ ਹੋਵੇਗਾ। ਜੇਕਰ ਇਹ ਡੀਲ ਸਫਲ ਹੋਈ ਤਾਂ ਮਰਜਰ ਤੋਂ ਬਾਅਦ ਬਣਨ ਵਾਲੀ ਕੰਪਨੀ 'ਚ ਕੈਪੀਟਲ ਵਨ ਸ਼ੇਅਰਧਾਰਕਾਂ ਦੀ ਹਿੱਸੇਦਾਰੀ 60 ਫੀਸਦੀ ਹੋਵੇਗੀ, ਜਦੋਂਕਿ ਬਾਕੀ ਹਿੱਸੇਦਾਰੀ ਡਿਸਕਵਰ ਸ਼ੇਅਰਧਾਰਕਾਂ ਕੋਲ ਹੋਵੇਗੀ। ਅਮਰੀਕਾ 'ਚ ਕ੍ਰੈਡਿਟ ਕਾਰਡ ਇੰਡਸਟਰੀ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਡੀਲ ਬੈਂਕ ਆਫ ਅਮਰੀਕਾ ਦੇ ਨਾਂ ਹੈ। ਉਸ ਨੇ ਸਾਲ 2005 'ਚ ਐੱਮ. ਬੀ. ਐੱਨ. ਏ. ਕਾਰਪ ਨੂੰ 35.2 ਅਰਬ ਡਾਲਰ 'ਚ ਖਰੀਦਿਆ ਸੀ ਪਰ ਵਾਰੇਨ ਬਫੇ ਹੁਣ ਇਸ ਨੂੰ ਪਿੱਛੇ ਛੱਡਣ ਜਾ ਰਹੇ ਹਨ। ਬਫੇ ਦੁਨੀਆ ਦੇ ਚੋਟੀ ਦੇ ਅਮੀਰਾਂ 'ਚੋਂ ਸ਼ਾਮਲ ਹਨ। ਦੁਨੀਆ ਦੀਆਂ ਕਈ ਵੱਡੀਆਂ ਕੰਪਨੀਆਂ 'ਚ ਉਨ੍ਹਾਂ ਦਾ ਨਿਵੇਸ਼ ਹੈ।

## ਘਰ ਦੇ ਵਿਹੜੇ 'ਚ ਖੇਡ ਰਹੀ ਸੀ ਬੱਚੀ, ਕੁੱਤਿਆਂ ਨੇ ਨੋਚ-ਨੋਚ ਕੇ ਕੱਢ ਦਿੱਤੀ ਅੱਖ

ਅਬੋਹਰ 24 ਫਰਵਰੀ। ਅਬੋਹਰ ਦੇ ਪਿੰਡ ਡੰਗਰਖੇੜਾ 'ਚ ਸੋਮਵਾਰ ਸ਼ਾਮ ਡੇਢ ਸਾਲ ਦੀ ਬੱਚੀ ਨੂੰ ਅਵਾਰਾ ਕੁੱਤੇ ਲੈ ਗਏ। ਕੁੱਤਿਆਂ ਨੇ ਨੋਚ-ਨੋਚ ਕੇ ਇਕ ਅੱਖ ਕੱਢ ਦਿੱਤੀ। ਬੱਚੀ ਦੇ ਸਿਰ ਅਤੇ ਮੂੰਹ 'ਤੇ ਬੁਰੀ ਤਰ੍ਹਾਂ ਨਾਲ ਕੱਟਿਆ ਹੋਇਆ ਸੀ। ਉਸ ਦੀ ਗੰਭੀਰ ਹਾਲਤ ਵੇਖਦਿਆਂ ਸਥਾਨਕ ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਬਠਿੰਡਾ ਦੇ ਹਸਪਤਾਲ 'ਚ ਰੈਫਰ ਕਰ ਦਿੱਤਾ। ਕੁੜੀ ਦੇ ਪਿਤਾ ਨੇ ਦੱਸਿਆ ਕਿ ਦੋਵੇਂ ਪਤੀ-ਪਤਨੀ ਇੱਟਾਂ ਦੇ ਭੱਠੇ ਦਾ ਕੰਮ ਕਰਦੇ ਹਨ। ਉਸ ਦਾ ਘਰ ਭੱਠੇ ਦੇ ਬਿਲਕੁਲ ਕੋਲ ਹੈ। ਅਚਾਨਕ ਸ਼ਾਮ ਨੂੰ ਸੂਚਨਾ ਮਿਲੀ ਕਿ ਕੁੜੀ ਵਿਹੜੇ 'ਚ ਖੇਡਦੀ ਹੋਈ ਲਾਪਤਾ ਹੋਈ ਹੈ। ਜਦੋਂ ਸ਼ਾਮ ਸਾਢੇ 7 ਵਜੇ ਆਲੇ-ਦੁਆਲੇ ਜਾਂਚ ਕੀਤੀ ਤਾਂ ਕੁਝ ਦੂਰੀ 'ਤੇ ਕੁੜੀ ਜਖਮੀ ਹਾਲਤ 'ਚ ਨਜਰ ਆਈ ਅਤੇ ਉਸ ਦੀ ਅੱਖ ਕੱਢੀ ਹੋਈ ਸੀ, ਜਿਸ ਦੌਰਾਨ ਕੁੜੀ ਜਖਮੀ ਹਾਲਤ 'ਚ ਹਸਪਤਾਲ ਦਾਖਲ ਕਰਵਾਇਆ ਗਿਆ।

# ਬਹੁ-ਚਰਚਿਤ ਢਿੱਲੋਂ ਬ੍ਰਦਰਜ ਕੇਸ 'ਚ ਫਸੇ ਥਾਣਾ ਇੰਚਾਰਜ ਨਵਦੀਪ ਸਿੰਘ ਨੂੰ ਸੁਪਰੀਮ ਕੋਰਟ ਤੋਂ ਮਿਲੀ ਰਾਹਤ

ਕਿਸ਼ਨ ਪਾਲ

ਜਲੰਧਰ/ਕਪੂਰਥਲਾ 24 ਫਰਵਰੀ। ਜਲੰਧਰ ਦੇ ਮਸ਼ਹੂਰ ਢਿੱਲੋਂ ਬ੍ਰਦਰਜ ਮਾਮਲੇ ਨੂੰ ਲੈ ਕੇ ਥਾਣਾ ਸਦਰ ਦੇ ਇੰਚਾਰਜ ਨਵਦੀਪ ਸਿੰਘ ਨੂੰ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਬੁੱਧਵਾਰ ਇੰਸ. ਨਵਦੀਪ ਸਿੰਘ ਨੂੰ ਰੈਗੂਲਰ ਜਮਾਨਤ ਦੇ ਦਿੱਤੀ ਹੈ। ਇਹ ਮਾਮਲਾ ਜਲੰਧਰ ਦੇ ਥਾਣਾ ਡਿਵੀਜਨ ਨੰ. 1 ਦਾ ਹੈ, ਜਿੱਥੇ ਨਵਦੀਪ ਸਿੰਘ ਨੂੰ ਇੰਚਾਰਜ ਸੀ। ਦਰਅਸਲ ਇਹ ਮਾਮਲਾ 16 ਅਗਸਤ 2023 ਦਾ ਹੈ, ਜਿਸ ਤਹਿਤ ਥਾਣਾ ਡਿਵੀਜਨ ਨੰ. 1 'ਚ ਕਿਸੇ ਪਰਿਵਾਰਕ ਝਗੜੇ ਨੂੰ ਲੈ ਕੇ ਦੋ ਧਿਰਾਂ 'ਚ ਤਕਰਾਰ ਹੋ ਗਿਆ ਸੀ। ਮਾਨਵਜੀਤ ਅਤੇ ਜਸਨਬੀਰ ਢਿੱਲੋਂ ਇਕ ਔਰਤ ਵੱਲੋਂ ਥਾਣਾ ਡਿਵੀਜਨ ਨੰ. 1 'ਚ ਆਏ ਸਨ। ਮਾਨਵਦੀਪ ਸਿੰਘ ਉੱਪਲ ਨੇ ਦੋਸ਼ ਲਾਇਆ ਸੀ ਕਿ ਪੁਲਸ ਨੇ ਮਾਨਵਜੀਤ ਸਿੰਘ ਢਿੱਲੋਂ ਦੀ ਥਾਣੇ 'ਚ ਕੁੱਟਮਾਰ ਕੀਤੀ ਹੈ ਅਤੇ ਉਸ ਦੀ ਪੱਗ ਉਤਾਰ ਦਿੱਤੀ ਹੈ। ਇਸ ਤੋਂ ਬਾਅਦ ਪੁਲਸ ਦੀ ਕਾਰਵਾਈ ਕਾਰਨ ਮਾਨਵਜੀਤ ਦੇ ਛੋਟੇ ਭਰਾ ਜਸਨਬੀਰ ਨੇ ਗੋਇੰਦਵਾਲ ਸਾਹਿਬ ਦੀ ਬਿਆਸ ਦਰਿਆ 'ਚ ਛਾਲ ਮਾਰ ਦਿੱਤੀ ਸੀ। ਉਸ ਨੂੰ ਬਚਾਉਣ ਲਈ ਮਾਨਵਜੀਤ ਨੇ ਛਾਲ ਮਾਰ ਦਿੱਤੀ ਸੀ। ਜਸਨਬੀਰ ਦੀ ਲਾਸ਼ 17 ਦਿਨਾਂ ਬਾਅਦ ਬਰਾਮਦ ਕੀਤੀ ਗਈ, ਜਦਕਿ ਮਾਨਵਜੀਤ ਦਾ ਫੋਨ ਕਰੀਬ 48 ਘੰਟਿਆਂ ਬਾਅਦ ਆਨ ਹੋਇਆ ਸੀ ਪਰ ਮਾਨਵਜੀਤ ਅੱਜ ਤੱਕ ਲਾਪਤਾ ਹੈ। ਮਾਨਵਜੀਤ ਦਾ ਫੋਨ ਜਦ ਆਨ ਹੋਇਆ ਤਾਂ ਉਸ ਦੀ ਲੋਕੇਸ਼ਨ ਉਸ ਥਾਂ ਤੋਂ 5-6 ਕਿਲੋਮੀਟਰ ਦੂਰ ਸੀ, ਜਿੱਥੋਂ ਉਸ ਨੇ ਛਾਲ ਮਾਰੀ ਸੀ। ਇਸ ਪੂਰੇ ਮਾਮਲੇ ਨੂੰ ਲੈ ਕੇ ਪੁਲਸ ਪ੍ਰਸ਼ਾਸਨ 'ਚ ਹੜਕੰਪ ਮਚ ਗਿਆ। ਪੁਲਸ ਨੇ ਮਾਮਲੇ ਦੀ ਜਾਂਚ ਕੀਤੀ, ਜਿਸ ਤੋਂ ਬਾਅਦ ਏ. ਡੀ. ਸੀ. ਪੀ. 1 ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਦੋਸ਼ਾਂ ਤੋਂ ਬਿਲਕੁਲ ਵੱਖਰੀ ਹੈ। ਇਸ ਮਾਮਲੇ 'ਚ ਸਾਹਮਣੇ ਆਇਆ ਸੀ ਕਿ ਜਿਸ ਸਮੇਂ ਇਹ ਸਾਰੀ ਘਟਨਾ ਵਾਪਰੀ, ਉਸ ਸਮੇਂ ਥਾਣਾ ਸਦਰ ਦੇ ਇੰਚਾਰਜ



ਨਵਦੀਪ ਸਿੰਘ ਉੱਥੇ ਮੌਜੂਦ ਨਹੀਂ ਸਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਮਾਨਵਜੀਤ ਸਿੰਘ ਢਿੱਲੋਂ 'ਤੇ ਉਨ੍ਹਾਂ 'ਤੇ ਤਸ਼ੱਦਦ ਕਰਨ ਅਤੇ ਉਸ ਦੀ ਪੱਗ ਉਤਾਰਨ ਦੇ ਦੋਸ਼ਾਂ ਸਬੰਧੀ ਕੋਈ ਸਬੂਤ ਸਾਹਮਣੇ ਨਹੀਂ ਆਇਆ ਹੈ। ਪੁਲਸ ਵੱਲੋਂ ਕੀਤੀ ਪੜਤਾਲ 'ਚ ਮੌਕੇ 'ਤੇ ਮੌਜੂਦ ਗਵਾਹਾਂ ਨੇ ਆਪਣੇ ਬਿਆਨਾਂ 'ਚ ਕਿਹਾ ਹੈ ਕਿ ਮਾਨਵਜੀਤ ਸਿੰਘ ਨੇ ਆਪਣੀ ਪੱਗ ਖੁਦ ਉਤਾਰੀ ਸੀ, ਜਦੋਂਕਿ ਥਾਣੇ 'ਚ ਲੱਗੇ ਸੀ. ਸੀ. ਟੀ. ਵੀ. ਕੈਮਰੇ 'ਚ ਵੀ ਅਜਿਹਾ ਕੋਈ ਰਿਕਾਰਡ ਸਾਹਮਣੇ ਨਹੀਂ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ 24 ਜੁਲਾਈ ਤੋਂ ਥਾਣੇ ਦੇ ਸੀ. ਸੀ. ਟੀ. ਵੀ. ਨੂੰ ਬੰਦ ਕਰ ਦਿੱਤਾ ਗਿਆ ਸੀ ਤੇ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸੀ. ਸੀ. ਟੀ. ਵੀ. ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਹੈ।

## ਅਗਲੇ 10 ਸਾਲਾਂ 'ਚ ਭਾਰਤ ਦੀ ਵਿਕਾਸ ਦਰ 6 ਤੋਂ 8 ਫੀਸਦੀ ਰਹਿਣ ਦਾ ਭਰੋਸ਼ਾ

ਨਵੀਂ ਦਿੱਲੀ 24 ਫਰਵਰੀ। ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਵੀਰਵਾਰ ਨੂੰ ਭਰੋਸਾ ਪ੍ਰਗਟਾਇਆ ਕਿ ਭਾਰਤ ਅਗਲੇ 10 ਸਾਲਾਂ ਵਿੱਚ ਲਗਾਤਾਰ ਛੇ ਤੋਂ ਅੱਠ ਫੀਸਦੀ ਵਿਕਾਸ ਦਰ ਨਾਲ ਵਿਕਾਸ ਕਰਨਾ ਜਾਰੀ ਰੱਖੇਗਾ। ਉਨ੍ਹਾਂ ਨੇ ਕਿਹਾ ਕਿ ਘਰੇਲੂ ਅਤੇ ਗਲੋਬਲ ਬਾਜਾਰਾਂ ਦਾ ਲਾਹਾ ਲੈਣ ਲਈ ਗਲੋਬਲ ਕੰਪਨੀਆਂ ਨੂੰ ਦੇਸ਼ ਵਿਚ ਸੱਦਾ ਦਿੱਤਾ ਜਾ ਰਿਹਾ ਹੈ। ਰੇਲ, ਸੰਚਾਰ ਅਤੇ ਆਈਟੀ ਮੰਤਰੀ ਵੈਸ਼ਨਵ ਨੇ 'ਰਾਇਸੀਨਾ ਡਾਇਲਾਗ 2024' 'ਚ ਕਿਹਾ ਕਿ ਭਾਰਤ ਦੁਨੀਆ ਅਤੇ ਨਵੇਂ ਵਿਚਾਰਾਂ ਲਈ ਖੁੱਲ੍ਹਾ ਹੈ। ਉਨ੍ਹਾਂ ਨੇ ਕਿਹਾ, "ਭਾਰਤੀ ਅਰਥਵਿਵਸਥਾ ਲਗਾਤਾਰ ਬਹੁਤ ਚੰਗੀ ਦਰ ਨਾਲ ਵਧ ਰਹੀ ਹੈ। ਭਾਰਤ ਅਗਲੇ 10 ਸਾਲਾਂ ਵਿੱਚ ਛੇ ਤੋਂ ਅੱਠ ਫੀਸਦੀ ਦੀ ਵਿਕਾਸ ਦਰ ਨਾਲ ਵਿਕਾਸ ਕਰਨਾ ਜਾਰੀ ਰੱਖੇਗਾ... ਮੈਂ ਇਹ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਲਿਆਂਦੀਆਂ ਗਈਆਂ ਵੱਖ-ਵੱਖ ਵਿਕਾਸ ਪਹਿਲਕਦਮੀਆਂ ਨੂੰ ਉਜਾਗਰ ਕਰਦੇ ਹੋਏ ਵੈਸ਼ਨਵ ਨੇ ਕਿਹਾ ਕਿ ਇਸਦੇ ਲਈ ਨੀਂਹ ਪੱਥਰ ਪਹਿਲਾਂ ਹੀ ਮੌਜੂਦ ਹਨ ਅਤੇ ਨਤੀਜੇ ਹੁਣ ਦਿਖਾਈ ਦੇ ਰਹੇ ਹਨ। ਮੰਤਰੀ ਨੇ ਕਿਹਾ ਕਿ ਅਗਲੇ ਪੰਜ ਸਾਲ ਭਾਰਤ ਨੂੰ 2047 ਤੱਕ ਵਿਕਸਤ ਦੇਸ਼ ਬਣਨ ਦੀ ਨੀਂਹ ਰੱਖਣਗੇ। ਉਨ੍ਹਾਂ ਕਿਹਾ ਕਿ ਅਗਲੇ ਪੰਜ ਸਾਲਾਂ ਵਿੱਚ ਨਿਰਮਾਣ ਦੇ ਪੂਰੇ ਸਪੈਕਟ੍ਰਮ, ਸਿੱਖਿਆ ਰਾਹੀਂ ਉੱਨਤੀ ਅਤੇ ਸਿਹਤ ਸੰਭਾਲ ਖੇਤਰ ਵਿੱਚ ਤਕਨਾਲੋਜੀ ਨੂੰ ਸ਼ਾਮਲ ਕਰਨ ਸਮੇਤ ਹੋਰ ਤਰਜੀਹਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

## ਭਾਰਤ 'ਚ ਨੌਂ ਪ੍ਰੋਜੈਕਟਾਂ ਲਈ 12,800 ਕਰੋੜ ਰੁਪਏ ਦਾ ਕਰਜਾ ਦੇਵੇਗਾ ਜਾਪਾਨ

ਨਵੀਂ ਦਿੱਲੀ 24 ਫਰਵਰੀ। ਵਿੱਤ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਜਾਪਾਨ ਸਰਕਾਰ ਨੇ ਭਾਰਤ ਵਿਚ ਵੱਖ-ਵੱਖ ਖੇਤਰਾਂ ਨਾਲ ਸਬੰਧਤ 9 ਪ੍ਰਾਜੈਕਟਾਂ ਲਈ 232.20 ਅਰਬ ਯੇਨ (ਲਗਭਗ 12,800 ਕਰੋੜ ਰੁਪਏ) ਦਾ ਕਰਜਾ ਦੇਣ ਲਈ ਵਚਨਬੱਧਤਾ ਪ੍ਰਗਟ ਕੀਤੀ ਹੈ। ਇਨ੍ਹਾਂ ਪ੍ਰੋਜੈਕਟਾਂ ਵਿੱਚ ਉੱਤਰ-ਪੂਰਬ ਵਿੱਚ ਸੜਕੀ ਨੈਟਵਰਕ ਕਨੈਕਟੀਵਿਟੀ, ਤੇਲੰਗਾਨਾ ਵਿੱਚ ਸਟਾਰਟ-ਅਪਸ ਅਤੇ ਨਵੀਨਤਾ ਨੂੰ ਉਤਸਾਹਿਤ ਕਰਨ ਲਈ ਪ੍ਰੋਜੈਕਟ, ਚੇਨਈ ਪੈਰੀਫਿਰਲ ਰਿੰਗ ਰੋਡ ਦਾ ਨਿਰਮਾਣ, ਹਰਿਆਣਾ ਵਿੱਚ ਵਾਤਾਵਰਣ ਅਨੁਕੂਲ ਬਾਗਬਾਨੀ ਨੂੰ ਉਤਸਾਹਿਤ ਕਰਨਾ ਅਤੇ ਰਾਜਸਥਾਨ ਵਿਚ ਜਲਵਾਯੂ ਪਰਿਵਰਤਨ ਪ੍ਰਤੀਕਿਰਿਆ ਅਤੇ ਈਕੋਸਿਸਟਮ ਸੇਵਾਵਾਂ ਵਿੱਚ ਸੁਧਾਰ ਨਾਲ ਸਬੰਧਤ ਪ੍ਰੋਜੈਕਟ ਸ਼ਾਮਲ ਹਨ। ਵਿੱਤ ਮੰਤਰਾਲੇ ਨੇ ਬਿਆਨ ਵਿੱਚ ਕਿਹਾ ਕਿ ਸੜਕ ਨੈਟਵਰਕ ਕਨੈਕਟੀਵਿਟੀ ਪ੍ਰੋਜੈਕਟਾਂ ਦਾ ਉਦੇਸ਼ ਦੇਸ਼ ਦੇ ਉੱਤਰ-ਪੂਰਬੀ ਖੇਤਰ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਸੁਧਾਰ ਕਰਨਾ ਹੈ, ਜਦੋਂ ਕਿ ਚੇਨਈ ਵਿੱਚ ਪੈਰੀਫਿਰਲ ਰਿੰਗ ਰੋਡ ਪ੍ਰੋਜੈਕਟ ਦਾ ਉਦੇਸ਼ ਆਵਾਜਾਈ ਦੀ ਭੀੜ ਨੂੰ ਘਟਾਉਣਾ ਹੈ। ਇਸ ਸਮਝੌਤੇ 'ਤੇ ਆਰਥਿਕ ਮਾਮਲਿਆਂ ਦੇ ਵਿਭਾਗ ਦੇ ਵਧੀਕ ਸਕੱਤਰ ਵਿਕਾਸ ਸ਼ੀਲ ਅਤੇ ਭਾਰਤ ਵਿੱਚ ਜਾਪਾਨ ਦੇ ਰਾਜਦੂਤ ਸੁਜ਼ੂਕੀ ਹਿਰੋਸ਼ੀ ਨੇ ਹਸਤਾਖਰ ਕੀਤੇ। ਬਿਆਨ ਅਨੁਸਾਰ, "ਮੈਡੀਕਲ ਕਾਲਜ ਹਸਪਤਾਲ ਨੂੰ ਨਾਗਾਲੈਂਡ ਵਿੱਚ ਪ੍ਰੋਜੈਕਟ ਦੇ ਤਹਿਤ ਵਿਕਸਤ ਕੀਤਾ ਜਾਵੇਗਾ। ਇਸ ਨਾਲ ਮੈਡੀਕਲ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ। ਤੇਲੰਗਾਨਾ ਵਿੱਚ ਇਹ ਪ੍ਰੋਜੈਕਟ (ਮਾਈਕਰੋ, ਸਮਾਲ ਅਤੇ ਮੀਡੀਅਮ ਐਂਟਰਪ੍ਰਾਈਜਿਜ) ਦੇ ਕਾਰੋਬਾਰੀ ਵਿਸਤਾਰ ਵਿੱਚ ਸਹਾਇਤਾ ਕਰੇਗਾ ਅਤੇ ਔਰਤਾਂ ਅਤੇ ਪੇਂਡੂ ਆਬਾਦੀ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਉੱਦਮੀ ਹੁਨਰ ਦੀ ਖੋਜ ਕਰੇਗਾ।

## ਖਨੌਰੀ ਕੋਲ ਕਿਸਾਨਾਂ 'ਤੇ ਪੁਲਸ ਵੱਲੋਂ ਚਲਾਈਆਂ ਸਿੱਧੀਆਂ ਗੋਲੀਆਂ ਬੇਹੱਦ ਦੁਖਦਾਈ : ਗਿਆਨੀ ਰਘਬੀਰ ਸਿੰਘ

ਏਜੰਸੀਆਂ

ਅੰਮ੍ਰਿਤਸਰ 24 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਖਨੌਰੀ ਕੋਲ ਕਿਸਾਨਾਂ 'ਤੇ ਪੁਲਸ ਦੁਆਰਾ ਚਲਾਈਆਂ ਗਈਆਂ ਸਿੱਧੀਆਂ ਗੋਲੀਆਂ ਕਾਰਨ ਇਕ ਪੰਜਾਬੀ ਨੌਜਵਾਨ ਦੀ ਮੌਤ ਹੋਣ ਅਤੇ ਕਈਆਂ ਦੇ ਗੰਭੀਰ ਜਖਮੀ ਹੋਣ ਦੀ ਘਟਨਾ ਨੂੰ ਬੇਹੱਦ ਦੁਖਦਾਈ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਹ ਕਿਸਾਨ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਹਨ, ਨਾ ਕਿ ਦੇਸ਼ ਦੇ ਦੁਸ਼ਮਣ, ਘੁਸਪੈਠੀਏ, ਜਿਨ੍ਹਾਂ ਵੱਲ ਸਰਕਾਰ ਸਿੱਧੀਆਂ ਗੋਲੀਆਂ ਚਲਾ ਕੇ ਉਨ੍ਹਾਂ ਦੀਆਂ ਛਾਤੀਆਂ ਅਤੇ ਸਿਰ ਵਿੰਨ੍ਹ ਰਹੀ ਹੈ। ਉਨ੍ਹਾਂ ਨੂੰ ਆਪਣੇ ਜਮਹੂਰੀ ਅਧਿਕਾਰ ਤਹਿਤ ਦਿੱਲੀ ਜਾ ਕੇ ਪ੍ਰਦਰਸ਼ਨ ਕਰਨ ਤੋਂ ਰੋਕਣ ਵਾਸਤੇ ਸਰਕਾਰ ਵਲੋਂ ਵਰਤੇ ਹਥਕੰਡੇ ਕਿਸੇ ਵੀ ਤਰ੍ਹਾਂ ਜੱਲ੍ਹਿਆਂਵਾਲੇ ਬਾਗ 'ਚ ਅੰਗਰੇਜ ਹਕੂਮਤ ਵਲੋਂ ਭਾਰਤੀਆਂ ਨਾਲ ਕੀਤੇ ਜੁਲਮ ਤੋਂ ਘੱਟ ਨਹੀਂ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਪਿਛਲੇ ਦਿਨਾਂ ਤੋਂ ਪੰਜਾਬ ਦੇ ਕਿਸਾਨ ਕੇਂਦਰ ਸਰਕਾਰ ਕੋਲੋਂ ਆਪਣੀਆਂ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਮੇਤ ਹੋਰ ਹੱਕ ਮੰਗ ਕਰ ਰਹੇ ਹਨ ਪਰ ਸਰਕਾਰ ਆਪਣੇ ਕੰਨ੍ਹ ਤੇ ਅੱਖਾਂ ਬੰਦ ਕਰੀ ਬੈਠੀ ਹੈ। ਜਿਸ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਨਾ ਚਾਹੁੰਦੀ। ਉਸ ਦੀ ਨੀਅਤ ਖਰਾਬ ਹੈ।



ਜੇਕਰ ਸਰਕਾਰ ਸੰਜੀਦਾ ਹੁੰਦੀ ਤਾਂ ਮਸਲੇ ਦੇ ਹੱਲ ਲਈ ਗੱਲਬਾਤ ਹੁੰਦੀ, ਗੋਲੀਬਾਰੀ ਨਾ ਕੀਤੀ ਜਾਂਦੀ। ਕਿਸੇ ਵੀ ਮਸਲੇ ਦੇ ਹੱਲ ਲਈ ਪਹਿਲਾਂ ਸਾਜਗਾਰ ਮਾਹੌਲ ਬਣਾਇਆ ਜਾਂਦਾ ਹੈ। ਮਾਹੌਲ ਤਦ ਬਣ ਸਕਦਾ ਜੇਕਰ ਪੰਜਾਬ-ਹਰਿਆਣਾ ਦੀ ਹੱਦ ਤੋਂ ਬੈਰੀਕੇਡ ਹਟਾਏ ਜਾਂਦੇ ਕਿਸਾਨਾਂ ਵੱਲ ਨੂੰ ਮੂੰਹ ਕਰਕੇ ਸ਼ਾਰਪ ਸ਼ੂਟਰ ਨਾ ਤਾਇਨਾਤ ਕੀਤੇ ਜਾਂਦੇ। ਕਿਸਾਨਾਂ 'ਤੇ ਡਾਂਗਾਂ, ਗੋਲੀਆਂ, ਅੱਥਰੂ ਗੈਸ ਦੇ ਗੋਲੇ ਤੇ ਪਾਣੀ ਦੀਆਂ ਤੋਪਾਂ ਨਾ ਛੱਡੀਆਂ ਜਾਂਦੀਆਂ। ਗਿਆਨੀ ਰਘਬੀਰ ਸਿੰਘ ਨੇ ਅੱਗੇ ਆਖਿਆ ਕਿ ਸਾਡੇ ਦੇਸ਼ ਦੇ ਲੋਕਾਂ ਦਾ ਨਾਅਰਾ ਰਿਹਾ ਹੈ, 'ਜੈ ਜਵਾਨ, ਜੈ ਕਿਸਾਨ', ਕਿਉਂਕਿ ਜਵਾਨ ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦਾ ਹੈ ਅਤੇ ਕਿਸਾਨ ਖੇਤਾਂ ਵਿਚ ਅੰਨ ਉਗਾ ਕੇ ਦੇਸ਼ ਦਾ ਢਿੱਡ ਭਰਦਾ ਹੈ ਪਰ ਕਿੰਨੇ ਦੁੱਖ ਦੀ ਗੱਲ ਹੈ ਕਿ ਅੱਜ ਸਾਡਾ ਜਵਾਨ ਸਰਹੱਦਾਂ 'ਤੇ ਰਾਖੀ ਕਰਦਾ ਹੋਇਆ ਦੁਸ਼ਮਣ ਦੀਆਂ ਗੋਲੀਆਂ ਖਾ ਰਿਹਾ ਹੈ ਅਤੇ ਕਿਸਾਨ ਨੂੰ ਆਪਣੀ ਹੀ ਸਰਕਾਰ ਹੱਕ ਮੰਗਣ 'ਤੇ ਆਪਣੇ ਦੇਸ਼ ਦੀ ਪੁਲਸ ਤੋਂ ਗੋਲੀਆਂ ਮਰਵਾ ਰਹੀ ਹੈ, ਜੋ ਇਕ ਲੋਕਤੰਤਰੀ ਦੇਸ਼ ਲਈ ਬੇਹੱਦ ਮੰਦਭਾਗਾ ਵਰਤਾਰਾ ਹੈ। ਅਜਿਹਾ ਗੈਰ-ਜਮਹੂਰੀ ਵਤੀਰਾ ਦੇਸ਼ ਦੇ ਭਵਿੱਖ ਲਈ ਚੰਗਾ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਆਖਿਆ ਕਿ ਸਰਕਾਰ ਨੂੰ ਅਜੇ ਵੀ ਆਪਣਾ ਹਠੀ ਰਵੱਈਆ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਤੁਰੰਤ ਮੰਨ ਲੈਣਾ ਚਾਹੀਦਾ ਹੈ ਤਾਂ ਜੋ ਦੇਸ਼ ਦੇ ਅੰਨਦਾਤਾ ਕਿਸਾਨ ਸੰਘਰਸ਼ ਛੱਡ ਕੇ ਵਾਪਸ ਮੁੜ ਕੇ ਆਪਣੀ ਕਿਰਤ ਵਿਚ ਜੁਟ ਸਕਣ।

# ਜਿਸ ਕੰਪਨੀ 'ਚ ਕਰਦੇ ਸੀ ਕੰਮ, ਉਸੇ ਦੇ ਮਾਲਕ ਬਣੇ 700 ਕਰਮਚਾਰੀ, ਕਰੋੜਪਤੀ ਬੌਸ ਦੇ ਫੈਸਲੇ ਨਾਲ ਬਦਲੀ ਕਿਸਮਤ

ਏਜੰਸੀਆਂ

ਵਾਸ਼ਿੰਗਟਨ 24 ਫਰਵਰੀ। ਅਮਰੀਕਾ ਦੇ ਮਸ਼ਹੂਰ ਬੌਬ ਰੈੱਡ ਮਿੱਲ ਦੇ ਸੰਸਥਾਪਕ ਬੌਬ ਮੂਰ ਦਾ 10 ਫਰਵਰੀ 2024 ਨੂੰ 94 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਪਰ ਇਸ ਦੁਨੀਆ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਉਨ੍ਹਾਂ ਨੇ ਇਕ ਅਜਿਹਾ ਕੰਮ ਕੀਤਾ ਕਿ ਹਰ ਪਾਸੇ ਉਨ੍ਹਾਂ ਦੇ ਨਾਂ ਦੀ ਚਰਚਾ ਹੋ ਰਹੀ ਹੈ। ਦਰਅਸਲ ਬੌਬ ਮੂਰ ਨੇ ਆਪਣੀ ਕੰਪਨੀ ਦੀ ਮਾਲਕੀ ਕੰਪਨੀ ਵਿੱਚ ਕੰਮ ਕਰਦੇ 700 ਕਰਮਚਾਰੀਆਂ ਨੂੰ ਸੌਂਪ ਦਿੱਤੀ ਹੈ। ਬੌਬ ਮੂਰ ਦੀ ਕੰਪਨੀ ਸਾਬਤ ਅਨਾਜ ਵਰਗੇ ਉਤਪਾਦਾਂ ਤੋਂ ਇਲਾਵਾ ਆਪਣੇ ਕਰਮਚਾਰੀਆਂ ਲਈ ਵੱਡਾ ਦਿਲ ਰੱਖਣ ਲਈ ਲਈ ਜਾਣੀ ਜਾਂਦੀ ਹੈ। ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮੂਰ ਨੇ ਆਪਣੀ ਕੰਪਨੀ ਲਈ ਕੁੱਝ ਖਾਸ ਸੋਚਿਆ ਹੋਇਆ ਸੀ। ਇਸ ਲਈ ਉਨ੍ਹਾਂ ਨੇ ਆਪਣੀ ਕੰਪਨੀ ਨੂੰ ਵੇਚਣ ਦੀ ਬਜਾਏ ਆਪਣੇ 700 ਕਰਮਚਾਰੀਆਂ ਨੂੰ ਕੰਪਨੀ ਦੀ ਪੂਰੀ ਮਾਲਕੀ ਦੇ ਦਿੱਤੀ। ਦਰਅਸਲ ਉਨ੍ਹਾਂ ਨੇ 2010 'ਚ ਕੰਪਨੀ ਦੇ ਮਾਲਕ ਦਾ ਅਹੁਦਾ ਛੱਡਣ ਦਾ ਫੈਸਲਾ ਕੀਤਾ ਸੀ। ਮੂਰ ਨੇ ਆਪਣੇ 81ਵੇਂ ਜਨਮਦਿਨ 'ਤੇ ਆਪਣੇ ਤਤਕਾਲੀ 209 ਕਰਮਚਾਰੀਆਂ ਲਈ ਇੱਕ ਕਰਮਚਾਰੀ ਸਟਾਕ ਮਾਲਕੀ ਯੋਜਨਾ ਸ਼ੁਰੂ ਕੀਤੀ। ਬਾਅਦ ਵਿੱਚ, ਸਾਲ 2020 ਤੱਕ ਕੰਪਨੀ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਵਧ ਕੇ 700 ਹੋ ਗਈ ਸੀ। ਬੌਬ ਮੂਰ ਦੇ ਦਿਹਾਂਤ ਤੋਂ ਬਹੁਤ ਪਹਿਲਾਂ ਹੀ ਕੰਪਨੀ ਪੂਰੀ ਤਰ੍ਹਾਂ ਕਰਮਚਾਰੀਆਂ ਦੀ ਮਾਲਕੀ ਵਾਲੀ ਹੋ ਗਈ ਸੀ। ਮੂਰ ਦਾ ਕਹਿਣਾ ਸੀ ਕਿ ਉਹ ਇਕ ਪਰੰਪਰਾ ਤੋਂ ਬਚਣਾ ਚਾਹੁੰਦੇ ਸਨ, ਜਿਸ ਵਿਚ ਮਾਲਕ ਆਪਣੇ ਕਰਮਚਾਰੀਆਂ ਤੋਂ ਵੱਧ ਆਪਣੇ ਫਾਇਦੇ ਲਈ ਸੋਚਦੇ ਹਨ। ਇਸ ਲਈ ਉਨ੍ਹਾਂ ਨੇ ਕੰਪਨੀ ਨੂੰ ਆਪਣੇ ਕਰਮਚਾਰੀਆਂ ਨੂੰ ਸੌਂਪਣ ਦਾ ਫੈਸਲਾ ਕੀਤਾ।




ਉਨ੍ਹਾਂ ਇਕ ਵਾਰ ਕਿਹਾ ਸੀ ਕਿ ਮੈਂ ਲੱਗਭਗ 70 ਸਾਲ ਪਹਿਲਾਂ ਸਿੱਖਿਆ ਸੀ ਕਿ ਸਫਲ ਹੋਣ ਲਈ ਸਖਤ ਮਿਹਨਤ ਅਤੇ ਦਿਆਲੂ ਸੁਭਾਅ ਬਹੁਤ ਹੀ ਜਰੂਰੀ ਹੈ। ਜਿਵੇਂ-ਜਿਵੇਂ ਮੇਰਾ ਕਾਰੋਬਾਰ ਵਧਦਾ ਗਿਆ, ਮੈਨੂੰ ਅਹਿਸਾਸ ਹੋਇਆ ਕਿ ਪ੍ਰਮਾਤਮਾ ਨੇ ਮੈਨੂੰ ਖੁੱਲ੍ਹੇ ਦਿਲ ਵਾਲਾ ਬਣਨ ਦਾ ਮੌਕਾ ਦਿੱਤਾ ਹੈ। ਮੇਰੇ ਪਸੰਦੀਦਾ ਬਾਈਬਲ ਵਿਚ ਕਿਹਾ ਗਿਆ ਹੈ ਕਿ ਤੁਹਾਨੂੰ ਦੂਸਰਿਆਂ ਨਾਲ ਉਸੇ ਤਰ੍ਹਾਂ ਪੇਸ਼ ਆਉਣਾ ਚਾਹੀਦਾ ਹੈ ਜਿਵੇਂ ਤੁਸੀਂ ਉਮੀਦ ਕਰਦੇ ਹੋ ਕਿ ਉਹ ਤੁਹਾਡੇ ਨਾਲ ਪੇਸ਼ ਆਉਣ। ਮੈਨੂੰ ਲੱਗਦਾ ਹੈ ਕਿ ਸਾਨੂੰ ਇਸੇ ਮੰਤਰ ਨਾਲ ਜਿਊਣਾ ਚਾਹੀਦਾ ਹੈ। ਬੌਬ ਮੂਰ ਨੇ 2018 ਵਿਚ ਕਿਹਾ ਸੀ ਕਿ ਬੌਬ ਦੀ ਰੈੱਡ ਮਿਲ ਕੰਪਨੀ ਇਕ ਸੁਪਨਾ ਸੀ ਅਤੇ ਇਹ ਸੱਚ ਹੋ ਗਿਆ ਹੈ। ਮੈਂ ਕੰਪਨੀ ਨਾਲ ਇੰਨਾ ਪਿਆਰ ਕਰਦਾ ਹਾਂ ਕਿ ਮੈਂ ਇਸਨੂੰ ਕਦੇ ਨਹੀਂ ਵੇਚਣ ਦਾ ਫੈਸਲਾ ਕੀਤਾ ਹੈ ਅਤੇ ਕੰਪਨੀ ਨੂੰ ਖਰੀਦਣ ਲਈ ਕਈ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ ਹੈ। ਕੰਪਨੀ ਖਰੀਦਣ ਆਏ ਬਹੁਤ ਸਾਰੇ ਲੋਕਾਂ ਨੇ ਸੋਚਿਆ ਕਿ ਮੈਂ ਪਾਗਲ ਹਾਂ। ਮੂਰ ਆਖਰੀ ਸਾਹ ਤੱਕ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ 'ਤੇ ਰਹੇ, ਭਾਵੇਂ ਹੀ ਉਹ 2018 ਵਿਚ ਸੇਵਾਮੁਕਤ ਹੋ ਗਏ ਸਨ। ਉਨ੍ਹਾਂ ਕਿਹਾ ਸੀ ਮੈਂ ਸਫਲ ਰਿਹਾ ਹਾਂ ਅਤੇ ਮੈਂ ਗਲਤ ਤਰੀਕੇ ਨਾਲ ਪੈਸਾ ਬਰਬਾਦ ਨਹੀਂ ਕੀਤਾ ਹੈ। ਮੈਂ ਹਮੇਸ਼ਾ ਇੱਕ ਮਕਸਦ ਨਾਲ ਕੰਮ ਕੀਤਾ। ਬੌਬ ਮੂਰ 49 ਸਾਲ ਦੇ ਸਨ ਜਦੋਂ ਉਨ੍ਹਾਂ ਨੇ ਕੰਪਨੀ ਦੀ ਸਥਾਪਨਾ ਕੀਤੀ ਸੀ। ਇਸ ਤੋਂ ਪਹਿਲਾਂ ਉਹ ਗੈਸ ਸਟੇਸ਼ਨ ਦੇ ਮਾਲਕ ਸਨ। 2018 ਤੱਕ, ਉਨ੍ਹਾਂ ਦੀ ਕੰਪਨੀ ਦੀ ਆਮਦਨ 100 ਮਿਲੀਅਨ ਡਾਲਰ ਤੋਂ ਵੱਧ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਇਸ ਕੰਪਨੀ ਦੇ ਉਤਪਾਦ 70 ਤੋਂ ਵੱਧ ਦੇਸ਼ਾਂ ਦੇ ਵਿੱਚ ਵੇਚੇ ਜਾਂਦੇ ਹਨ। ਬੌਬ ਮੂਰ ਦੀ ਮੌਤ ਤੋਂ ਬਾਅਦ ਕੰਪਨੀ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਹੈ ਅਤੇ ਕਿਹਾ ਹੈ, "ਅਸੀਂ ਦੁਨੀਆ ਭਰ ਦੇ ਲੋਕਾਂ ਨੂੰ ਪੌਸ਼ਟਿਕ ਭੋਜਨ ਪਦਾਰਥ ਪ੍ਰਦਾਨ ਕਰਕੇ ਬੌਬ ਦੀ ਵਿਰਾਸਤ ਨੂੰ ਜਾਰੀ ਰੱਖਣ ਲਈ ਵਚਨਬੱਧ ਹਾਂ।

## 31 ਮਾਰਚ ਤੱਕ ਜਾਰੀ ਰਹੇਗੀ ਪਿਆਜ ਦੇ ਨਿਰਯਾਤ 'ਤੇ ਪਾਬੰਦੀ

ਏਜੰਸੀਆਂ

ਨਵੀਂ ਦਿੱਲੀ 24 ਫਰਵਰੀ। ਪਿਆਜ ਦੇ ਨਿਰਯਾਤ 'ਤੇ ਲਗਾਈ ਪਾਬੰਦੀ ਪਹਿਲਾਂ ਐਲਾਨੀ ਗਈ ਸਮਾਂ ਸੀਮਾ 31 ਮਾਰਚ ਤੱਕ ਹੀ ਜਾਰੀ ਰਹੇਗੀ। ਸਰਕਾਰ ਕੀਮਤਾਂ ਨੂੰ ਕਾਬੂ ਵਿਚ ਰੱਖਣ ਅਤੇ ਘਰੇਲੂ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਇਸ ਗੱਲ ਦੀ ਜਾਣਕਾਰੀ ਇਕ ਉੱਚ ਅਧਿਕਾਰੀ ਵਲੋਂ ਮੰਗਲਵਾਰ ਨੂੰ ਦਿੱਤੀ ਗਈ ਹੈ। ਸਰਕਾਰ ਵਲੋਂ 8 ਦਸੰਬਰ 2023 ਨੂੰ 31 ਮਾਰਚ ਤੱਕ ਪਿਆਜ ਦੀ ਬਰਾਮਦ 'ਤੇ ਪਾਬੰਦੀ ਲਗਾਈ ਗਈ ਸੀ। ਖਪਤਕਾਰ ਮਾਮਲਿਆਂ ਦੇ ਸਕੱਤਰ ਰੋਹਿਤ ਕੁਮਾਰ ਸਿੰਘ ਨੇ ਕਿਹਾ, "ਪਿਆਜ ਨਿਰਯਾਤ 'ਤੇ ਪਾਬੰਦੀ ਨਹੀਂ ਹਟਾਈ ਗਈ ਹੈ। ਇਹ ਜਾਰੀ ਹੈ। ਮੌਜੂਦਾ ਸਥਿਤੀ ਵਿੱਚ ਕੋਈ ਬਦਲਾਅ ਨਹੀਂ ਹੈ।" ਉਨ੍ਹਾਂ ਨੇ ਕਿਹਾ ਕਿ ਸਰਕਾਰ ਦੀ ਮੁੱਖ ਤਰਜੀਹ ਘਰੇਲੂ ਖਪਤਕਾਰਾਂ ਨੂੰ ਵਾਜਬ ਕੀਮਤਾਂ 'ਤੇ ਪਿਆਜ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਹੈ। ਨਿਰਯਾਤ ਪਾਬੰਦੀ ਹਟਾਉਣ ਦੀਆਂ ਖਬਰਾਂ ਵਿਚਕਾਰ ਦੇਸ਼ ਦੇ ਸਭ ਤੋਂ ਵੱਡੇ ਪਿਆਜ ਬਾਜਾਰ, ਲਾਸਾਲਗਾਓਂ ਵਿੱਚ ਥੋਕ ਪਿਆਜ ਦੀਆਂ ਕੀਮਤਾਂ 19 ਫਰਵਰੀ ਨੂੰ 40.62 ਫੀਸਦੀ ਵਧ ਕੇ 1,800 ਰੁਪਏ ਪ੍ਰਤੀ ਕੁਇੰਟਲ ਹੋ ਗਈਆਂ, ਜੋ 17 ਫਰਵਰੀ ਨੂੰ 1,280 ਰੁਪਏ ਪ੍ਰਤੀ ਕੁਇੰਟਲ ਸੀ। ਸੂਤਰਾਂ ਨੇ ਕਿਹਾ ਕਿ ਆਮ ਚੋਣਾਂ ਤੋਂ ਪਹਿਲਾਂ ਹੀ 31 ਮਾਰਚ ਤੋਂ ਬਾਅਦ ਪਾਬੰਦੀ ਹਟਾਏ ਜਾਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਮਹਾਰਾਸ਼ਟਰ



ਵਿੱਚ ਘੱਟ 'ਕਵਰੇਜ' ਕਾਰਨ ਹਾੜੀ (ਸਰਦੀਆਂ) ਪਿਆਜ ਦਾ ਉਤਪਾਦਨ ਘੱਟ ਹੋਣ ਦੀ ਸੰਭਾਵਨਾ ਹੈ। 2023 ਦੇ ਹਾੜੀ ਸੀਜਨ ਵਿੱਚ ਪਿਆਜ ਦਾ ਉਤਪਾਦਨ 2.27 ਕਰੋੜ ਟਨ ਹੋਣ ਦਾ ਅਨੁਮਾਨ ਹੈ। ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀ ਆਉਣ ਵਾਲੇ ਦਿਨਾਂ ਵਿੱਚ ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਰਗੇ ਪ੍ਰਮੁੱਖ ਉਤਪਾਦਕ ਰਾਜਾਂ ਵਿੱਚ ਹਾੜੀ ਦੇ ਪਿਆਜ ਦੇ 'ਕਵਰੇਜ' ਦਾ ਮੁਲਾਂਕਣ ਕਰਨਗੇ। ਇਸ ਦੌਰਾਨ ਅੰਤਰ-ਮੰਤਰਾਲਾ ਸਮੂਹ ਦੀ ਮਨਜੂਰੀ ਤੋਂ ਬਾਅਦ ਮਿੱਤਰ ਦੇਸ਼ਾਂ ਨੂੰ ਉਨ੍ਹਾਂ ਦੇ ਸਬੰਧਾਂ ਅਤੇ ਹੋਰ ਸ਼ਰਤਾਂ ਨੂੰ ਦੇਖਦੇ ਹੋਏ ਪਿਆਜ ਨਿਰਯਾਤ ਕਰਨ ਦੀ ਇਜਾਜਤ ਦਿੱਤੀ ਗਈ ਹੈ। ਸੂਤਰਾਂ ਨੇ ਕਿਹਾ ਕਿ 31 ਮਾਰਚ ਤੋਂ ਬਾਅਦ ਆਮ ਚੋਣਾਂ ਤੋਂ ਪਹਿਲਾਂ ਹੀ ਪਾਬੰਦੀ ਹਟਾਏ ਜਾਣ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਮਹਾਰਾਸ਼ਟਰ ਵਿੱਚ ਘੱਟ 'ਕਵਰੇਜ' ਕਾਰਨ ਹਾੜੀ (ਸਰਦੀਆਂ) ਪਿਆਜ ਦਾ ਉਤਪਾਦਨ ਘੱਟ ਹੋਣ ਦੀ ਸੰਭਾਵਨਾ ਹੈ। 2023 ਦੇ ਹਾੜੀ ਸੀਜਨ ਵਿੱਚ ਪਿਆਜ ਦਾ ਉਤਪਾਦਨ 2.27 ਕਰੋੜ ਟਨ ਹੋਣ ਦਾ ਅਨੁਮਾਨ ਹੈ। ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀ ਆਉਣ ਵਾਲੇ ਦਿਨਾਂ ਵਿੱਚ ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਰਗੇ ਪ੍ਰਮੁੱਖ ਉਤਪਾਦਕ ਰਾਜਾਂ ਵਿੱਚ ਹਾੜੀ ਦੇ ਪਿਆਜ ਦੇ 'ਕਵਰੇਜ' ਦਾ ਮੁਲਾਂਕਣ ਕਰਨਗੇ। ਇਸ ਦੌਰਾਨ ਅੰਤਰ-ਮੰਤਰਾਲਾ ਸਮੂਹ ਦੀ ਮਨਜੂਰੀ ਤੋਂ ਬਾਅਦ ਮਿੱਤਰ ਦੇਸ਼ਾਂ ਨੂੰ ਉਨ੍ਹਾਂ ਦੇ ਸਬੰਧਾਂ ਅਤੇ ਹੋਰ ਸ਼ਰਤਾਂ ਨੂੰ ਦੇਖਦੇ ਹੋਏ ਪਿਆਜ ਨਿਰਯਾਤ ਕਰਨ ਦੀ ਇਜਾਜਤ ਦਿੱਤੀ ਗਈ ਹੈ।

## ਰਿਮਾਂਡ 'ਤੇ ਲਏ 3 ਮੁਲਜਮ ਪਿਸ਼ਾਬ ਕਰਨ ਦਾ ਬਹਾਨਾ ਬਣਾ ਕੇ ਹਵਾਲਾਤ ਖੁਲ੍ਹਵਾ ਕੇ ਹੋਏ ਫਰਾਰ

ਜਲੰਧਰ 24 ਫਰਵਰੀ। ਸ਼ਹਿਰ ਵਿਚ ਥਾਣੇ ਤੋਂ ਬਾਅਦ ਹੁਣ ਚੌਕੀ ਵਿਚ ਕਾਂਡ ਹੋ ਗਿਆ ਹੈ। ਪਹਿਲਾਂ ਥਾਣਾ ਨੰਬਰ 1 ਦੇ ਮਾਲਖਾਨੇ ਵਿਚੋਂ ਚੋਰੀ ਕਰ ਕੇ ਇਕ ਚੋਰ ਫਰਾਰ ਹੋ ਰਿਹਾ ਸੀ ਪਰ ਪੁਲਸ ਨੇ ਉਸਨੂੰ ਕਾਬੂ ਕਰ ਲਿਆ ਪਰ ਉਹੀ ਚੋਰ 2 ਹੋਰ ਚੋਰਾਂ ਨਾਲ ਚੌਕੀ ਫੋਕਲ ਪੁਆਇੰਟ ਦੀ ਹਵਾਲਾਤ ਵਿਚੋਂ ਭੱਜ ਨਿਕਲਿਆ, ਹਾਲਾਕਿ 2 ਮੁਲਜਮਾਂ ਨੂੰ ਪੁਲਸ ਨੇ ਪਿੱਛਾ ਕਰ ਕੇ ਕੁਝ ਦੂਰੀ 'ਤੇ ਕਾਬੂ ਕਰ ਲਿਆ ਪਰ ਇਕ ਮੁਲਜਮ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ। ਇਸ ਮਾਮਲੇ ਨੂੰ ਲੈ ਕੇ ਕੋਈ ਵੀ ਪੁਲਸ ਅਧਿਕਾਰੀ ਬੋਲਣ ਨੂੰ ਤਿਆਰ ਨਹੀਂ ਹੈ। ਸੂਤਰਾਂ ਦੀ ਮੰਨੀਏ ਤਾਂ ਥਾਣੇ ਵਿਚ ਚੋਰੀ ਕਰਨ ਦੇ ਕੇਸ 'ਚ ਫੜਿਆ ਗੌਤਮ, ਨਰਿੰਦਰ ਅਤੇ ਰਾਜਵੰਤ ਰਿਮਾਂਡ 'ਤੇ ਸਨ, ਜਿਨ੍ਹਾਂ ਨੂੰ ਚੌਕੀ ਫੋਕਲ ਪੁਆਇੰਟ ਦੀ ਹਵਾਲਾਤ ਵਿਚ ਰੱਖਿਆ ਹੋਇਆ ਸੀ। ਸੋਮਵਾਰ ਰਾਤ ਉਕਤ ਮੁਲਜਮਾਂ ਨੇ ਪਿਸ਼ਾਬ ਕਰਨ ਦਾ ਬਹਾਨਾ ਬਣਾ ਕੇ ਹਵਾਲਾਤ ਨੂੰ ਖੁਲ੍ਹਵਾਇਆ। ਹਵਾਲਾਤ ਖੋਲ੍ਹਣ ਵਾਲੇ ਪੁਲਸ ਮੁਲਾਜਮ ਗੱਲਾਂ ਵਿਚ ਰੁੱਝੇ ਹੋਏ ਸਨ, ਜਿਸ ਦਾ ਫਾਇਦਾ ਚੁੱਕ ਕੇ ਗੌਤਮ, ਨਰਿੰਦਰ ਅਤੇ ਰਾਜਵੰਤ ਹਵਾਲਾਤ ਵਿਚੋਂ ਨਿਕਲਦੇ ਹੀ ਭੱਜ ਗਏ। ਪੁਲਸ ਮੁਲਾਜਮ ਨੇ ਰੌਲਾ ਪਾਇਆ ਤਾਂ ਹੋਰਨਾਂ ਮੁਲਾਜਮਾਂ ਦੀ ਮਦਦ ਨਾਲ ਗੌਤਮ ਤੇ ਰਾਜਵੰਤ ਨੂੰ ਕੁਝ ਹੀ ਦੂਰੀ 'ਤੇ ਕਾਬੂ ਕਰ ਲਿਆ ਗਿਆ ਪਰ ਨਰਿੰਦਰ ਫਰਾਰ ਹੋ ਗਿਆ। ਇਸ ਸਬੰਧੀ ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਅਵਤਾਰ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ।

# ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਨੂੰ ਲੈ ਕੇ ਨੀਤੀ ਆਯੋਗ ਦੀ ਰਿਪੋਰਟ, ਦਾਲਾਂ-ਤੇਲ ਬੀਜਾਂ ਦੇ ਉਤਪਾਦਨ ਵਧਾਉਣ 'ਤੇ ਜੋਰ ਜਰੂਰੀ

ਸਰਦੂਲ ਸਿੰਘ

ਬਿਜਨੈੱਸ ਡੈਸਕ 24 ਫਰਵਰੀ। ਪਿਛਲੇ ਕਾਫੀ ਦਿਨਾਂ ਤੋਂ ਦੇਸ਼ ਦੀਆਂ ਸਰਹੱਦਾਂ 'ਤੇ ਕਿਸਾਨਾਂ ਦਾ ਅੰਦੋਲਨ ਜਾਰੀ ਹੈ। ਘੱਟੋ-ਘੱਟ ਸਮਰਥਨ ਮੁੱਲ () ਨੂੰ ਕਾਨੂੰਨੀ ਬਣਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਹਜਾਰਾਂ ਦੀ ਗਿਣਤੀ ਵਿਚ ਕਿਸਾਨ ਪੁਲਸ ਨਾਲ ਝੜਪ ਕਰ ਰਹੇ ਹਨ, ਜਿਸ ਕਾਰਨ ਕਈ ਕਿਸਾਨ ਜਖਮੀ ਹੋ ਗਏ। ਇਸ ਮਾਮਲੇ ਦੇ ਸਬੰਧ ਵਿਚ ਨੀਤੀ ਆਯੋਗ ਦੀ ਸਾਹਮਣੇ ਆਈ ਇੱਕ ਨਵੀਂ ਰਿਪੋਰਟ ਅਨੁਸਾਰ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਕਣਕ ਅਤੇ ਚੌਲਾਂ ਦੀ ਬਜਾਏ ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਵਧਾਉਣੀ ਪਵੇਗੀ। ਦੱਸ ਦੇਈਏ ਕਿ ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਗਲੇ 23 ਸਾਲਾਂ ਵਿੱਚ ਯਾਨੀ 2047-48 ਤੱਕ ਦੇਸ਼ ਵਿੱਚ ਦਾਲਾਂ ਅਤੇ ਤੇਲ ਬੀਜਾਂ ਦੀ ਮੰਗ ਉਤਪਾਦਨ ਤੋਂ ਵੱਧ ਜਾਵੇਗੀ ਅਤੇ ਇਸ ਨੂੰ ਕੰਟਰੋਲ ਕਰਨ ਲਈ ਕਣਕ-ਝੋਨੇ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਵੱਲ ਮੁੜਨਾ ਪਵੇਗਾ। ਸੂਤਰਾਂ ਅਨੁਸਾਰ ਖੇਤੀਬਾੜੀ ਵਿੱਚ ਮੰਗ ਅਤੇ ਸਪਲਾਈ ਦੇ ਅਨੁਮਾਨਾਂ ਬਾਰੇ ਕਾਰਜ ਸਮੂਹ ਦੀ ਇਹ ਰਿਪੋਰਟ ਮੰਗਲਵਾਰ ਨੂੰ ਜਾਰੀ ਕੀਤੀ ਗਈ, ਜਿਸ ਦੇ ਅਨੁਸਾਰ ਭਾਰਤ ਵਿੱਚ ਦਾਲਾਂ



ਦਾ ਉਤਪਾਦਨ 2047-48 ਤੱਕ ਵਧ ਕੇ 47 ਮਿਲੀਅਨ ਟਨ ਹੋ ਜਾਵੇਗਾ, ਜੋ ਪਿਛਲੇ ਸਾਲ ਵਿੱਚ ਲਗਭਗ 23 ਮਿਲੀਅਨ ਟਨ ਸੀ। ਰਿਪੋਰਟ ਮੁਤਾਬਕ ਤੇਲ ਬੀਜਾਂ ਦੀ ਮੰਗ 2047-48 ਤੱਕ ਵਧ ਕੇ 3.1 ਕਰੋੜ ਟਨ ਹੋ ਜਾਵੇਗੀ, ਜੋ 2019-20 ਵਿੱਚ 2.2 ਕਰੋੜ ਟਨ ਸੀ। ਪਰ ਇਸ ਮਿਆਦ ਦੇ ਦੌਰਾਨ ਖਾਣ ਵਾਲੇ ਤੇਲ ਦਾ ਉਤਪਾਦਨ 2019-20 ਵਿੱਚ 1.2 ਕਰੋੜ ਟਨ ਤੋਂ ਵਧ ਕੇ ਸਿਰਫ 2.4 ਕਰੋੜ ਟਨ ਹੋ ਜਾਵੇਗਾ। ਅਜਿਹੀ ਸਥਿਤੀ 'ਚ ਮੰਗ ਅਤੇ ਸਪਲਾਈ 'ਚ ਕਰੀਬ 70 ਲੱਖ ਟਨ ਦਾ ਅੰਤਰ ਹੋਵੇਗਾ। ਇਸ ਸਮੇਂ ਦੌਰਾਨ ਮੰਗ ਵਧ ਕੇ ਲਗਭਗ 4. ਕਰੋੜ ਟਨ ਹੋ ਜਾਵੇਗੀ, ਜਿਸ ਕਾਰਨ ਲਗਭਗ 20 ਲੱਖ ਟਨ ਦਾਲਾਂ ਦੀ ਘਾਟ ਹੋ ਜਾਵੇਗੀ। ਇਸ ਦੇ ਨਾਲ ਹੀ ਚੌਲਾਂ ਦੀ ਮੰਗ 2030-31 ਵਿੱਚ 11 ਕਰੋੜ ਟਨ ਅਤੇ 2047-48 ਵਿੱਚ 11.4 ਕਰੋੜ ਟਨ ਰਹਿਣ ਦਾ ਅਨੁਮਾਨ ਹੈ, ਜਦੋਂ ਕਿ ਆਮ ਹਾਲਤਾਂ ਵਿੱਚ ਇਸ ਦਾ ਉਤਪਾਦਨ 2030-31 ਵਿੱਚ 14.5 ਕਰੋੜ ਟਨ ਅਤੇ 2047-48 ਵਿੱਚ 15.4 ਕਰੋੜ ਟਨ ਹੋਣ ਦੀ ਸੰਭਾਵਨਾ ਹੈ। ਭਵਿੱਖ ਦੀ ਮੰਗ ਨੂੰ ਪੂਰਾ ਕਰਨ ਲਈ ਕਣਕ ਦਾ ਉਤਪਾਦਨ ਵੀ ਕਾਫੀ ਹੋਣ ਦੀ ਉਮੀਦ ਹੈ। ਇੰਨਾ ਹੀ ਨਹੀਂ 2030-31 ਵਿਚ 1.9 ਤੋਂ 2.6 ਕਰੋੜ ਟਨ ਅਤੇ 2047-48 ਵਿਚ 4 ਤੋਂ 6.7 ਕਰੋੜ ਟਨ ਕਣਕ ਸਰਪਲੱਸ ਹੋ ਸਕਦੀ ਹੈ। ਨੀਤੀ ਆਯੋਗ ਦੀ ਰਿਪੋਰਟ ਅਨੁਸਾਰ 2030-31 ਵਿੱਚ ਅਨਾਜ ਦੀ ਮੰਗ 32.6 ਤੋਂ 33.4 ਕਰੋੜ ਟਨ ਅਤੇ 2047-48 ਵਿੱਚ 40.2 ਤੋਂ 43.7 ਕਰੋੜ ਟਨ ਰਹਿਣ ਦਾ ਅਨੁਮਾਨ ਹੈ।

## ਨੌਕਰੀਆਂ 'ਚ ਮੁਸਲਮਾਨਾਂ ਦੀ ਹਿੱਸੇਦਾਰੀ 6.8 ਫੀਸਦੀ ਘਟੀ, ਹਿੰਦੂਆਂ ਦੀ ਗਿਣਤੀ 'ਚ 3 ਗੁਣਾ ਵਾਧਾ

ਬਿਜਨੈੱਸ ਡੈਸਕ 24 ਫਰਵਰੀ। ਦੇਸ਼ ਵਿੱਚ ਪਿਛਲੇ 5 ਸਾਲਾਂ ਵਿੱਚ ਨੌਕਰੀਆਂ ਮਿਲਣ ਵਿੱਚ ਧਾਰਮਿਕ ਘੱਟ ਗਿਣਤੀ ਸਮੂਹਾਂ ਦੀ ਹਿੱਸੇਦਾਰੀ ਘੱਟ ਹੋਈ ਹੈ। ਕੇਂਦਰ ਸਰਕਾਰ ਦੇ ਅਧੀਨ ਲੇਬਰ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਵਿੱਤੀ ਸਾਲ 2019 ਤੋਂ ਬਾਅਦ ਮੁਸਲਿਮ ਭਾਈਚਾਰੇ ਵਿੱਚ ਨਿਯਮਤ ਤਨਖਾਹਦਾਰ ਸਟਾਫ ਵਜੋਂ ਕੰਮ ਕਰਨ ਵਾਲੇ ਲੋਕਾਂ ਦੀ ਹਿੱਸੇਦਾਰੀ ਵਿੱਚ ਗਿਰਾਵਟ ਆਈ ਹੈ। ਇਹ ਗਿਰਾਵਟ ਸਭ ਤੋਂ ਵੱਧ 6.8 ਫੀਸਦੀ ਦਰਜ ਕੀਤੀ ਗਈ ਹੈ। ਦੱਸ ਦੇਈਏ ਕਿ ਵਿੱਤੀ ਸਾਲ 2018-19 ਵਿੱਚ ਉਨ੍ਹਾਂ ਦੀ ਹਿੱਸੇਦਾਰੀ 22.1 ਫੀਸਦੀ ਤੋਂ ਘਟ ਕੇ




2022-23 ਵਿੱਚ 15.3 ਫੀਸਦੀ ਰਹਿ ਗਈ ਹੈ। ਨੌਕਰੀਆਂ ਨੂੰ ਲੈ ਕੇ ਇਸਾਈ ਭਾਈਚਾਰੇ ਵਿੱਚ 3.2 ਫੀਸਦੀ ਅਤੇ ਸਿੱਖਾਂ ਵਿੱਚ 2.5 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਬਹੁਗਿਣਤੀ ਹਿੰਦੂ ਭਾਈਚਾਰੇ ਵਿੱਚ 2.3 ਫੀਸਦੀ ਦੀ ਗਿਰਾਵਟ ਆਈ ਹੈ, ਜੋ ਸਭ ਤੋਂ ਘੱਟ ਦਰਜ ਕੀਤੀ ਹੈ। ਇਸ ਮਾਮਲੇ ਦੇ ਸਬੰਧ ਵਿਚ ਬਾਥ ਯੂਨੀਵਰਸਿਟੀ ਦੇ ਵਿਜ਼?ਟਿੰਗ ਪ੍ਰੋਫੈਸਰ ਸੰਤੋਸ਼ ਮਹਿਰੋਤਰਾ ਦਾ ਕਹਿਣਾ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਵੱਡੀ ਗਿਣਤੀ ਵਿਚ ਨੌਕਰੀਆਂ ਮਿਲ ਰਹੀਆਂ ਹਨ। ਮਹਾਂਮਾਰੀ ਤੋਂ ਬਾਅਦ ਨਿਰਮਾਣ ਅਤੇ ਸੇਵਾਵਾਂ ਵਰਗੇ ਦੋਵੇਂ ਮਹੱਤਵਪੂਰਨ ਖੇਤਰ ਰੁਜਗਾਰ ਦੇ ਬਿਹਤਰ ਮੌਕੇ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹਨ। ਇਸ ਦਾ ਸਭ ਤੋਂ ਵੱਧ ਪ੍ਰਭਾਵ ਮੁਸਲਮਾਨਾਂ 'ਤੇ ਪਿਆ ਹੈ, ਜੋ ਸ਼ਹਿਰੀ ਖੇਤਰਾਂ ਵਿੱਚ ਵਧੇਰੇ ਗਿਣਤੀ ਵਿੱਚ ਰਹਿ ਰਹੇ ਹਨ।